ਜਹ ਗਿਆਨ ਪ੍ਰਗਾਸੁ ਅਗਿਆਨ ਮਿਟੰਤੁ
GIAN
ਗੁਰਮਤਿ ਗਿਆਨ

ਅਗਸਤ 2025

# ਗੁਰਮਤਿ ਵਿਰਸਾ

GURMAT VIRSA ਗੁਰਮਤਿ ਵਿਰਸਾ

Year-7, Issue-1, August 2025, Ludhiana gurmatvirsa@gmail.com Multilingual Price 25/-




## ਭਾਰਤ ਦੀ ਆਜ਼ਾਦੀ ਅਤੇ ਪੰਜਾਬ







## ਪਿੰਡਾਂ ਅਤੇ ਸ਼ਹਿਰਾਂ ਵਿਚ ਲੱਗੇ ਗੁਰਮਤਿ ਕੈਂਪਾਂ ਵਿਚ ਸੈਂਕੜੇ ਸਕੂਲੀ ਬੱਚਿਆਂ ਨੇ ਕੀਤੀ ਸ਼ਿਰਕਤ

# ਪੰਜਾਬ ਅਤੇ ਭਾਰਤ ਦੇ ਹੋਰ ਪਿੰਡ/ਸ਼ਹਿਰਾਂ ਵਿਚ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਵੱਡੀ ਗਿਣਤੀ ਵਿਚ ਕੈਂਪ ਲਗਾਏ ਗਏ ਜਿਸ ਵਿਚ ਸੈਂਕੜੇ ਬੱਚਿਆਂ ਨੇ ਭਾਗ ਲਿਆ।


ਕੇਂਦਰ ਤਰਨਤਾਰਨ ਦੇ ਪਿੰਡ ਰੂੜੇਆਸਲ ਵਿਖੇ ਬੱਚਿਆਂ ਦਾ ਗੁਰਮਤਿ ਕੈਂਪ ਲਗਾਇਆ। ਉਪਰੰਤ ਬੱਚਿਆਂ ਨੂੰ ਸ਼ੀਡਲਾਂ ਤੇ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ।


ਕੇਂਦਰ ਤਰਨਤਾਰਨ ਦੇ ਪਿੰਡ ਪਲਾਸੌਰ ਵਿਖੇ ਬੱਚਿਆਂ ਦਾ ਗੁਰਮਤਿ ਕੈਂਪ ਲਗਾਇਆ। ਉਪਰੰਤ ਬੱਚਿਆਂ ਨੂੰ ਸ਼ੀਡਲਾਂ ਤੇ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ।


ਕੇਂਦਰ ਚੱਕ ਕਲਾਂ ਵਿਖੇ ਲੱਗੇ ਗੁਰਮਤਿ ਕੈਂਪ ਵਿਚ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।


ਕੇਂਦਰ ਲਤਾਲਾ ਵਿਖੇ ਲੱਗੇ ਗੁਰਮਤਿ ਕੈਂਪ ਦੌਰਾਨ ਬੱਚੇ ਦਸਤਾਰ ਮੁਕਾਬਲੇ ਵਿਚ ਹਿੱਸਾ ਲੈਂਦੇ ਹੋਏ।


ਸ਼ਹਿਰ ਉਜੈਨ (ਮੱਧ ਪ੍ਰਦੇਸ਼) ਵਿਖੇ ਲੱਗੇ ਗੁਰਮਤਿ ਕੈਂਪ ਦੌਰਾਨ ਵੱਡੀ ਗਿਣਤੀ 'ਚ ਬੱਚਿਆਂ ਨੇ ਭਾਗ ਲਿਆ।


ਪਿੰਡ ਉਮਰਟੀ, ਬੜਵਾਨੀ (ਮੱਧ ਪ੍ਰਦੇਸ਼) ਵਿਖੇ ਲੱਗੇ ਗੁਰਮਤਿ ਕੈਂਪ ਬੱਚੇ ਭਾਗ ਲੈਂਦੇ ਹੋਏ।


ਪਿੰਡ ਸਿਗਨੂਰ, ਖਰਗੋਨ (ਮੱਧ ਪ੍ਰਦੇਸ਼) ਵਿਖੇ ਲੱਗੇ ਗੁਰਮਤਿ ਕੈਂਪ ਬੱਚੇ ਭਾਗ ਲੈਂਦੇ ਹੋਏ।


ਕੇਂਦਰ ਪਰਿੰਗੜੀ ਵਿਖੇ ਲੱਗੇ ਗੁਰਮਤਿ ਕੈਂਪ ਵਿਚ ਹਿੱਸਾ ਲੈ ਰਹੇ ਬੱਚੇ।


ਕੇਂਦਰ ਅੱਪਰਾ ਦੇ ਪਿੰਡ ਭਾਰ ਸਿੰਘ ਪੁਰਾ ਵਿਖੇ ਲੱਗੇ ਗੁਰਮਤਿ ਕੈਂਪ ਦੌਰਾਨ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ


ਕੇਂਦਰ ਅੱਪਰਾ ਦੇ ਪਿੰਡ ਥਲਾ ਵਿਖੇ ਲੱਗੇ ਗੁਰਮਤਿ ਕੈਂਪ ਦੌਰਾਨ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ

# ਗੁਰਮਤਿ ਵਿਰਸਾ

ਅਗਸਤ 2025 (ਮਾਸਿਕ ਮੈਗਜ਼ੀਨ)



**ਮੁੱਖ ਸੰਪਾਦਕ** : ਰਾਣਾ ਇੰਦਰਜੀਤ ਸਿੰਘ
**ਸੰਪਾਦਕ** : ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ** : ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ**: ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ**: ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org



**ਸੰਪਾਦਕੀ ਬੋਰਡ**: ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ**: ਐਡਵੋਕੇਟ ਜਸਪਾਲ ਸਿੰਘ ਚੁੱਘ


## ਸਾਵਣ-ਭਾਦੋਂ ਮਹੀਨੇ ਦੇ ਖਾਸ ਦਿਹਾੜੇ

- ਮੋਰਚਾ ਗੁਰੂ ਕਾ ਬਾਗ : 24 ਸਾਵਣ (8 ਅਗਸਤ)
- ਗੁਰੂ ਨਾਨਕ ਸਾਹਿਬ ਵਲੋਂ ਜਨੇਊ ਤੋਂ ਨਾਂਹ : 2 ਭਾਦੋਂ (17 ਅਗਸਤ)
- ਜੋੜ ਮੇਲਾ ਬਾਬਾ ਬਕਾਲਾ : 10 ਭਾਦੋਂ (25 ਅਗਸਤ)
- ਸੰਪੂਰਨ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ : 15 ਭਾਦੋਂ (30 ਅਗਸਤ)


Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.

**Editor- Gurbachan Singh Panwa ***
Responsible for collection of all Printed matter as per PRB Act

**Registration Number of the Newspaper**
**PUNMUL/2019/78309**


## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?


| | |
|---|---|
| ਸੰਪਾਦਕੀ | 4 |
| ਸਵਾਲ ਜਵਾਬ | 7 |
| ਸ਼ਬਦ ਵਿਚਾਰ | 8 |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਬਾਰੇ ਵਹਿਮ | 9 |
| ਭਾਰਤ ਦੀ ਆਜ਼ਾਦੀ ਅਤੇ ਪੰਜਾਬ | 10 |
| ਪ੍ਰਗਟ ਗੁਰਾਂ ਕੀ ਦੇਹ? | 14 |
| ਸ਼ਤਾਬਦੀਆਂ ਇਵੇਂ ਮਨਾਈਏ | 17 |
| ਵਹਿਮਾਂ, ਭਰਮਾਂ, ਤੰਤ੍ਰ-ਮੰਤ੍ਰ-ਜੰਤ੍ਰ, ਜਾਦੂ-ਟੂਣੇ, ਅੰਧ-ਵਿਸ਼ਵਾਸਾਂ... | 19 |
| ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ | 20 |
| ਨੰਨੇ ਵਾਰਸ | 22 |
| ਨਾਗਾਸਾਕੀ ’ਤੇ 100 ਸੂਰਜਾਂ ਦਾ ਕਹਿਰ | 24 |
| ਪਾਣੀਆਂ ਨੂੰ ਕੁਦਰਤੀ ਦਰਿਆਈ ਮਾਰਗ ਵੱਲੋਂ ਮੋੜਨਾ | 26 |
| ਬੱਚੇ ਨੂੰ ਸਰਬਪੱਖੀ ਬਣਾਉਂਦੀਆਂ ਹਨ ਸਹਿ ਪਾਠਕ੍ਰਮ ਕਿਰਿਆਵਾਂ | 27 |
| ਜਦੋਂ 10 ਸਾਲ ਬਾਅਦ ਕਤਲ ਕੇਸ ਹੱਲ ਹੋਇਆ | 28 |
| ਕਾਵਿ ਕਿਆਰੀ | 29 |
| ਵਾਤਾਵਰਨ ਦੀ ਸੰਭਾਲ | 31 |
| ਕੈਂਪਾਂ ਦੀ ਸੰਖੇਪ ਰਿਪੋਰਟ | 32 |
| **अरदास की शक्ति** | **33** |
| Bhagat Surdas Ji | 34 |
| ਸਾਡੀ ਖੇਤੀ | 36 |
| ਸਿਹਤ ਸੰਭਾਲ | 38 |
| ਗੁਰਮਤਿ ਸੰਜੋਗ | 40 |
| ਜੂਨ ਮਹੀਨੇ ਦੀਆਂ ਸਰਗਰਮੀਆਂ | 41 |





## ਜ਼ਰੂਰੀ ਸੂਚਨਾਵਾਂ


- ‘ਗੁਰਮਤਿ ਵਿਰਸਾ’ ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

**ਸੰਪਾਦਕੀ**



# ਪੰਥ ਪ੍ਰਵਾਨਤ ਸਿੱਖ ਰਹਿਤ ਮਰਿਯਾਦਾ ਨੂੰ ਨਾ ਮੰਨਣ ਵਾਲੇ ਪੰਥ ਹਤੈਸ਼ੀ ਨਹੀਂ ਹੋ ਸਕਦੇ

ਸਿੱਖ ਕੌਮ ਨਾਲ ਸਬੰਧ ਰੱਖਣ ਵਾਲੇ ਤੱਖਤਾਂ ਦੀ ਕੁੱਲ ਗਿਣਤੀ ਪੰਜ ਹੈ। ਇਨ੍ਹਾ ਵਿਚੋਂ ਤਖ਼ਤ ਹਜ਼ੂਰ ਸਾਹਿਬ ਨਾਦੇੜ ਤੇ ਤਖ਼ਤ ਪਟਨਾ ਸਾਹਿਬ ਦੇਸ ਪੰਜਾਬ ਤੋਂ ਬਾਹਰ ਹਨ, ਜਦ ਕਿ ਤਖ਼ਤ ਕੇਸਗੜ੍ਹ ਸਾਹਿਬ ਅਨੰਦਪੁਰ, ਤਖ਼ਤ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਤੇ ਪ੍ਰਮੁੱਖ ਤਖ਼ਤ ਸ੍ਰੀ ਅਕਾਲ ਤਖ਼ਤ ਅੰਮ੍ਰਿਤਸਰ ਵਿਖੇ ਸੁਭਾਇਮਾਨ ਹੈ। ਤਖ਼ਤ ਫ਼ਾਰਸੀ ਦਾ ਸ਼ਬਦ ਹੈ ਇਸ ਦਾ ਅਰਥ ਹੈ-ਸ਼ਾਹੀ ਸਿੰਘਾਸਣ, ਜਿਸ ਉੱਤੇ ਬੈਠ ਕੇ ਰਾਜੇ ਮਹਾਰਾਜੇ ਆਪਣਾ ਸਾਸ਼ਨ ਚਲਾਉਂਦੇ ਹਨ।

ਅਕਾਲ ਤਖ਼ਤ ਦਾ ਮੁੱਢ ਥੜਾ ਸਾਹਿਬ ਤੋਂ ਬੱਝਦਾ ਹੋਇਆ ਅਕਾਲ ਬੁੰਗਾ ਬਣਿਆ ਤੇ ਫਿਰ ਅਕਾਲ ਤਖ਼ਤ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ। ਇਹ ਤਖ਼ਤ ਸਮੇਂ ਦੀ ਪਾਬੰਦੀ ਵਿੱਚ ਨਹੀਂ ਆਉਂਦਾ ਤੇ ਨਾ ਹੀ ਨਾਸ਼ਮਾਨ ਹੈ। ਇਸ ਦਾ ਫਲਸਫਾ ਸੱਚ ਸਰੂਪ ਤੇ ਰੱਬੀ ਗੁਣਾਂ ਦੇ ਅਧਾਰਤ ਹੈ।



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਤਖਤ ਸਬੰਧੀ ਵਿਦਵਾਨਾਂ ਦੀ ਆਪਣੀ ਆਪਣੀ ਰਾਏ ਹੋ ਸਕਦੀ ਹੈ ਪਰ ਅਸੀਂ ਚੱਲ ਰਹੇ ਵਰਤਾਰੇ ਸਬੰਧੀ ਵਿਚਾਰ ਕਰਨੀ ਹੈ। ਇੱਕ ਵਿਦਵਾਨ ਦੇ ਬੋਲ ਬਹੁਤ ਭਾਵਪੂਰਤ ਹਨ—"ਸਿੱਖੀ ਵਿੱਚ ਅਕਾਲ ਤਖ਼ਤ ਕੋਈ ਵਿਅਕਤੀ ਸਮੂਹ ਦੀਆਂ ਗਤੀ ਵਿਧੀਆਂ ਦਾ ਕੇਂਦਰ ਨਹੀਂ ਹੈ। ਇਹ 'ਤੇ ਗੁਰੂ ਪੰਥ ਦੀ ਨਿਰਪੱਖ-ਸੁਤੰਤਰ ਪ੍ਰਭੂਸਤਾ ਤੇ ਸੰਪੰਨ ਸੰਸਥਾ ਹੈ"। ਇਸ ਦਾ ਬੋਲਬਾਲਾ ਨਿਰਪੱਖ, ਨਿਰਭਉ, ਨਿਰਵੈਰ ਤੇ ਦੁਖੀਏ ਦੀ ਫਰਿਆਦ ਸੁਣਨ ਵਿੱਚ ਸਾਕਾਰ ਹੁੰਦਾ ਹੈ। ਬੇ-ਇਨਸਾਫ਼ੀ, ਜ਼ੁਲਮ ਦੇ ਵਿਰੋਧ ਤੇ ਧੱਕੇਸ਼ਾਹੀ ਅੱਗੇ ਅੜਦਾ, ਡਟਦਾ ਤੇ ਖੜਦਾ ਹੈ। ਅਣਖ਼, ਸਵੈਮਾਣ, ਗ਼ੈਰਤ ਤੇ ਖ਼ੁਦਮੁਖਤਿਆਰੀ ਦਾ ਪ੍ਰਤੀਕ ਹੈ। ਹਰ ਵਰਤਾਰੇ ਵਿੱਚ ਅਕਾਲ ਤੱਖਤ ਤੋਂ ਆਏ ਹੁਕਮਨਾਮੇ ਨੂੰ ਸਿੱਖ ਅਵਾਮ ਮੰਨਦਾ ਆ ਰਿਹਾ ਹੈ। ਸ਼ਰਤ ਇਹ ਹੈ ਕਿ ਆਇਆ ਹੁਕਮ ਨਾਮਾ ਇੱਕ ਪਾਸੜ ਨਾ ਹੋਵੇ।

ਦੁੱਖ ਇਸ ਗੱਲ ਦਾ ਹੈ ਕਿ ਪਿੱਛਲੇ ਕੁਝ ਸਮੇਂ ਤੋਂ ਰਾਜਨੀਤਿਕ ਝੋਲੀਚੁੱਕ ਨੇ ਅਕਾਲ ਤਖ਼ਤ ਦੀ ਮਹਾਨਤਾ ਨੂੰ ਆਪਣੇ ਨਿੱਜੀ ਸੌੜੇ ਹਿੱਤਾਂ ਲਈ ਵਰਤਿਆ ਹੈ। ਇਹ ਸਾਰਾ ਕੁਝ ਇਤਿਹਾਸ ਦੀ ਹਿੱਕ ਵਿੱਚ ਪਿਆ ਹੋਇਆ ਹੈ।ਅਕਾਲੀ ਦਲ ਬਾਦਲ ਨੇ ਸਚਾਈ ਦੀਆਂ ਕਦਰਾਂ ਕੀਮਤਾਂ ਨੂੰ ਇੱਕ ਪਾਸੇ ਰੱਖ ਕੇ ਆਪਣੇ ਰਾਜਸੀ ਹਿੱਤਾਂ ਤੋਂ ਵੀ ਅਗਾਂਹ ਜਾਂਦਿਆਂ ਕਿੜ੍ਹਾਂ ਕੱਢਣ ਲਈ ਅਕਾਲ ਤੱਖਤ ਨੂੰ ਰੱਜ ਕੇ ਵਰਤਿਆ ਹੈ। ਜੇ 328 ਸਰੂਪ ਗੁਰੂ ਗ੍ਰੰਥ ਸਾਹਿਬ ਜੀ ਪ੍ਰਿੰਟਿੰਗ ਪ੍ਰੈਸ ਵਿਚੋਂ ਗਾਇਬ ਹੁੰਦੇ ਹਨ ਤਾਂ ਤੱਤਕਾਲੀ ਜੱਥੇਦਾਰ ਨੇ ਗੋਂਗਲੂਆਂ ਤੋਂ ਮਿੱਟੀ ਝਾੜੀ ਹੈ। ਵਿਧਾਨ ਸਭਾ ਦੀਆਂ ਚੋਣਾਂ ਸਮੇਂ ਅਕਾਲੀ ਦਲ ਬਾਦਲ ਹਾਰ ਗਿਆ ਪਰ ਚਾਪਲੂਸੀ ਦੀ ਹੱਦ ਮਕਾਉਂਦਿਆਂ ਤੱਤਕਾਲੀ ਜੱਥੇਦਾਰ ਸਿੱਖ ਅਵਾਮ ਨੂੰ ਬਤਮੀਜ਼ ਸ਼ਬਦਾਂ ਨਾਲ ਸੰਬੋਧਨ ਹੁੰਦਾ ਹੈ। ਸਭ ਤੋਂ ਅਹਿਮ ਨੁਕਤਾ ਕਿ ਅਕਾਲ ਤੱਖਤ 'ਤੇ ਅਕਾਲੀ ਦਲ ਬਾਦਲ ਨੇ ਆਪਣਾ ਪ੍ਰਭਾਵ ਵਰਤਦਿਆਂ ਨਾਨਕਸ਼ਾਹੀ ਕੈਲੰਡਰ ਦਾ ਭੋਗ ਪਵਾਇਆ ਤੇ ਜੱਥੇਦਾਰ ਰਾਜਨੀਤਿਕ ਨੇਤਾਵਾਂ ਅੱਗੇ ਕੱਠ ਪੁਤਲੀਆਂ ਵਾਂਗ ਅੱਗੇ ਨੱਚਦੇ ਰਹੇ।

1925 ਤੋਂ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਹੋਂਦ ਵਿੱਚ ਆ ਗਈ। ਨਿਰ ਸੰਦੇਹ ਸ਼੍ਰੋਮਣੀ ਕਮੇਟੀ ਨੇ ਬਹੁਤ ਹੀ ਉੱਚ ਪਾਏ ਦੇ ਕੰਮ ਕੀਤੇ। ਦੇਸ ਪੰਜਾਬ ਦੋ ਟੋਟਿਆਂ ਵਿੱਚ ਵੰਡਿਆ ਗਿਆ ਬਹੁਤ ਸਾਰੇ ਇਤਿਹਾਸਕ ਗੁਰਦੁਆਰੇ ਪੱਛਮੀ ਪੰਜਾਬ ਵਿੱਚ ਰਹਿ ਗਏ ਤੇ ਥੋੜੇ ਇਤਿਹਾਸਕ ਗੁਰਦੁਆਰੇ ਕੁਝ ਪੰਜਾਬ ਵਿਚ ਅਤੇ ਕੁਝ ਬਾਕੀ ਸੂਬਿਆਂ ਵਿੱਚ ਆ ਗਏ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲਣ ਲੱਗ ਪਈ ਤੇ ਇਸ ਦੀ ਰਹਿਨੁਮਾਈ ਹੇਠ ਸੇਵਕ ਜੱਥਾ ਭਾਵ ਸ਼੍ਰੋਮਣੀ ਅਕਾਲੀ ਦਲ ਸਿੱਖੀ ਦੇ ਪ੍ਰਚਾਰ ਵਿੱਚ ਲੱਗ ਗਿਆ। ਹੌਲ਼ੀ ਹੌਲ਼ੀ ਅਕਾਲੀ ਦਲ ਨੇ ਰਾਜਨੀਤੀ ਵਿੱਚ ਭਾਗ ਲੈਣਾ ਸ਼ੁਰੂ ਕਰ ਦਿੱਤਾ। ਅਕਾਲੀਏ ਦੇਸ਼ ਪੰਜਾਬ ਦੀ ਅਜ਼ਾਦੀ ਦੀ ਗੱਲ ਕਰਦਿਆਂ ਮੁਲਕ ਦੀ ਅਜ਼ਾਦੀ ਵਿੱਚ ਕੁੱਦ ਪਏ। ਦੂਸਰਾ ਸ਼੍ਰੋਮਣੀ ਅਕਾਲੀ ਦਲ ਨੇ ਜਿੱਥੇ ਆਪਣਾ ਸੁੰਦਰ ਇਤਿਹਾਸ ਸਿਰਜਿਆ ਹੈ ਓਥੇ ਸ਼੍ਰੋਮਣੀ ਅਕਾਲੀ ਦਲ ਈਰਖਾ ਵੱਸ ਧੜਿਆਂ ਵਿੱਚ ਹਮੇਸ਼ਾਂ ਵੰਡਿਆ ਨਜ਼ਰ ਆਉਂਦਾ ਰਿਹਾ ਹੈ। ਇਹ ਵਰਤਾਰਾ ਅੱਜ ਵੀ ਬਾ-ਦਸਤੂਰ ਓਦਾਂ ਹੀ ਚੱਲ ਰਿਹਾ ਹੈ।

ਮੌਜੂਦਾ ਦੌਰ ਵਿੱਚ ਅਕਾਲੀ ਦਲ ਦੇ ਲੀਡਰਾਂ ਵਿੱਚ ਆਏ ਨਿਗਾਰ ਲਈ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿੱਪ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ। ਸਿੱਖੀ ਸਰੋਕਾਰ ਤੇ ਸਿੱਖੀ ਸਭਿਆਚਾਰ ਤੋਂ ਕੋਰੇ ਲੋਕ ਅਕਾਲੀ ਦਲ ਦੇ ਨੇਤਾ ਬਣ ਗਏ। ਵਰਤਮਾਨ ਵਰਤਾਰੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਇਤਿਹਾਸਕ ਤੇ ਸਿਧਾਂਤਿਕ ਹੋਂਦ ਨੂੰ ਬਹੁਤ ਵੱਡਾ ਖਤਰਾ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੁਪਰੀਮੋ ਪ੍ਰਕਾਸ਼ ਸਿੰਘ ਬਾਦਲ ਨੇ ਮੋਗਾ ਵਿਖੇ ਪੰਜਾਬੀ ਪਾਰਟੀ ਬਣਾ ਧਰਿਆ। ਸਭ ਤੋਂ ਮਾੜੇ ਹਾਲਾਤ ਕਿ ਬਾਦਲ ਪ੍ਰਵਾਰ ਨੇ ਸਮੁੱਚੇ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣੇ ਕਬਜ਼ੇ ਅਧੀਨ ਕਰ ਲਿਆ। ਸਿੱਖੀ ਦੀ ਜੜ੍ਹੀਂ ਤੇਲ ਦੇਣ ਲਈ 2011 ਵਿੱਚ ਸ਼੍ਰੋਮਣੀ ਕਮੇਟੀ ਦੀ ਚੋਣ ਵਿੱਚ ਤੀਹ ਡੇਰੇਦਾਰਾਂ ਨੂੰ ਟਿਕਟਾਂ ਦੇ ਕੇ ਸਿੱਖੀ ਸਿਧਾਂਤ ਨੂੰ ਪੁੱਠਾ ਗੇੜਾ ਦੇ ਦਿੱਤਾ। ਉਹ ਡੇਰੇਦਾਰ ਸਿੱਖੀ ਦੇ ਵਿਹੜੇ ਵਿੱਚ ਆ ਗਏ ਜਿਹੜੇ ਸਿੱਖ ਰਹਿਤ ਮਰਿਯਾਦਾ ਨੂੰ ਖਰੜਾ ਦਸਦੇ ਹਨ।

ਸਾਰੇ ਹਾਲਾਤ ਤੋਂ ਸਿੱਖ ਕੌਮ ਚੰਗੀ ਤਰ੍ਹਾਂ ਵਾਕਫ਼ ਹੋ ਗਈ ਹੈ। ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਾਗ ਡੋਰ ਉਨ੍ਹਾਂ ਹੱਥਾਂ ਵਿੱਚ ਆ ਗਈ ਜਿਨ੍ਹਾਂ ਨੂੰ ਸਿੱਖ ਸਿਧਾਂਤ ਨਾਲ ਕੋਈ ਸਰੋਕਾਰ ਨਹੀਂ ਸੀ। ਜੇ ਜਾਣਕਾਰੀ ਸੀ ਤਾਂ ਇਹੋ ਜਾਣਕਾਰੀ ਸੀ ਕਿ ਸ਼੍ਰੋਮਣੀ ਅਕਾਲੀ ਦਲ ਦਾ ਨਾਂ ਵਰਤ ਕੇ ਪੰਜਾਬ ਦੀ ਸਤਾ ਹਾਸਲ ਕਰਨੀ ਤੇ ਆਪਣੇ ਘਰ ਭਰਨੇ। ਅਕਾਲੀ ਦਲ ਬਾਦਲ ਨੂੰ ਰਾਜ ਚਾਹੀਦਾ ਸੀ ਸਿੱਖ ਸਿਧਾਂਤ ਤੋਂ ਇਨ੍ਹਾਂ ਨੇ ਕੀ ਕਰਾਉਣਾ ਸੀ। ਗੁਰੂ ਗ੍ਰੰਥ ਸਾਹਿਬ ਦੀਆਂ ਬੇ-ਅਦਬੀਆਂ ਹੋਈਆਂ ਬਾਦਲ ਸਰਕਾਰ ਦੇ ਸਮੇਂ, ਨਸ਼ਿਆਂ ਦਾ ਵਪਾਰ ਵੱਧਿਆ ਇਨ੍ਹਾਂ ਦੇ ਰਾਜ ਵਿੱਚ, ਰੇਤ-ਬੱਜਰੀ ਮਾਫ਼ੀਆ ਪੈਦਾ ਹੋਇਆ ਇਨ੍ਹਾਂ ਦੇ ਰਾਜ ਵਿੱਚ। ਪੰਜਾਬ ਵਿੱਚ ਨਸ਼ੇ ਨੇ ਤਬਾਹੀ ਮਚਾਈ ਇਨ੍ਹਾਂ ਦੇ ਰਾਜ ਵਿੱਚ। ਨਸ਼ਿਆਂ ਦੇ ਬਿਰਤਾਂਤ ਵਿੱਚ ਸਭ ਤੋਂ ਨਖਿੱਧ ਕਾਰਗੁਜ਼ਾਰੀ ਅਕਾਲੀ ਦਲ ਬਾਦਲ ਦੇ ਹਿੱਸੇ ਹੀ ਆਉਂਦੀ ਹੈ।

ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਸਤਾ ਦੇ ਨਸ਼ੇ ਵਿੱਚ ਜੱਥੇਦਾਰਾਂ ਨੂੰ ਆਪਣੀ ਕੋਠੀ ਸੱਦ ਕਿ ਕਿਹਾ ਕਿ ਸੌਦਾ ਸਾਧ ਨੂੰ ਮੁਆਫੀ ਦਿਓ। ਗੈਰਤਹੀਣ, ਅਣਖ਼ਹੀਣ ਬੇ-ਲੱਜੇ ਜੱਥੇਦਾਰਾਂ ਨੇ ਸੌਦਾ ਸਾਧ ਨੂੰ ਮੁਆਫ਼ੀ ਦੇਣ ਵਿੱਚ ਇੱਕ ਮਿੰਟ ਨਹੀਂ ਲਾਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 92 ਲੱਖ ਦੇ

ਇਸ਼ਤਿਹਾਰ ਗੁਰੂ ਦੀ ਗੋਲਕ ਵਿਚੋਂ ਅਖ਼ਬਾਰਾਂ ਨੂੰ ਦੇ ਦਿੱਤੇ, ਅਖੇ ਸੌਦਾ ਸਾਧ ਤਾਂ ਹੈ ਈ ਬਹੁਤ ਵਧੀਆ। ਹਾਅ ਤੁਹਾਡਾ ਬੇੜਾ ਬਹਿਜੇ ਅਕਾਲੀਓ! ਅਜੇਹੀ ਸਥਿਤੀ ਵਿੱਚ ਜੱਥੇਦਾਰ ਕੱਖੋਂ ਹੌਲ਼ੇ ਹੋ ਕੇ ਘਰਾਂ ਵਿੱਚ ਬੰਦ ਹੋ ਗਏ। ਆਖ਼ਰ ਬੇਸ਼ਰਮੀ ਨਾਲ ਇਨ੍ਹਾਂ ਨੂੰ ਆਪਣੇ ਅਹੁਦਿਆਂ ਤੋਂ ਆਪ ਹੀ ਹਟਣਾ ਪਿਆ।

ਬਾਦਲ ਦਲੀਆਂ ਨੇ ਅਕਾਲ ਤੱਖਤ ਦੇ ਜੱਥੇਦਾਰਾਂ ਦੀ ਜਦੋਂ ਜੀਅ ਕੀਤਾ ਫੱਟੀ ਪੋਚਤੀ। ਛੱਤਰ ਨਾਲ ਲਿਆਉਂਦੇ ਰਹੇ ਤੇ ਮੁੜ ਛੱਤਰ ਨੂੰ ਸਿਹਾਰੀ ਲਾ ਕੇ ਛਿੱਤਰ ਨਾਲ ਤੋਰਦੇ ਰਹੇ। ਬੇ-ਸ਼ੱਕ ਬਾਦਲ ਪ੍ਰਵਾਰ ਅਕਾਲ ਤੱਖਤ ਨੂੰ ਆਪਣੇ ਹਿੱਤਾਂ ਲਈ ਵਰਤਦਾ ਆ ਰਿਹਾ ਸੀ ਪਰ ਸਿੱਖ ਅਵਾਮ ਨੇ ਤਿੰਨ ਚੋਣਾਂ ਵਿੱਚ ਬਾਦਲ ਦਲ ਨੂੰ ਘਰ ਬੈਠਣ ਲਈ ਮਜ਼ਬੂਰ ਕਰ ਦਿੱਤਾ ਹੈ।

ਇਨ੍ਹਾਂ ਨੇ ਸੋਚਿਆ ਕਿ ਇੱਕ ਵਾਰ ਫਿਰ ਅਕਾਲ ਤਖ਼ਤ ਦੀ ਵਰਤੋਂ ਕਰਕੇ ਆਪਣੇ ਹੱਕ ਵਿੱਚ ਭੁਗਤਾ ਲਈਏ। ਇਸ ਵਾਰ ਬਾਜ਼ੀ ਉਲਟੀ ਪੈ ਗਈ। ਇੱਕ ਸਮੇਂ ਤੱਕ ਕਾਰਜਕਾਰੀ ਜੱਥੇਦਾਰ ਹਰਪ੍ਰੀਤ ਸਿੰਘ ਇਨ੍ਹਾਂ ਦੇ ਹੁਕਮਾਂ ਦੀ ਤਾਮੀਰ ਕਰਦਾ ਰਿਹਾ ਪਰ ਜਦੋਂ ਉਸ ਦੇਖਿਆ ਕੇ ਮੇਰਾ ਹਾਲ ਵੀ ਪਹਿਲੇ ਜੱਥੇਦਾਰਾਂ ਵਰਗਾ ਹੋਣਾ ਤਹਿ ਹੈ ਤਾਂ ਪਾਸਾ ਵੱਟਣ ਲੱਗ ਪਿਆ।




ਅਕਾਲੀ ਦਲ ਬਾਦਲ ਨੇ ਵੀ ਸਮਝ ਲਿਆ ਕਿ ਜੱਥੇਦਾਰ ਹਰਪ੍ਰੀਤ ਸਿੰਘ ਹੁਣ ਸਾਡੇ ਕੰਮ ਦਾ ਨਹੀਂ ਰਿਹਾ, ਇਸ ਲਈ ਨਵਾਂ ਜੱਥੇਦਾਰ ਰਘਬੀਰ ਸਿੰਘ ਲੱਭ ਲਿਆ। ਅਕਾਲੀ ਦਲ ਬਾਦਲ ਨੇ ਸੋਚਿਆ ਕਿ ਨਵੇਂ ਜੱਥੇਦਾਰਾਂ ਨੂੰ ਆਪਣੇ ਹੱਕ ਵਿੱਚ ਭੁਗਤਾ ਲੈਂਦੇ ਹਾਂ। ਇਸ ਵਾਰੀ ਬਾਦਲ ਦਲ ਤੋਂ ਬਾਗੀ ਹੋ ਕੇ ਕੁਝ ਅਕਾਲੀ ਨੇਤਾ ਨੇ ਆਕਾਲ ਤੱਖਤ 'ਤੇ ਪਹੁੰਚ ਕੇ ਆਪਣੀਆਂ ਗਲਤੀਆਂ ਸਵੀਕਾਰ ਕੀਤੀਆਂ। ਅੱਕ ਚੱਬਣ ਵਾਂਗ ਬਾਦਲ ਦਲੀਆਂ ਨੂੰ ਵੀ ਹਾਜ਼ਰ ਹੋਣਾ ਪਿਆ।

ਇਸ ਵਾਰ ਜੱਥੇਦਾਰਾਂ ਨੇ ਥੋੜੀ ਜੇਹੀ ਤੜ੍ਹ ਦਿਖਾਉਂਦਿਆਂ ਥੋੜੇ ਜੇਹੇ ਠੋਸ ਫੈਸਲੇ ਲੈਣ ਦਾ ਜਤਨ ਕੀਤਾ। 2 ਦਸੰਬਰ 2024 ਨੂੰ ਅਕਾਲ ਤੱਖਤ ਦੀ ਫਸੀਲ ਤੋਂ ਜੋ ਹੁਕਮਨਾਮਾ ਆਇਆ ਉਸ ਨੇ ਬਾਦਲ ਦਲ ਤੇ ਬਾਕੀ ਅਕਲੀ ਦਲ ਨੂੰ ਪੈਰਾਂ 'ਤੇ ਖੜੇ ਹੋਣ ਦਾ ਮੌਕਾ ਪ੍ਰਦਾਨ ਕਰਦਾ ਨਜ਼ਰ ਆਉਂਦਾ ਹੈ। ਪਰ ਬਾਦਲ ਦਲੀਏ ਪੂਰੀ ਤਰ੍ਹਾਂ ਅਕਾਲ ਤੱਖਤ ਦੇ ਹੁਕਨਾਮੇ ਤੋਂ ਭਗੌੜੇ ਹੋ ਗਏ। ਸਭ ਤੋਂ ਘਟੀਆ ਰਾਜਨੀਤੀ ਕਰਦਿਆ ਆਪਣੇ ਬੁਣੇ ਜਾਲ ਵਿੱਚ ਆਪੇ ਹੀ ਫਸ ਗਏ। ਸੁਖਬੀਰ ਸਿੰਘ ਬਾਦਲ ਚਾਹੁੰਦਾ ਸੀ ਕਿ ਅਕਾਲ ਤਖਤ ਤੋਂ ਮਾੜਾ ਮੋਟਾ ਫੈਸਲਾ ਕਰਾ ਕੇ ਪਿਛਲੇ ਸਾਰੇ 'ਤੇ ਮਿੱਟੀ ਪਾ ਦਿੱਤੀ ਜਾਏ। ਸਾਰੇ ਵਰਤਾਰੇ ਵਿੱਚ ਸੁਖਬੀਰ ਸਿੰਘ ਬਾਦਲ ਪ੍ਰਧਾਨਗੀ ਕਦੇ ਵੀ ਨਹੀਂ ਛੱਡਣੀ ਚਾਹੁੰਦਾ ਸੀ। 2 ਦਸੰਬਰ 2024 ਦੇ ਫੈਸਲੇ ਅਨੁਸਾਰ ਇੱਕ ਤਾਂ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨਗੀ ਛੱਡਣ ਲਈ ਕਹਿੰਦਾ ਹੈ ਦੂਜਾ ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤਾ ਹੋਇਆ ਫਕਰ-ਏ-ਕੌਮ ਅਵਾਰਡ ਵਾਪਸ ਲਿਆ ਜਾਂਦਾ ਹੈ। ਤੀਜਾ ਸੱਤ ਮੈਂਬਰੀ ਕਮੇਟੀ ਬਣਾ ਕੇ ਅਕਾਲੀ ਦਲ ਦੀ ਨਵੀਂ ਭਰਤੀ ਕੀਤੀ ਜਾਏ ਤੇ ਨਵਾਂ ਪ੍ਰਧਾਨ ਚੁਣਿਆ ਜਾਏ। ਇਹ ਸਾਰਾ ਕੁਝ ਸੁਖਬੀਰ ਸਿੰਘ ਦੀ ਜੁੰਡਲੀ ਨੂੰ ਪ੍ਰਵਾਨ ਨਾ ਹੋਇਆ। ਸੱਤ ਮੈਂਬਰੀ ਕਮੇਟੀ ਤੋਂ ਜੱਥੇਦਾਰ ਧਾਮੀ ਤੇ ਬਡੂੰਗਰ ਧੂੰਆਂ ਮਾਰ ਗਏ ਪਿੱਛੇ ਰਹਿ ਗਈ ਪੰਜ ਮੈਂਬਰੀ ਕਮੇਟੀ।

ਅਕਾਲ ਤੱਖ਼ਤ ਤੋਂ ਹੁਕਮ ਨਾਮੇ ਨੂੰ ਤਾਰਪੀਡੋ ਕਰਨ ਵਿੱਚ ਪ੍ਰਮੁੱਖ ਜੱਥੇਦਾਰ ਰਘਬੀਰ ਸਿੰਘ ਦਾ ਬਹੁਤ ਘਟੀਆ ਰੋਲ ਸਾਬਤ ਹੁੰਦਾ ਹੈ। ਪੰਜ ਮੈਂਬਰੀ ਕਮੇਟੀ ਨੂੰ ਕਹੀ ਜਾਣ ਭਰਤੀ ਕਰਾਓ, ਦੂਜੇ ਪਾਸੇ ਡਾਕਟਰ ਚੀਮੇ ਨੂੰ ਕਹੀ ਜਾਣ ਤੁਸੀਂ ਵੀ ਭਰਤੀ ਕਰੀ ਜਾਓ। ਏੱਥੇ ਜੱਥੇਦਾਰ ਰਘਬੀਰ ਸਿੰਘ ਵੀ ਤਿਲਕ ਗਏ। ਜੱਥੇਦਾਰ ਰਘਬੀਰ ਸਿੰਘ ਦੇ ਘਟੀਆ ਕਿਸਮ ਦੇ ਸਲਾਹਕਾਰਾਂ ਨੇ ਹਾਈ ਕੋਰਟ ਵਿੱਚ ਕੇਸ ਦਰਜ ਕਰਾਕੇ ਜੱਥੇਦਾਰ ਦੀ ਪੂਰੀ ਮਿੱਟੀ ਪੁੱਟੀ। ਅਖ਼ੀਰ ਜੱਥੇਦਾਰ ਨੂੰ ਕੇਸ ਵਾਪਸ ਲੈਣਾ ਪਿਆ।

ਜੱਥੇਦਾਰ ਨੇ ਪੂਰੀ ਤਰ੍ਹਾਂ ਕੜ੍ਹੀ ਘੋਲ਼ਦਿਆਂ ਦੋਹਾਂ ਧਿਰਾਂ ਨੂੰ ਕਹੀ ਜਾਣਾ ਕਿ ਤੁਸੀਂ ਵੀ ਠੀਕ ਹੋ, ਤੁਸੀਂ ਵੀ ਠੀਕ ਹੋ ਆਪਣਾ ਜਲੂਸ ਆਪ ਹੀ ਕੱਢ ਲਿਆ। ਦੁਬਿਧਾ ਵਾਲੀ ਸਥਿੱਤੀ ਵਿੱਚ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਨੇ ਦੋ ਜਥੇਦਾਰਾਂ ਨੂੰ ਇੱਕ ਪਾਸੇ ਕਰ ਦਿੱਤਾ। ਅਵਾਜ਼ਾਂ ਉੱਠੀਆਂ ਜੱਥੇਦਾਰਾਂ ਨੂੰ ਹਟਾਉਣ ਤੇ ਲਾਹੁਣ ਲਈ ਕੋਈ ਵਿਧੀ ਵਿਧਾਨ ਹੋਣਾ ਚਾਹੀਦਾ ਹੈ। ਜੱਥੇਦਾਰ ਧਾਮੀ ਨੇ ਕੱਦੂ ਵਿੱਚ ਤੀਰ ਮਾਰਦਿਆਂ ਜੱਥੇਦਾਰਾਂ ਦੀ ਚੋਣ ਲਈ ਜਿਹੜੀ ਚੋਣ ਕਮੇਟੀ ਬਣਾਈ ਉਸ ਵਿੱਚ ਉਨ੍ਹਾਂ ਲੋਕਾਂ ਨੂੰ ਸ਼ਾਮਿਲ ਕੀਤਾ ਜਿਹੜੇ ਸਿੱਖੀ ਸਰੋਕਾਰਾਂ ਤੋਂ ਪੂਰੀ ਤਰ੍ਹਾਂ ਮੁਨਕਰ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜੱਥੇਦਾਰ ਧਾਮੀ ਨੇ ਡੇਰੇਦਾਰਾਂ ਨਾਲ ਯਾਰੀ ਪੁਗਾਉਂਦਿਆਂ ਜੱਥੇਦਾਰਾਂ ਦੀ ਚੋਣ ਕਮੇਟੀ ਵਿਚ ਸ਼ਾਮਿਲ ਕਰਕੇ ਰਹਿੰਦਾ ਜਲੂਸ ਵੀ ਕੱਢ ਲਿਆ। ਜੇ ਮਾਂ ਹੀ ਪੁੱਤ ਨੂੰ ਜ਼ਹਿਰ ਦੇਣ ਲੱਗ ਪਏ ਤਾਂ ਪੁੱਤ ਦੀ ਕੋਈ ਵੀ ਰਖਵਾਲੀ ਨਹੀਂ ਕਰ ਸਕਦਾ। ਧਾਮੀ ਸਾਹਿਬ ਕਿਹੜੇ ਨਿਯਮਾਂ ਦੀ ਗੱਲ ਕਰ ਰਹੇ ਹੋ, ਕੀ ਜਿਹੜੇ ਪਹਿਲੇ ਬਣੇ ਹਨ ਉਨ੍ਹਾਂ ਨੂੰ ਲਾਗੂ ਕਰ ਲਿਆ ਜੇ?

ਇਸ ਵਿਧੀ ਵਿਧਾਨ ਸਬੰਧੀ ਸੁਖਵਿੰਦਰ ਸਿੰਘ ਦਦੇਹਰ ਵਾਈਸ ਪ੍ਰਿੰਸੀਪਲ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਹੁਰਾਂ ਦੀ ਟਿੱਪਣੀ ਬੜੀ ਭਾਵ ਪੂਰਤ ਹੈ—

ਜਥੇਦਾਰਾਂ ਬਾਰੇ ਵਿਧੀ ਵਿਧਾਨ ਕਮੇਟੀ.....

ਹੁਕਮ, ਨਿਯਮ, ਅਸੂਲ, ਮਰਿਯਾਦਾ ਇਹ ਸ਼ਬਦ ਅਕਾਲ ਪੁਰਖ ਦੀ ਕੁਦਰਤ ਦੇ ਸੁਹਣੇ ਵਰਤਾਰੇ ਦੀ ਖੂਬਸੂਰਤੀ ਪ੍ਰਗਟ ਕਰਦੇ ਹਨ।

ਕੋਈ ਵੀ ਵਰਤਾਰਾ ਮਰਿਯਾਦਾ ਬਿਨਾਂ ਨਹੀਂ ਚੱਲ ਸਕਦਾ।

ਹਰੇਕ ਚੀਜ ਦੇ ਕੋਈ ਅਸੂਲ ਨਿਸਚਤ ਹਨ ਉਹ ਚਾਹੇ ਕੁਦਰਤ ਦਾ ਸਿਲਸਿਲਾ ਹੋਵੇ ਜਾਂ ਕੋਈ ਬੰਦੇ ਦੀ ਆਪਣੀ ਸਿਰਜਣਾ ਹੋਵੇ। ਬੰਦੇ ਨੇ ਜਿਨੀਆਂ ਵੀ ਸੁੱਖ ਸਹੂਲਤਾਂ ਪੈਦਾ ਕੀਤੀਆਂ ਸਭ ਦਾ ਕੋਈ ਵਿਧੀ ਵਿਧਾਨ ਹੈ।

ਸਿੱਖ ਧਰਮ ਦਾ ਮੂਲ ਗੁਰਬਾਣੀ ਹੈ। ਸਿੱਖ ਧਰਮ ਦੀ ਮਰਿਆਦਾ ਗੁਰਬਾਣੀ ਹੈ। ਸਿੱਖ ਧਰਮ ਦੇ ਅਸੂਲਾਂ ਦੀ ਵਿਆਖਿਆ ਗੁਰਬਾਣੀ ਕਰਦੀ ਹੈ। ਗੁਰਬਾਣੀ ਲਿਖਣ ਪੜ੍ਹਨ ਸਮਝਣ ਦੇ ਅਸੂਲ (ਵਿਆਕਰਨ ਨਿਯਮ) ਗੁਰੂ ਅਰਜੁਨ ਸਾਹਿਬ ਜੀ ਨੇ ਗੁਰਬਾਣੀ ਸੰਪਾਦਨਾ ਵੇਲੇ 1604 ਈਸਵੀ 'ਚ ਇਕਸਾਰ ਨਿਸ਼ਚਿਤ ਕੀਤੇ ਹਨ। ਗੁਰਬਾਣੀ ਵਿਚਲੇ ਅਸੂਲ ਸਿੱਖ ਰਹਿਤ ਮਰਿਯਾਦਾ ਰਾਹੀ ਪੰਥ ਨੇ ਸੌਖੇ ਕਰਕੇ ਲਿਖ ਦਿੱਤੇ ਹਨ। ਹੁਕਮ ਅਸੂਲ ਬਹੁਤ ਵੱਡੀ ਮਹੱਤਤਾ ਰਖਦੇ ਹਨ।

ਪਿਛਲੇ ਸਮੇਂ ਤੋਂ ਇੱਕ ਰੌਲਾ ਲਗਾਤਾਰ ਤੁਰਿਆ ਆ ਰਿਹਾ ਤਖ਼ਤਾਂ ਦੇ ਜਥੇਦਾਰਾਂ ਨੂੰ ਲਾਉਣ ਅਤੇ ਲਾਹੁਣ ਬਾਰੇ। ਦੋ ਕੁ ਮਹੀਨਿਆਂ ਤੋਂ ਇਹ ਰੌਲਾ ਬੜਾ ਉੱਚਾ ਚੁੱਕਿਆ ਜਾ ਰਿਹਾ। ਸ਼੍ਰੋਮਣੀ



## ਸੂਚਨਾ

**ਪਾਠਕ ਜਨਾਂ ਦਾ ਕੋਈ ਗੁਰਮਤਿ ਸਬੰਧੀ ਸਵਾਲ ਹੈ ਤਾਂ ਜ਼ਰੂਰ ਲਿਖ ਭੇਜੋ ਜੀ ਅਤੇ ਇਸ ਨੰਬਰ 79733-70542 'ਤੇ ਵਟਸਐੱਪ ਕਰ ਸਕਦੇ ਹੋ।**

ਕਮੇਟੀ ਲੰਮੇ ਸਮੇਂ ਤੋਂ ਜਥੇਦਾਰ ਵੇਦਾਂਤੀ ਦੇ ਸਮੇਂ ਤੋਂ ਹੀ ਟਾਲ ਮਟੋਲ ਕਰਦੀ ਆ ਰਹੀ ਹੈ।

ਹੁਣ 25 ਜੂਨ 2025 ਨੂੰ ਡਿੱਗਦਿਆਂ ਢਹਿੰਦਿਆਂ 34 ਮੈਂਬਰੀ ਕਮੇਟੀ ਬਣਾ ਦਿੱਤੀ ਹੈ। 34 ਮੈਂਬਰੀ ਕਮੇਟੀ ਦੀ ਲਿਸਟ ਚ ਜਿਹੜੇ ਮੈਂਬਰ ਪਾਏ ਗਏ ਉਹਨਾਂ 'ਚ ਬਹੁਤੇ ਤਾਂ ਉਹ ਹਨ ਜਿਹੜੇ ਕਿਸੇ ਵੀ ਪੰਥਕ ਫੈਸਲੇ ਨੂੰ ਮੰਨਣ ਤੋਂ ਇਨਕਾਰੀ ਨੇ। ਨਾ ਮਰਿਯਾਦਾ ਮੰਨਣ, ਨਾ ਗੁਰਬਾਣੀ ਦੇ ਨੇਮ ਮੰਨਣ, ਨਾ ਨਾਨਕਸ਼ਾਹੀ ਕੈਲੰਡਰ ਮੰਨਣ।

ਹਰੇਕ ਜਥੇਬੰਦੀ ਦਾ ਕਹਿਣਾ ਹੈ ਕਿ ਜਥੇਦਾਰਾਂ ਲਈ ਕੋਈ ਵਿਧੀ ਵਿਧਾਨ ਹੋਣਾ ਚਾਹੀਦਾ ਹੈ।

ਹੁਣ ਕੁਝ ਚਰਚਾ ਹੋਰ ਅੱਗੇ ਕਰਦੇ ਹਾਂ ...

ਵਿਧੀ ਵਿਧਾਨ ਕਿੰਨਾ ਵੀ ਮਜਬੂਤ ਹੋਵੇ ਜੇਕਰ ਉਹ ਵਿਧੀ ਵਿਧਾਨ ਲਾਗੂ ਕਰਨ ਵਾਲੇ ਈਮਾਨਦਾਰ ਨਹੀਂ ਹੋਣਗੇ ਤਾਂ ਵਿਧੀ ਵਿਧਾਨ ਕੁੱਝ ਨਹੀਂ ਕਰ ਸਕਦੇ।

ਭਾਰਤ ਦਾ ਕਨੂੰਨ ਬਣਿਆ ਹੈ ਲਿਖਤੀ ਵੀ ਹੈ, ਜਿਥੇ ਲੋੜ ਪੈਂਦੀ ਨਾਲ ਦੀ ਨਾਲ ਸੋਧ ਸੁਧਾਈ ਵੀ ਹੋ ਜਾਂਦੀ। ਪਰ ਉਸ ਕਨੂੰਨ ਨੂੰ ਲਾਗੂ ਕਰਨ ਵਾਲਿਆਂ ਦੀ ਅੱਖ 'ਚ ਨੁਕਸ ਹੈ। ਸ਼ਕਲ, ਧਰਮ, ਬੋਲੀ, ਅਮੀਰ ਗਰੀਬ ਵੇਖਕੇ ਕਨੂੰਨ ਦੀ ਪਾਲਣਾ ਹੁੰਦੀ ਹੈ। ਸਭ ਦੇ ਸਾਹਮਣੇ ਹੈ ਕਿਦਾਂ ਇੱਕੋ ਹੀ ਕਨੂੰਨ ਦੀ ਵਰਤੋਂ ਆਪਦਿਆਂ ਲਈ ਹੋਰ ਹੈ ਤੇ ਪਰਾਇਆਂ ਲਈ ਹੋਰ ਹੈ।

ਸਿੱਖ ਧਰਮ ਦਾ ਮੂਲ ਗੁਰਬਾਣੀ ਹੈ। ਪਰ ਜੇਕਰ ਗੁਰਬਾਣੀ ਦੀ ਵਿਆਖਿਆ ਏਧਰੋਂ ਓਧਰੋਂ ਜਾਂ ਮਨ ਮਰਜੀ ਨਾਲ ਕਰੋਗੇ ਤਾਂ ਨਿਘਾਰ ਜਰੂਰ ਆਵੇਗਾ। ਗੁਰਬਾਣੀ ਸੰਪਾਦਨ ਵੇਲੇ ਗੁਰਬਾਣੀ ਵਿਆਕਰਨ ਦੇ ਮਜਬੂਤ ਨਿਯਮ ਹਨ, ਸ਼੍ਰੋਮਣੀ ਕਮੇਟੀ 70-80 ਸਾਲ ਤੋਂ ਆਪ ਹੀ ਛਾਪਦੀ ਆਉਂਦੀ ਹੈ ਪਰ ਸ਼੍ਰੋਮਣੀ ਕਮੇਟੀ ਆਪ ਹੀ ਨਹੀਂ ਮੰਨਦੀ। ਪੰਥਕ ਇਕਸਾਰਤਾ ਲਈ ਸਿੱਖ ਰਹਿਤ ਮਰਿਆਦਾ ਹੈ ਪਰ ਲਾਗੂ ਕੌਣ ਕਰੇ? ਹੁਣ ਜਥੇਦਾਰਾਂ ਦੇ ਲਾਹੁਣ ਅਤੇ ਹਟਾਉਣ ਦੇ ਨਿਯਮ ਬਣ ਜਾਣਗੇ ਪਰ ਵਰਤਣੇ ਕਿਸ ਨੇ? ਜਦੋਂ ਦੀ ਸਿੱਖ ਰਹਿਤ ਮਰਿਯਾਦਾ ਬਣਨ ਤੋਂ ਬਾਅਦ ਅਤੇ ਗੁਰਬਾਣੀ ਵਿਆਕਰਨ ਦੇ ਸਰਲ ਨੇਮ (ਸ਼ਬਦਾਰਥ ਪੋਥੀ ਪਹਿਲੀ ਦੇ ਅਰੰਭ 'ਚ ਵੀ ਹੈ) ਲੱਖਾਂ ਦੀ ਗਿਣਤੀ 'ਚ ਛਾਪਣ ਤੇ ਵੰਡਣ ਤੋਂ ਬਾਅਦ ਵੀ ਪਾਠ ਫਿਰ ਮਨਮਰਜੀ ਨਾਲ ਹੀ ਕਰਨਾ ਹੈ। ਜਥੇਦਾਰਾਂ ਬਾਰੇ ਵਿਧੀ ਵਿਧਾਨ ਲਿਖ ਕੇ ਛਾਪੀ ਜਾਓ, ਪੜੀ ਜਾਓ।

**ਕਿਹੜੇ ਵਿਧੀ ਵਿਧਾਨ ਦੀ ਪਾਲਣਾ ਹੋ ਰਹੀ .....**

1. ਗੁਰਬਾਣੀ ਦੇ ਵਿਆਕਰਨ ਨੇਮ ਛਾਪਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਗੁਰਦੁਆਰਿਆਂ 'ਚ ਉਹ ਲਾਗੂ ਕਿਉਂ ਨਹੀਂ?
2. ਸਿੱਖ ਰਹਿਤ ਮਰਿਆਦਾ ਲਾਗੂ ਕਰਨ ਦੀ ਥਾਂ ਸਿੱਖ ਰਹਿਤ ਮਰਿਯਾਦਾ ਦੀਆਂ ਹੀ ਧੱਜੀਆਂ ਕੌਣ ਉਡਾ ਰਿਹਾ?।
3. ਜਥੇਦਾਰਾਂ ਬਾਰੇ ਨਿਯਮ ਬਣ ਜਾਣਗੇ ਪਰ ਲਾਗੂ ਉਹਨਾਂ ਹੀ ਕਰਨੇ ਨੇ ਜਿਨਾਂ ਨੇ ਆਪੇ ਬਣਾ ਕੇ ਛਾਪ ਕੇ ਸਿੱਖ ਰਹਿਤ ਮਰਿਯਾਦਾ ਨਹੀਂ ਮੰਨੀ। ਜਿਨ੍ਹਾਂ ਨੇ ਗੁਰਬਾਣੀ ਪੜ੍ਹਨ ਸਮਝਣ ਦੇ ਨੇਮ ਲਿਖੇ ਛਾਪੇ ਪਰ ਆਪ ਹੀ ਨਹੀਂ ਮੰਨੇ।

ਜਦੋਂ ਕੰਮ ਹੀ ਰਾਜਸੀ ਦਬਾ ਥੱਲੇ ਹੋਣਾ ਉਤਲਿਆਂ ਦਾ ਹੁਕਮ ਹੀ ਮੰਨਣਾ, ਜਾਂ ਵੋਟਾਂ ਖਾਤਰ ਡੇਰਿਆਂ ਦੀਆਂ ਹੀ ਲਿਲਕੜੀਆਂ ਕੱਢਣੀਆਂ ਫਿਰ ਕਾਹਦੇ ਨਿਯਮ?

ਨਾਨਕਸ਼ਾਹੀ ਕੈਲੰਡਰ ਪਾਸ ਨਹੀਂ ਹੋਇਆ ਸੀ? ਕਿੰਨੇ ਪਾਸ ਕੀਤਾ ਸੀ? ਰੱਦ ਕਿੱਦਾਂ ਹੋਇਆ? ਕੌਣ ਸੀ ਰੱਦ ਕਰਵਾਉਣ ਵਾਲਾ? ਸੌਦੇ ਸਾਦ ਦੀ ਬਿਨ ਮੰਗਿਆਂ ਮੁਆਫੀ ਕਿਦਾਂ ਹੋਈ, ਕੌਣ ਮੁਆਫੀ ਦੇ ਗਿਆ, ਨਿਯਮ ਕਿਥੇ ਸੀ? ਸ਼੍ਰੋਮਣੀ ਕਮੇਟੀ ਇਸ ਵਰਤਾਰੇ ਨੂੰ ਠੀਕ ਸਾਬਤ ਕਰਦੀ ਹੋਈ ਇਸ਼ਤਿਹਾਰਾਂ ਉਤੇ ੯੨ ਲੱਖ ਰੁਪਿਆ ਖਰਚਤਾ, ਕਿਥੇ ਸੀ ਨਿਯਮ? ੨ ਦਸੰਬਰ ਤੋਂ ਬਾਅਦ ਜਥੇਦਾਰ ਨਿਸ਼ਾਨੇ ਤੇ ਕਿਉਂ ਆ ਗਏ? ਕਿਉਂਕਿ ਮੁਖੀਏ ਲਈ ਸਜਾ ਸਖਤ ਸੀ? ਕਿਉਂਕਿ ਮੁਖੀਆ ਨਰਾਜ ਹੋ ਗਿਆ ਸੀ? ਗਿਆਨੀ ਹਰਪ੍ਰੀਤ ਸਿੰਘ ਨੂੰ ਜਲੀਲ ਕਰਨ ਲਈ ਕੀ ਕੁੱਝ ਕੋਲੋਂ ਘੜ ਲਿਆ, ਕਿਉਂਕਿ ਹਟਾਉਣਾ ਸੀ। ਦੂਜੇ ਦੋ ਜਥੇਦਾਰ ਕੀ ਕਹਿ ਕੇ ਲਾਹੇ ਸੀ?

ਸੋ ਨਿਯਮ, ਮਰਿਯਾਦਾ, ਅਸੂਲ ਕਿਉਂ ਲਿਖੀ ਜਾਣੇ, ਛਾਪੀ ਜਾਣੇ ਜਦੋਂ ਕਿ ਕਰਨੀ ਤਾਂ ਮਨ ਮਰਜੀ ਆ?

ਦਰਬਾਰ ਸਾਹਿਬ ਦੇ ਗ੍ਰੰਥੀ ਲਾਉਣ ਲੱਗਿਆਂ ਪਿੱਛਲੇ ਸਮੇਂ ਨਿਯਮ ਵਰਤੇ ਸੀ ਕਿ ਮੁਖੀਏ ਦੇ ਹੁਕਮ? ਡੇਰੇਦਾਰ ਕਿਦਾਂ ਲੱਗ ਗਏ ਰਾਤੋ ਰਾਤ ਪੱਗਾਂ ਬਦਲ ਕੇ?। ਰਹਿਤ ਮਰਿਆਦਾ ਅਤੇ ਗੁਰਬਾਣੀ ਨੇਮਾਂ ਦੀਆਂ ਧੱਜੀਆਂ ਉਡਾਉਣ ਵਾਲੇ ਪਾਸ ਕਿਦਾਂ ਹੋ ਗਏ?

ਐਵੇਂ ਲੋਕਾਂ ਨੂੰ ਕਮਲੇ ਨਾ ਬਣਾਓ ਕੰਮ ਚਲਾਈ ਜਾਓ ਜਿਦਾਂ ਚੱਲਦਾ?

ਕੁੱਝ ਜਥੇਬੰਦੀਆਂ ਜਾਂ ਪ੍ਰਚਾਰਕਾਂ ਵਾਸਤੇ ਸ਼੍ਰੋਮਣੀ ਕਮੇਟੀ ਮੱਥੇ ਵੱਟ ਪਾਈ ਰੱਖਦੀ ਹੈ, ਪਰ ਰਹਿਤ ਮਰਿਆਦਾ ਅਤੇ ਗੁਰਮਤਿ ਸਿਧਾਤਾਂ ਦੀਆਂ ਧੱਜੀਆਂ ਉਡਾਉਣ ਵਾਲੇ, ਸ਼੍ਰੋਮਣੀ ਕਮੇਟੀ ਦੀਆਂ ਹੀ ਜੜਾਂ ਵੱਢਣ ਵਾਲੇ ਸ਼੍ਰੋਮਣੀ ਕਮੇਟੀ ਦੀਆਂ ਸਟੇਜਾਂ ਦਾ ਸ਼ਿੰਗਾਰ ਹੁੰਦੇ ਨੇ। ਕਿਥੇ ਨੇ ਨਿਯਮ?

ਕਾਪੀਆਂ ਕਾਲੀਆਂ ਕਰ ਕਰ ਰੱਖੀ ਜਾਓ।

ਪਹਿਲਾਂ ਨਿਯਮ ਮੰਨਣ ਵਾਲੀ ਸੂਝ ਬੂਝ ਅਤੇ ਦ੍ਰਿੜ੍ਹਤਾ ਹਾਸਲ ਕਰੋ।

ਜਥੇਦਾਰ ਲਾਉਣ ਵੇਲੇ ਜੇਕਰ ਲੀਡਰਾਂ ਦੀ ਨਦਰ ਸਵੱਲੀ ਹੋਈ ਸ਼ਿਫਾਰਸ਼ ਤਕੜੀ ਹੋਈ ਤਾਂ ਫੇਲ ਨੇ ਵੀ ਪਾਸ ਹੋ ਜਾਣਾ, ਜੇਕਰ ਹਟਾਉਣਾ ਹੋਇਆ ਤਾਂ ਕਿਤਿਓਂ ਵੀ ਕੋਈ ਵੀ ਨਿੱਕਾ ਮੋਟਾ ਕੇਸ ਤਿਆਰ ਕਰ ਲੈਣਾ ਤੇ ਲਾਹ ਦੇਣਾ। ਵਿਆਖਿਆ ਤਾਂ ਨਿਯਮਾਂ ਦੀ ਇਹਨਾਂ ਹੀ ਕਰਨੀ ਆ। ਸੌਦੇ ਸਾਧ ਦੀ ਮੁਆਫੀ ਵਾਂਗੂੰ ਜਾਂ ਗਿਆਨੀ ਹਰਪ੍ਰੀਤ ਸਿੰਘ ਨੂੰ ਹਟਾਉਣ ਵਾਂਗੂੰ। ਤੁਹਾਡਾ ਆਪਣਾ ਹੀ ਰਾਜ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 34 ਮੈਂਬਰੀ ਜੋ ਕਮੇਟੀ ਗਠਨ ਕੀਤੀ ਗਈ ਹੈ ਉਸ ਵਿੱਚ ਅਜੇਹੀਆਂ ਸੰਸਥਾਵਾਂ ਦੇ ਨੁਮਾਇਮਦੇ ਪਾਏ ਗਏ ਹਨ ਜੋ ਪੰਥ ਰਹਿਤ ਮਰਿਯਾਦਾ ਨੂੰ ਮੰਨਦੇ ਹੀ ਨਹੀਂ ਹਨ। ਅਜੇਹੀ ਸਥਿਤੀ ਵਿੱਚ ਉਹ ਨੁਮਾਇੰਦੇ ਪੰਥਕ ਸੋਚ 'ਤੇ ਕਿਦਾਂ ਪਹਿਰਾ ਦੇਣਗੇ? ਸਾਡੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੁਰਜ਼ੋਰ ਬੇਨਤੀ ਹੈ ਕਿ ਇਸ ਕਮੇਟੀ ਵਿੱਚ ਨਿਰੋਲ ਪੰਥ ਹਤਾਇਸ਼ੀ ਵਿਦਵਾਨ ਹੀ ਹੋਣੇ ਚਾਹੀਦੇ ਹਨ।

-0-


# ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**
**ਗੁਰਮਤਿ ਵਿਰਸਾ**
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ

**M:** 79733-70542
**Email:** gurmatvirsa@gmail.com

# ਪਾਠਕਾਂ ਦੇ ਸਵਾਲਾਂ ਦੇ ਜਵਾਬ

-ਗੁਰਮਤਿ ਵਿਰਸਾ
ਬਿਊਰੋ

**1. ਸਵਾਲ- ਬਦ-ਨਜ਼ਰ ਤੋਂ ਕੀ ਭਾਵ ਹੈ?**

**ਜਵਾਬ**—ਬਦ ਨਜ਼ਰ ਭਾਵ ਭੈੜੀ ਨਜ਼ਰ। ਅਗਿਆਨੀ ਸਮਝਦੇ ਹਨ ਕਿ ਬਦ-ਨਜ਼ਰ ਦਾ ਬੁਰਾ ਅਸਰ ਹੁੰਦਾ ਹੈ, ਅਰ ਉਸ ਤੋਂ ਬਚਣ ਵਾਸਤੇ ਅਵਿਦਿਆ ਦੇ ਅਨੇਕ ਕਰਮ ਕਰਦੇ ਹਨ, ਜੋ ਸਿੱਖ ਧਰਮ ਵਿਚ ਨਿੰਦਿਤ ਹਨ।

ਗੁਰਬਾਣੀ ਵਾਕ ਹੈ—

**ਰਾਮ ਨਾਮੁ ਜੋ ਜਨੁ ਜਪੈ ਅਨਦਿਨੁ ਸਦ ਜਾਗੈ॥ ਤੰਤੁ ਮੰਤੁ ਨਹ ਜੋਹਈ ਤਿਤੁ ਚਾਖੁ ਨਾ ਲਾਗੈ॥** (817)

**2. ਸਵਾਲ- ਅਸੀਂ ਮੱਥਾ ਕਿਉਂ ਟੇਕਦੇ ਹਾਂ?**

**ਜਵਾਬ**—ਅਹੰਕਾਰ ਦੇ ਨਾਸ਼ ਕਰਨ ਵਾਸਤੇ ਔਰ ਨਿੰਮਰਤਾ ਦੇ ਪ੍ਰਚਾਰ ਹਿੱਤ, ਤਥਾ ਆਤਮ ਸਮਰਪਤਨ ਦੀ ਸੂਚਨਾ ਲਈ ਨਮਸਕਾਰ ਦਾ ਉਪਦੇਸ਼ ਹੈ, ਪਾਖੰਡ ਅਤੇ ਕਪਟ ਭਰੀ ਪ੍ਰਣਾਮ ਦਾ ਨਿਸ਼ੇਧ ਹੈ।

**ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ॥**
**ਕਰਿ ਡੰਡਉਤ ਪੁਨੁ ਵਡਾ ਹੇ॥** (13)

ਅਤੇ

**ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ॥**
**ਨਮਸਕਾਰ ਡੰਡਉਤਿ ਬੰਦਨਾ ਅਨਿਕ ਬਾਰ ਜਾਉ ਬਾਰੈ॥** (820)

ਜਿਹੜਾ ਦਿਖਾਵੇ ਦੀ ਡੰਡਉਤ ਕਰਦਾ ਹੈ ਗੁਰਬਾਣੀ ਉਸ ਸਬੰਧੀ ਫੁਰਮਾਉਂਦੀ ਹੈ—

**ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥**
**ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥** (470)

**3. ਸਵਾਲ- ਨਾਸਤਿਕ ਤੋਂ ਕੀ ਭਾਵ ਹੈ?**

**ਜਵਾਬ**—ਜੋ ਸਰਵ ਵਿਆਪੀ ਕਰਤਾਰ ਦੀ ਹੋਂਦ ਅਤੇ ਕਰਮ ਫ਼ਲ ਦਾ ਵਿਸ਼ਵਾਸ ਨਹੀਂ ਕਰਦਾ, ਉਹ ਨਾਸਤਿਕ ਹੈ, ਪਰ ਸਭ ਨਾਸਤਿਕਾਂ ਦਾ ਸਰਦਾਰ ਉਹ ਹੈ ਜੋ ਆਪਣੇ ਤਾਂਈ ਆਸਤਿਕ ਪ੍ਰਗਟ ਕਰਦਾ ਹੋਇਆ ਪੂਰਾ ਨਾਸਤਿਕ ਹੈ ਜਿਵੇਂ—

ਗੁਰੂ ਗ੍ਰੰਥ ਜੂ ਮਾਨਿਓ ਪਰਗਟ ਗੁਰਾਂ ਕੀ ਦੇਹ ਦਾ ਵਾਕ ਨਿੱਤ ਪੜ੍ਹਦਾ ਤਾਂ ਹੈ ਪਰ ਚੋਰੀ, ਜਾਰੀ, ਨਿੰਦਾ, ਗਾਲ਼ੀ ਆਦਿ ਪਾਪ ਕਰਮਾਂ ਨੂੰ ਨਹੀਂ ਤਿਆਗਦਾ।

'ਏਕੁ ਪਿਤਾ ਏਕਸ ਕੇ ਹਮ ਬਾਰਿਕ'

ਤੁਕ ਦਾ ਪਾਠ ਕਰਕੇ ਨੀਚ-ਨਾਚ ਆਖ ਕੇ ਲੋਕਾਂ ਨੂੰ ਧੱਕੇ ਮਾਰਦਾ ਹੈ।

'ਸਭੁ ਕੋ ਮੀਤੁ ਆਪਨ ਕੀਨਾ'

ਪਾਠ ਪੜ੍ਹਦਾ ਹੋਇਆ ਧੜੇ-ਬੰਦੀਆਂ ਰਚ ਕੇ ਫੁੱਟ ਦਾ ਬੀਜ ਬੀਜਦਾ ਹੈ। ਭਾਵ ਇਹ ਹੈ ਕਿ ਜਿਸ ਦੀ ਆਪਣੇ ਧਰਮ ਦੇ ਉਪਦੇਸ਼ਾਂ ਤੇ ਸ਼ਰਧਾ ਨਹੀਂ, ਜੋ ਮੁੱਖੋਂ ਪੜ੍ਹਦਾ ਹੈ ਉਸ ਦੇ ਉਲਟ ਅਮਲ ਕਰਦਾ ਹੈ, ਉਹ ਨਾਸਤਿਕ ਹੈ।

**4. ਸਵਾਲ- ਨਾਮ ਤੋਂ ਕੀ ਭਾਵ ਹੈ?**

**ਜਵਾਬ**—ਕਿਸੇ ਵਸਤੂ ਦਾ ਬੋਧ ਕਰਾਉਣ ਵਾਲਾ ਸ਼ਬਦ ਨਾਮ ਹੈ। ਨਾਮ ਦੇ ਦੋ ਮੁਖ ਭੇਦ ਹਨ ਇਕ ਵਸਤੂ ਵਾਚਕ—ਮਨੁੱਖ, ਬੈਲ, ਪਹਾੜ ਤੇ ਦੂਜਾ ਭਾਵ ਵਾਚਕ—ਸੁੰਦਰਤਾ, ਕਠੋਰਤਾ, ਭਲਾਮਾਣਸ ਆਦਿ।

ਗੁਰਬਾਣੀ ਵਿਚ ਨਾਮ ਕਰਤਾਰ ਅਤੇ ਉਸ ਦੇ ਹੁਕਮ ਬੋਧਕ ਸ਼ਬਦਾਂ ਲਈ ਵਰਤਿਆ ਹੈ ਜਿਸ ਤਰ੍ਹਾਂ—

**ਨਾਮ ਕੇ ਧਾਰੇ ਸਗਲੇ ਜੰਤ॥**
**ਨਾਮ ਕੇ ਧਾਰੇ ਖੰਡ ਬ੍ਰਹਮੰਡ॥** (284)

**5. ਸਵਾਲ- ਨਾਮ ਸਿਮਰਨ ਤੋਂ ਕੀ ਭਾਵ ਹੈ?**

**ਜਵਾਬ**—ਜੋ ਗੁਣਾਂ ਰੂਪੀ ਰੱਬ ਨੂੰ ਸਮਝਕੇ ਵਿਚਾਰਦਾ ਹੈ ਉਹ ਮਨ 'ਚ ਬੁਰਾ ਸੰਕਲਪ ਨਹੀਂ ਆਉਣ ਦਿੰਦਾ। ਮਨ, ਬਚ, ਕਰਮ ਕਰਕੇ ਇਕਸਾਰਤਾ ਚ ਰਹਿਣ ਵਾਲਾ ਨਾਮ ਜਪ ਰਿਹਾ ਹੈ।

**ਉਸਤਤਿ ਮਨ ਮਹਿ ਕਰਿ ਨਿਰੰਕਾਰ॥**
**ਕਰਿ ਮਨ ਮੇਰੇ ਸਤਿ ਬਿਉਹਾਰ॥** (281)

**6. ਸਵਾਲ- ਕੀ ਘੰਟਿਆ ਬੱਧੀ ਨਾਮ ਸਿਮਰਨਾ ਚਾਹੀਦਾ ਹੈ?**

**ਜਵਾਬ**—ਗੁਰਬਾਣੀ ਸਿਧਾਂਤ ਨੂੰ ਸਮਝਣ ਦੀ ਲੋੜ ਹੈ। ਸਿਮਰਨ ਸਮੇਂ ਦਾ ਪਾਬੰਦ ਨਹੀਂ ਹੈ। ਹਰੇਕ ਸਮੇਂ ਰੱਬੀ ਰਜ਼ਾ ਵਿਚ ਵਿਚਰਨਾ ਹੈ। "ਆਖਾ ਜੀਵਾ ਵਿਸਰੈ ਮਰਿ ਜਾਉ"॥ ਸਚਾ ਸਿਮਰਣ ਇਹ ਹੈ ਕਿ ਦੂਜਾ ਚਿੱਤ ਨਾ ਆਵੇ

**7. ਸਵਾਲ- ਗੁਰਮਤਿ ਅਨੁਸਾਰ ਨਾਮ ਦਾ ਮਨੋਰਥ ਕੀ ਹੈ?**

**ਜਵਾਬ**—ਭਾਈ ਕਾਹਨ ਸਿੰਘ ਜੀ ਨਾਭਾ ਗੁਰਮਤਿ ਮਾਰਤੰਡ ਦੇ ਪੰਨਾ 620 'ਤੇ ਲਿਖਦੇ ਹਨ--ਕਰਤਾਰ ਨਾਮ ਅਰ ਰੂਪ ਤੋਂ ਰਹਿਤ ਹੈ। ਪਰ ਮਾਹਨ ਭਾਵ ਵਿਦਵਾਨਾਂ ਨੇ ਸਤ, ਚੇਤਨ ਅਤੇ ਅਨੰਦ ਰੂਪ ਵਰਣਨ ਕੀਤਾ ਹੈ। ਪ੍ਰਭੂ ਦੇ ਗੁਣ ਕਰਮਾਂ ਨੂੰ ਪ੍ਰਗਟ ਕਰਨ ਵਾਲੇ ਅਨੰਤ ਨਾਮ ਕਲਪਨਾ ਕਰੇ ਹਨ। ਗੁਰੂ ਨਾਨਕ ਸਾਹਿਬ ਜੀ ਨੇ ਮੰਗਲਾ ਚਰਨ ਵਿਚ ਰੱਬੀ ਗੁਣਾਂ ਦਾ ਵਰਣਨ ਕੀਤਾ ਹੈ। ਸੂਖਮ ਵਿਚਾਰ ਤੋਂ ਬਿਨਾਂ ਨਾਮ ਦੇ ਭਾਵ ਨੂੰ ਜਾਨਣਾ ਕਠਿਨ ਹੈ। ਭਾਈ ਸਾਹਿਬ ਜੀ ਅੱਗੇ ਲਿਖਦੇ ਹਨ ਕਿ ਸਿਧਾਂਤ ਇਹ ਹੈ ਕਿ ਸਭ ਨਾਵਾਂ ਦਾ ਲੱਕਸ਼ ਵਾਹਿਗੁਰੂ ਨੂੰ ਜਾਨਣਾ ਹੈ ਅਤੇ ਮਨ, ਬਚਨ ਤੇ ਕਰਮਾਂ ਨੂੰ ਸਫਲ ਕਰਨਾ ਹੈ।

**ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤ ਹੈ ਜੋ ਨਾਮਿ ਹਰਿ ਰਾਤੇ॥** (648)

**8. ਸਵਾਲ- ਕੀ ਤੀਰਥਾਂ ਦਾ ਇਸ਼ਨਾਨ ਜਾਂ ਹੋਰ ਕਰਮ ਕਰਨੇ ਵੀ ਕੋਈ ਨਾਮ ਦਾ ਹਿੱਸਾ ਹੈ?**

**ਜਵਾਬ**—ਭਾਰਤ ਵਿਚ ਰੱਬ ਦੀ ਪ੍ਰਾਪਤੀ ਲਈ ਕਈ ਪ੍ਰਕਾਰ ਦੇ ਧਰਮ ਕੀਤੇ ਜਾਂਦੇ ਹਨ ਪਰ ਗੁਰਬਾਣੀ ਨੇ ਫੋਕਟ ਦੇ ਕਰਮਾਂ ਨੂੰ ਨਿਕਾਰਦਿਆਂ ਕਹਿਆ ਹੈ ਕਿ ਕੇਵਲ ਰੱਬੀ ਗੁਣਾਂ ਨੂੰ ਸਮਝ ਕੇ ਜੀਵਨ ਦਾ ਹਿੱਸਾ ਬਣਾਉਣ ਨਾਲ ਜ਼ਿੰਦਗੀ ਦੇ ਮਹੱਤਵ ਦੀ ਸਮਝ ਆ ਸਕਦੀ ਹੈ—

**ਇਕਿ ਤੀਰਥਿ ਨਾਵਹਿ ਅੰਨੁ ਨ ਖਾਵਹਿ॥**
**ਇਕਿ ਅਗਨਿ ਜਲਾਵਹਿ ਦੇਹ ਖਪਾਵਹਿ॥**
**ਰਾਮ ਨਾਮ ਬਿਨੁ ਮੁਕਤਿ ਨਾ ਹੋਈ ਕਿਤੁ ਬਿਧਿ ਪਾਰਿ ਲੰਘਾਈ ਹੇ॥** (1025)

**9. ਸਵਾਲ- ਕੀ ਨਾਮ ਧਿਆਉਣ ਨਾਲ ਕੋਈ ਪ੍ਰਾਪਤੀ ਹੁੰਦੀ ਹੈ?**

**ਜਵਾਬ**---ਨਾਮ ਧਿਆਉਣ ਦਾ ਅਰਥ ਹੈ ਰੱਬੀ ਗੁਣਾਂ ਨੂੰ ਜੀਵਨ ਵਿਚ ਢਾਲਣਾ।

**ਗੁਨ ਕਹੁ ਹਰਿ ਲਹੁ ਕਰਿ ਸੇਵਾ ਸਤਿਗੁਰ ਇਵ ਹਰਿ ਹਰਿ ਨਾਮੁ ਧਿਆਈ॥** (669)

ਸਿਧਾਤ ਇਹ ਹੈ ਕਿ ਜੋ ਨਿਰਭਉ ਸਿਮਰ ਕੇ ਭੈ ਰਹਿਤ ਨਹੀਂ ਹੋਇਆ, ਨਿਰਭਉ ਨੂੰ ਧਿਆ ਕਿ ਕਿਸੇ ਨਾਲ ਦਿਲੀ ਵੈਰ ਰੱਖਦਾ ਹੈ, ਪਤਿਤ ਪਾਵਨ ਆਖਦਾ ਹੋਇਆ ਛੂਤ-ਛਾਤ ਦੇ ਬੰਧਨਾਂ ਵਿੱਚ ਬੱਧਾ ਹੈ, ਪਤਿਤ ਪਾਵਨ ਆਖਦਾ ਹੋਇਆ ਮੌਤ ਤੋਂ ਡਰਦਾ ਹੈ ਅਜੇਹਾ ਨਾਮ ਸਿਮਰਨ ਕੇਵਲ ਪਾਖੰਡ ਹੈ। ਨਾਮ ਧਿਆਉਣ ਦਾ ਭਾਵ ਗੁਰ-ਗਿਆਨ ਦੁਆਰਾ ਆਤਮਿਕ ਸੂਝ ਪੈਦਾ ਕਰਨ ਤੋਂ ਹੈ।

**10. ਸਵਾਲ- ਕੀ ਕਿਸੇ ਸ਼ਬਦ ਨੂੰ ਬਾਰ ਬਾਰ ਬੋਲਣਾ ਨਾਮ ਸਿਮਰਨ ਹੈ?**

**ਜਵਾਬ**—ਕਿਸੇ ਸ਼ਬਦ ਨੂੰ ਬਾਰ ਬਾਰ ਬੋਲੀ ਜਾਣਾ ਨਾਮ ਸਿਮਰਣ ਵਿਚ ਨਹੀਂ ਆਉਂਦਾ ਇਸ ਸਬੰਧੀ ਗੁਰਬਾਣੀ ਵਾਕ ਹੈ—ਰਾਮ ਰਾਮ ਸਭੁ ਕੋ ਕਹੈ ਕਹਿਐ, ਕਹੀਐ ਰਾਮੁ ਨ ਹੋਇ॥

**ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥** (491) ਅਤੇ

**ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ॥**
**ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ॥** (565)

ਇਸ ਸਬੰਧੀ ਕਬੀਰ ਸਾਹਿਬ ਜੀ ਦਾ ਬੜਾ ਪਿਆਰਾ ਵਾਕ ਹੈ—

**ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ॥**
**ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ॥** (1374)



# ਸ਼ਬਦ ਵਿਚਾਰ

## ਜਿਉਂਦੀਆਂ ਜੂਨਾਂ ਹੀ ਜੂਨਾਂ



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਸਿੱਖ ਪ੍ਰਵਾਰਾਂ ਵਿੱਚ ਜਦੋਂ ਕੋਈ ਪ੍ਰਾਣੀ ਚੜ੍ਹਾਈ ਕਰ ਜਾਂਦਾ ਹੈ ਤਾਂ ਸ਼ਬਦ ਗੁਰਬਾਣੀ ਦਾ ਲਿਆ ਜਾਂਦਾ ਹੈ ਪਰ ਵਿਆਖਿਆ ਗਰੜ ਪੁਰਾਣ ਦੀ ਕੀਤੀ ਜਾਂਦੀ ਹੈ। ਅਜਿਹੇ ਮੌਕੇ ’ਤੇ ਰਾਗੀਆਂ ਪ੍ਰਚਾਰਕਾਂ ਵਲੋਂ ਲੋਕਾਂ ਨੂੰ ਏਦਾਂ ਡਰਾਇਆ ਜਾਂਦਾ ਹੈ ਜਿਵੇਂ ਇਹ ਸਾਰੀਆਂ ਜੂਨਾਂ ਇਹਨਾਂ ਨੇ ਆਪ ਦੇਖੀਆਂ ਹੋਣ ਜਾਂ ਭੋਗ ਕੇ ਆਏ ਹੋਣ। ਮਰਣ ਉਪਰੰਤ ਵਾਲੇ ਜੀਵਨ ਦੀਆਂ ਕਹਾਣੀਆਂ ਅਜੀਬੋ ਗਰੀਬ ਘੜੀਆਂ ਹੋਈਆਂ ਹਨ। ਬ੍ਰਾਹਮਣੀ ਵਿਚਾਰ ਬੜਾ ਪ੍ਰਬਲ ਹੈ ਕਿ ਮਨੁੱਖ ਆਪਣੇ ਜਨਮ ਤੋਂ ਪਹਿਲਾਂ ਚਉਰਾਸੀ ਲੱਖ ਜੂਨਾਂ ਭੋਗ ਕੇ ਅਇਆ ਹੈ ਤੇ ਅਗਾਂਹ ਵੀ ਇਸ ਨੇ ਚੁਰਾਸੀ ਲੱਖ ਜੂਨਾਂ ਭੋਗਣੀਆਂ ਹਨ। ਅਸਲ ’ਚ ਜੋ ਵਰਤਮਾਨ ਵਿਚ ਭੋਗ ਰਿਹਾ ਹੈ ਉਸ ਦਾ ਇਸ ਨੂੰ ਕੋਈ ਖ਼ਿਆਲ ਨਹੀਂ ਹੈ।

ਮਨੁੱਖ ਨੇ ਆਪ ਹੀ ਨਿਰਧਾਰਤ ਕਰ ਲਿਆ ਹੈ ਸ਼ਾਇਦ ਮੇਰੀ ਜੂਨ ਦੂਜੀਆਂ ਜੂਨਾਂ ਨਾਲੋਂ ਵਧੀਆ ਹੈ ਜਦਕਿ ਕਿਸੇ ਵੀ ਜੂਨ ਵਿੱਚ ਕੋਈ ਵੀ ਮਰਨ ਲਈ ਤਿਆਰ ਨਹੀਂ ਹੈ। ਹਰ ਜੂਨ ਆਪਣੇ ਆਪਣੇ ਥਾਂ ਖੁਸ਼ ਹੈ।

ਵੱਖ-ਵੱਖ ਜੂਨਾਂ ਅਸੀਂ ਸੁਭਾਅ ਕਰਕੇ ਹੀ ਭੋਗ ਰਹੇ ਹਾਂ। ਇਹ ਸੁਭਾਅ ਵਾਲ਼ੀਆਂ ਜੂਨਾਂ ਤੋਂ ਛੁਟਕਾਰਾ ਏਸੇ ਜਨਮ ਵਿੱਚ ਹੀ ਮੁਆਫ਼ ਹੋ ਸਕਦਾ ਹੈ ਜਦੋਂ ਅਸੀਂ ਆਪਣਾ ਸੁਭਾਅ ਤਬਦੀਲ ਕਰ ਲਵਾਂਗੇ। ਰੰਗ-ਬਰੰਗੀ ਬੰਦਗੀ, ਬੇ-ਦਲੀਲਾਂ ਸਿਮਰਣ ਤੇ ਪੁਜਾਰੀ ਵਲੋਂ ਨਿਰਧਾਰਤ ਕੀਤੇ ਹੋਏ ਕਰਮ-ਕਾਂਡ ਤੇ ਦਾਨ-ਪੁੰਨ ਦੇਣ ਨਾਲ ਕਦੇ ਵੀ ਵਰਤਮਾਨ ਜੀਵਨ ’ਚ ਜੂਨਾਂ ਤੋਂ ਨਹੀਂ ਬਚ ਸਕਦਾ।

**ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥**
**ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥੩੩॥**

(੧੩੫੬)

**ਅਰਥ**-— ਜਿਹੜਾ ਬੰਦਾ ਸਤਿਗੁਰੂ ਦੇ ਉਪਦੇਸ਼ ਤੋਂ ਸੱਖਣਾ ਹੈ, ਉਸ ਭੈੜੀ ਬੁਧਿ ਵਾਲੇ ਦਾ ਜੀਵਨ ਫਿਟਕਾਰ-ਯੋਗ ਹੈ। ਉਹ ਮੂਰਖ ਕੁੱਤੇ ਸੂਰ ਖੋਤੇ ਕਾਂ ਸੱਪ ਦੇ ਬਰਾਬਰ (ਜਾਣੋ)।

**ਵਿਚਾਰ ਚਰਚਾ—**

1. ਕੀ ਸਿੱਖੀ ਸਿਧਾਂਤ ਅਨੁਸਾਰ ਮਨੁੱਖ ਮਰ ਕੇ ਕਿਸੇ ਹੋਰ ਜੂਨ ਵਿੱਚ ਜਾਂਦਾ ਹੈ? ਕੀ ਅਗਾਂਹ ਜਿੰਨ੍ਹਾਂ ਚਿਰ ਧਰਮਰਾਜ ਦੀ ਤਸੱਲੀ ਨਹੀਂ ਹੁੰਦੀ ਕਿ ਇਹ ਬੰਦਾ ਬਣ ਗਿਆ ਓਨ੍ਹਾਂ ਚਿਰ ਜੀਵ ਆਤਮਾ ਨੂੰ ਉਹ ਕਈ ਹੋਰ ਹੋਰ ਜੂਨਾਂ ਵਿੱਚ ਭੇਜਦਾ ਰਹਿੰਦਾ ਹੈ?

2. ਕੀ ਮਨੁੱਖ ਵਾਕਿਆ ਹੀ ਗਧੇ, ਝੋਟੇ, ਸੱਪ ਕੁਤੇ ਬਿੱਲੇ ਦੀਆਂ ਜੂਨਾਂ ਭੋਗਣ ਉਪਰੰਤ ਹੀ ਬੰਦਾ ਬਣਿਆ ਹੈ?

3. ਕੀ ਪੁਜਾਰੀ ਵਲੋਂ ਦੱਸੇ ਉਪਾਅ ਕਰਨ ਨਾਲ ਸਾਡਾ ਮਰਨ ਉਪਰੰਤ ਜੂਨਾਂ ਤੋਂ ਛੁਟਕਾਰਾ ਹੋ ਸਕਦਾ ਹੈ?

4. ਦਰ ਅਸਲ ਅਸੀਂ ਵਰਤਮਾਨ ਜੀਵਨ ਵਿੱਚ ਆਪਣੇ ਕੁੱਤੇ ਬਿੱਲੇ ਵਾਲੇ ਸੁਭਾਅ ਨੂੰ ਤਿਆਗਣ ਲਈ ਤਿਆਰ ਨਹੀਂ ਹੁੰਦੇ, ਇਹ ਸਮਝਦੇ ਹਾਂ ਕਿ ਆਹ ਜਿਹੜੇ ਹੁਣ ਕੁੱਤੇ ਬਿੱਲੇ ਹਨ ਇਹਨਾਂ ਨੇ ਮਨੁੱਖੀ ਜਾਮੇ ਵਿੱਚ ਕਈ ਪ੍ਰਕਾਰ ਦੀਆਂ ਗਲਤੀਆਂ ਕੀਤੀਆਂ ਹੋਣੀਆਂ ਨੇ ਇਸ ਲਈ ਧਰਮਰਾਜ ਨੇ ਇਹਨਾਂ ਨੂੰ ਇਹਨਾਂ ਜੂਨਾਂ ਵਿੱਚ ਭੇਜਿਆ ਹੈ।

5. ਜ਼ਿੰਦਗੀ ਦੀ ਅਸਲੀਅਤ ਨੂੰ ਨਾ ਸਮਝਣ ਕਰਕੇ ਅਸੀਂ ਸੁਭਾਅ ਦੇ ਨੀਵੇਂ ਤਲ ’ਤੇ ਆ ਜਾਂਦੇ ਹਾਂ।

6. ਕੁੱਤੇ ਦਾ ਲਾਲਚੀ ਸੁਭਾਅ, ਸੂਰ ਦਾ ਗੰਦਗੀ ਵਿੱਚ ਰਹਿਣਾ, ਗਧੇ ਦਾ ਰੂੜੀਆਂ ’ਤੇ ਲਿਟਣਾ, ਕਾਂ ਦਾ ਗੰਦਗੀ ਵਿੱਚ ਚੁੰਝ ਮਾਰਨਾ ਤੇ ਸੱਪ ਦਾ ਜ਼ਹਿਰੀਲਾ ਡੰਗ ਮਾਰਨਾ ਆਦਿ ਜਿੰਨੇ ਵੀ ਸੁਭਾਅ ਹਨ ਉਹ ਸਾਰੇ ਮਨੁੱਖ ਦੇ ਵਰਤਮਾਨ ਜੀਵਨ ਤਥਾ ਸੁਭਾਅ ਵਿਚੋਂ ਦੇਖੇ ਜਾ ਸਕਦੇ ਹਨ।

7. ਦੇਖਣ ਨੂੰ ਅਸੀਂ ਮਨੁੱਖ ਲਗਦੇ ਹਾਂ ਪਰ ਕਰਤੂਤਾਂ ਸਾਰੀਆਂ ਜਾਨਵਰਾਂ ਅਤੇ ਪਸ਼ੂਆਂ ਵਾਲੀਆਂ ਹਨ।

8. ਹਰੇਕ ਜੂਨ ਆਪਣੇ ਆਪਣੇ ਥਾਂ ਬੜੀ ਖੁਸ਼ ਹੈ ਕੋਈ ਜੀਵ ਮਰਨ ਲਈ ਤਿਆਰ ਨਹੀਂ ਹੈ। ਇਹ ਜੂਨਾਂ ਮਾੜੀਆਂ ਨਹੀਂ ਹਨ ਸਗੋਂ ਕਈ ਜੂਨਾਂ ਤਾਂ ਮਨੁੱਖ ਦੀ ਸੇਵਾ ਵਿੱਚ ਲਗੀਆਂ ਹੋਈਆਂ ਹਨ।

9. ਇਸ ਵਿਚਾਰ ਨੂੰ ਗੁਰਬਾਣੀ ਬਿਲਕੁਲ ਰੱਦ ਕਰਦੀ ਹੈ ਕਿ ਮਰਨ ਉਪਰੰਤ ਮਨੁੱਖ ਕਿਸੇ ਹੋਰ ਜੂਨ ਵਿੱਚ ਜਾਂਦਾ ਹੈ।

10. ਪਸ਼ੂ ਪੰਛੀਆਂ ਦੇ ਜੀਨਜ਼ ਹੋਰ ਹਨ ਤੇ ਮਨੁੱਖ ਦੇ ਹੋਰ ਹਨ। ਸੱਪਾਂ ਘਰ ਸੱਪ ਹੀ ਪੈਦਾ ਹੋਣੇ ਹਨ ਤੇ ਕੁੱਤਿਆਂ ਘਰ ਕੁੱਤੇ ਹੀ ਪੈਦਾ ਹੋਣੇ ਹਨ ਤੇ ਮਨੁੱਖਾਂ ਘਰ ਮਨੁੱਖ ਹੀ ਪੈਦਾ ਹੋਣੇ ਹਨ ਪਰ ਮਨੁੱਖ ਨੂੰ ਆਪਣੀ ਕਰਤੂਤ ਠੀਕ ਕਰਨੀ ਪੈਣੀ ਹੈ।

**ਮਾਣਸ ਮੂਰਤਿ ਨਾਨਕੁ ਨਾਮੁ ॥ ਕਰਣੀ ਕੁਤਾ ਦਰਿ ਫੁਰਮਾਣੁ ॥**

(੩੫੦)

-0-

## ਜੇਕਰ ਮੈਗਜ਼ੀਨ ਨਾ ਮਿਲੇ ਤਾਂ ...

ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ ‘ਗੁਰਮਤਿ ਵਿਰਸਾ’ ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। ‘ਗੁਰਮਤਿ ਵਿਰਸਾ’ ਨਾ ਮਿਲਣ ਦੀ ਸੂਰਤ ਵਿਚ ਇਸ ਨੰਬਰ 79733-70542 ’ਤੇ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।




ਵੱਲੋਂ ਅਦਾਰਾ
‘ਗੁਰਮਤਿ ਵਿਰਸਾ’

– ਡਾ. ਪੂਰਨ ਸਿੰਘ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਬਾਰੇ ਵਹਿਮ

ਲੋਕਾਂ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਇਕ ਨਵਾਂ ਵਹਿਮ ਫੈਲ ਰਿਹਾ ਹੈ। ਭਾਵੇਂ ਇਹ ਵਹਿਮ ਜ਼ਿਆਦਾ ਪ੍ਰਚਲਿਤ ਨਹੀਂ, ਫਿਰ ਵੀ ਇਸਨੂੰ ਫੈਲਣ ਤੋਂ ਰੋਕਣਾ ਬਹੁਤ ਹੀ ਜ਼ਰੂਰੀ ਹੈ। ਸਾਲ 1995-96 ਦੀ ਗੱਲ ਹੈ ਕਿ ਦਾਸ ਦੋ ਵੀਰਾਂ ਨਾਲ ਕਿਸੇ ਅਸਥਾਨ ਤੇ ਗਿਆ, ਜਿਥੇ ਵਿਸ਼ੇਸ਼ ਤੌਰ ਤੇ ਅਖੰਡ ਪਾਠ ਲਈ ਵੱਖਰਾ ਕਮਰਾ ਸੀ। ਇਕ ਸ਼ਰਧਾਲੂ ਬੀਬੀ ਪਾਠ ਕਰ ਰਹੀ ਸੀ। ਉਹ ਬੀਬੀ ਰੁਕ ਰੁਕ ਕੇ ਪਾਠ ਕਰੇ ਅਤੇ ਉਸਦਾ ਪਾਠ ਬਹੁਤ ਅਸ਼ੁੱਧ ਸੀ। ਮੇਰੇ ਨਾਲ ਦੇ ਇਕ ਸਿੰਘ ਉਸ ਬੀਬੀ ਦਾ ਪਾਠ ਸ਼ੁੱਧ ਕਰਾਉਣ ਲੱਗ ਪਏ। ਜਿਤਨੇ ਚਿਰ ਅਸੀਂ ਪਾਠ ਅਸਥਾਨ ਅੰਦਰ ਰਹੇ, ਇਹ ਸੁਧਾਈ ਹੁੰਦੀ ਰਹੀ। ਬਾਅਦ ਵਿਚ ਇਕੱਲੀ ਬੀਬੀ ਨੇ ਪਾਠ ਕਰੀ ਜਾਣਾ ਸੀ, ਨਾ ਕੋਈ ਸੁਣਨ ਵਾਲਾ ਤੇ ਨਾ ਹੀ ਕੋਈ ਸ਼ੁੱਧ ਕਰਾਉਣ ਵਾਲਾ। ਮੈਂ ਬਾਹਰ ਆ ਕੇ ਸਾਥੀ ਸਿੰਘਾਂ ਨੂੰ ਕਿਹਾ, "ਇਸ ਬੀਬੀ ਨੂੰ ਜੇਕਰ ਪਾਠ ਕਰਨ ਦਾ ਅਭਿਆਸ ਨਹੀਂ, ਤਾਂ ਫਿਰ ਪਾਠ ਕਿਉਂ ਕਰ ਰਹੀ ਹੈ।" ਉਸ ਸਿੰਘ ਨੇ ਕਿਹਾ, "ਇਹ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਪਦ-ਛੇਦ ਵਾਲਾ ਨਹੀਂ ਹੈ।" ਇਹ ਜਾਣ ਕੇ ਮਨ ਦੁਖੀ ਹੋਇਆ ਕਿ ਇਹ ਭਰਮ ਕਿਉਂਕਿ ਗੁਰੂ ਗ੍ਰੰਥ ਸਾਹਿਬ ਦੇ ਪਦ-ਛੇਦ ਵਾਲੀ ਬੀੜ ਨੂੰ ਪ੍ਰਕਾਸ਼ ਨਹੀਂ ਕਰਨਾ, ਭਾਵੇਂ ਲੜੀਵਾਰ ਬੀੜ ਤੋਂ ਪਾਠ ਕਰਨ ਵਾਲਾ ਕੋਈ ਵਿਰਲਾ ਹੀ ਹੋਵੇ। ਇਸ ਤੋਂ ਵੱਡਾ ਦੁਖਾਂਤ ਇਹ ਹੈ ਕਿ ਪਿੱਛੇ ਜਿਹੇ ਕੈਨੇਡਾ ਦੇ ਇਕ ਸ਼ਹਿਰ ਵਿਚ ਕੁਝ ਵਿਅਕਤੀਆਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ ਤੋਂ ਇਸ ਲਈ ਇਨਕਾਰ ਕਰ ਦਿੱਤਾ ਕਿ ਉਹ ਬੀੜ ਪਦ-ਛੇਦ ਵਾਲੀ ਸੀ ਤਾਂ ਅਜੇਹੇ ਲੋਕਾਂ ਤੋ ਕੀ ਆਸ ਰੱਖੀਏ?

ਵਹਿਮੀ ਲੋਕਾਂ ਨੂੰ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਪੁਰਾਣੇ ਸਮੇਂ ਸਮੂਹ ਪੰਜਾਬੀ ਲਿਖਤਾਂ ਪਦ-ਛੇਦ ਤੋਂ ਬਿਨਾਂ ਹੁੰਦੀਆਂ ਸਨ, ਸਿਰਫ਼ ਗੁਰਬਾਣੀ ਹੀ ਨਹੀਂ । ਪੁਰਾਤਨ ਲਿਖਣ ਢੰਗ ਹੀ ਅਜੇਹਾ ਸੀ। ਦੂਜਾ, ਜਿਥੋਂ ਤਕ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣਾ ਹੈ, ਇਹ ਸਾਡੀ ਸਤਿਕਾਰ ਕਰਨ ਦੀ ਪ੍ਰੰਪਰਾ ਹੈ, ਪਰ ਇਕੱਲੇ ਮੱਥਾ ਟੇਕਣ ਨੂੰ ਗੁਰੂ ਦਰਸ਼ਨ ਸਮਝ ਲੈਣਾ ਭੁੱਲ ਹੈ। ਇਸ ਦੇ ਸੰਬੰਧ 'ਚ ਪੰਥਕ ਰਹਿਤ ਮਰਯਾਦਾ ਅੰਦਰ ਅੰਕਿਤ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਵਾਕ ਲੈਣਾ ਅਤੇ ਸੰਗਤ ਦੇ ਦਰਸ਼ਨ ਕਰਨੇ ਗੁਰੂ ਦਾ ਦਰਸ਼ਨ ਹੈ। ਅਰਦਾਸ ਅੰਦਰ ਵਿਸ਼ੇਸ਼ ਤੌਰ ਤੇ ਧਿਆਨ ਦੇਣ ਵਾਲੀ ਗੱਲ ਹੈ , ਜਦੋਂ ਅਸੀਂ ਆਖਦੇ ਹਾਂ, "ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰਕੇ ਬੋਲੋ ਜੀ"... ਪਾਠ ਦੀਦਾਰ ਤੇ ਸ਼ਬਦ-ਵਿਚਾਰ ਇਕ ਹੀ ਅਰਥ ਰੱਖਦੇ ਹਨ। ਸਾਲ 1985-86 ਦੌਰਾਨ, ਦਿੱਲੀ ਦੇ ਇਕ ਡੇਰੇ ਦਾ ਬਾਬਾ, ਗੁਰੂ ਗ੍ਰੰਥ ਸਾਹਿਬ ਜੀ ਦਾ ਹੱਥ-ਲਿਖਤ ਸਰੂਪ ਕੈਨੇਡਾ ਲਿਆਇਆ। ਵੈਨਕੂਵਰ ਦੇ ਇਕ ਸਵੈ-ਸਿਖਿਅਕ ਗ੍ਰੰਥੀ ਨੂੰ ਉਸ ਨੇ ਸਾਥੀ ਬਣਾ ਲਿਆ। ਉਨ੍ਹਾਂ ਨੇ ਉਸ ਹੱਥ- ਲਿਖਤ ਸਰੂਪ (ਬੀੜ) ਲਈ ਸ਼ਰਧਾਲੂਆਂ ਵਿਚ ਸ਼ਰਧਾ ਪੈਦਾ ਕੀਤੀ ਅਤੇ ਸ਼ਰਧਾਲੂਆਂ ਦੇ ਘਰਾਂ ਵਿਚ ਜਾ ਕੇ ਮਾਇਆ ਦੇ ਗੱਫ਼ੇ ਪ੍ਰਾਪਤ ਕੀਤੇ। ਸ਼ਾਇਦ ਲੋਕਾਂ ਨੂੰ ਪਤਾ ਨਹੀਂ ਕਿ ਛਾਪੇਖਾਨੇ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀਆਂ ਸਮੂਹ ਬੀੜਾਂ ਹੱਥ ਲਿਖਤ ਹੀ ਹੁੰਦੀਆਂ ਸਨ। ਅੱਜ ਵੀ ਪੰਜਾਬ ਅਤੇ ਪੰਜਾਬ ਤੋਂ ਬਾਹਰ ਅਨੇਕਾਂ ਹੀ ਹੱਥ- ਲਿਖਤ ਬੀੜਾਂ ਉਪਲਬਧ ਹਨ, ਭਾਵੇਂ ਸਰਕਾਰ (ਕੇਂਦਰੀ) ਨੇ ਦਰਬਾਰ ਸਾਹਿਬ ਤੋਂ ਗੁਰੂ ਗ੍ਰੰਥ ਸਾਹਿਬ ਦੀਆਂ ਬਹੁਤ ਹੱਥ-ਲਿਖਤ ਬੀੜਾਂ ਅਤੇ ਹੋਰ ਇਤਿਹਾਸਕ ਪੁਸਤਕਾਂ ਨੂੰ ਧੱਕੇ ਨਾਲ ਚੁਰਾ ਲਿਆ। ਉਮੀਦ ਹੈ ਕਿ ਜੇ ਸਿੱਖ ਨੇਤਾ ਜਤਨ ਕਰਨ ਤਾਂ ਛੁਪਾਇਆ ਕੀਮਤੀ ਵਿਰਸਾ ਵਾਪਿਸ ਮਿਲ ਸਕਦਾ ਹੈ। ਕੇਂਦਰੀ ਸਰਕਾਰ ਨਾਲ ਅਕਾਲੀ ਨੇਤਾਵਾਂ ਦੀ ਭਾਈਬੰਦੀ ਵੀ ਰਹੀ ਹੈ। ਜੇ ਸਿੱਖ ਕੌਮ ਲਈ ਦਿੱਲੀ ਹਿੱਤ ਹੋਵੇਗਾ ਤਾਂ ਸਭ ਕੁਝ ਕਰ ਸਕਦੇ ਹਨ। ਸਰਕਾਰ ਨੂੰ ਹੋ ਸਕਦੈ ਕਿ ਇਹ ਵਹਿਮ ਵੀ ਹੋਵੇ ਕਿ ਸਿੱਖਾਂ ਦੇ ਇਤਿਹਾਸਕ ਸਰੋਤਾਂ ਜਾਂ ਪੁਰਾਤਨ ਹੱਥ-ਲਿਖਤ ਵਸਤੂਆਂ ਨੂੰ ਲਾਂਭੇ ਕਰਨ ਨਾਲ ਖ਼ਾਲਸਾ ਪੰਥ ਦੀ ਹੋਂਦ ਧੁੰਦਲੀ ਹੋ ਸਕਦੀ ਹੈ। ਤਕਰੀਬਨ ਦੋ ਦਹਾਕੇ ਪਹਿਲਾਂ ਪੰਥਕ ਵਿਦਵਾਨਾਂ ਨੇ ਜਤਨ ਕੀਤਾ ਸੀ ਕਿ ਗੁਰਬਾਣੀ ਦੇ ਸ਼ੁੱਧ ਉਚਾਰਨ ਦੀ ਲਹਿਰ ਚਲਾਈ ਜਾਏ। ਉਹ ਕਾਫ਼ੀ ਹੱਦ ਤਕ ਸਫਲ ਵੀ ਹੋਏ। ਵਿਦਵਾਨਾਂ ਦੀ ਸੋਚ ਅਨੁਸਾਰ ਹਾਲਾਂ ਵੀ ਹੱਥ-ਲਿਖਤ ਬੀੜਾਂ ਅਤੇ ਛਾਪੇ ਵਾਲੀਆਂ ਬੀੜਾਂ ਅੰਦਰ ਲਗਾਂ-ਮਾਤਰਾਂ ਦੀ ਭਿੰਨਤਾ ਦੇਖਣ ਨੂੰ ਮਿਲਦੀ ਹੈ ਜਿਸਦੀ ਸੋਧ ਕਰਨੀ ਜ਼ਰੂਰੀ ਹੈ। ਉਪਰੋਕਤ ਵਿਚਾਰ ਨਾਲ ਵਹਿਮੀ ਤੇ ਸਨਾਤਨੀ ਸਿੱਖਾਂ ਨੇ ਅਸਜਿਮਤੀ ਪ੍ਰਗਟਾਈ ਅਤੇ ਉਨ੍ਹਾਂ ਨੇ ਵਿਦਵਾਨਾਂ ਨੂੰ ਵਿਅੰਗਮਈ ਤਰੀਕੇ ਨਾਲ ਠਿੱਠ ਕਰਨ ਦਾ ਜਤਨ ਕੀਤਾ। "ਲਉ ਜੀ। ਦੇਖੋ ਸਾਡੇ ਵਿਦਵਾਨ ਆਖਦੇ ਹਨ, ਗੁਰੂ ਦੀ ਸੋਧ ਕਰਨੀ ਹੈ;" ਸਨਾਤਨੀ ਜਾਂ ਡੇਰੇਦਾਰਾਂ ਨੂੰ ਸਿੱਖੀ ਸਿੱਧਾਤਾਂ ਬਾਰੇ ਜ਼ਿਆਦਾ ਸਪੱਸ਼ਟਤਾ ਨਹੀਂ ਹੈ। ਜਾਪਦਾ ਹੈ ਕਿ ਇਹ ਲੋਕ ਉਨ੍ਹਾਂ ਦੇ ਹੀ ਜਾਨਸ਼ੀਨ ਹੋਣਗੇ, ਜੋ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੇ ਪਦ-ਛੇਦ ਕਰਨ ਦੇ ਵਿਰੋਧ ਵਿਚ ਸਨ। ਬੇ-ਸਮਝੀ ਜਾਂ ਅਗਿਆਨਤਾ ਕਰ ਕੇ, ਇਹ ਲੋਕ ਲਗਾਂ-ਮਾਤਰਾਂ ਨੂੰ ਗੁਰੂ ਦੇ ਅੰਗ ਸਮਝਦੇ ਹਨ, ਤਾਹੀਓ ਛਾਪੇ ਵਾਲੀਆਂ ਬੀੜਾਂ ਦੀਆਂ ਲਗਾ-ਮਾਤਰਾਂ ਦੀ ਸੁਧਾਈ ਨੂੰ "ਗੁਰੂ ਦੀ ਸੋਧ ਕਰਨਾ" ਦੱਸ ਰਹੇ ਸਨ।

ਕੁਝ ਲੋਕ, ਇਹ ਵੀ ਖ਼ਿਆਲ ਕਰਦੇ ਹਨ ਜਾਂ ਸੋਚਦੇ ਹਨ ਕਿ ਪਦ-ਛੇਦ ਕਰਨ ਨਾਲ ਬਾਣੀ ਦਾ ਪਾਠ ਅਸ਼ੁੱਧ ਹੋ ਰਿਹਾ ਹੈ ਕਿਉਂਕਿ ਪਦ-ਛੇਦ ਕਰਨ ਵਾਲਿਆਂ ਨੇ ਪਦ-ਛੇਦ ਕਰਨ ਸਮੇਂ ਗ਼ਲਤੀਆਂ ਕੀਤੀਆਂ ਹਨ।

ਉਪਰੋਕਤ ਦੋਸ਼ ਲਗਾਉਣਾ ਕਿ ਪਦ-ਛੇਦ ਕਰਨ ਸਮੇਂ ਗ਼ਲਤੀਆਂ ਹੋਈਆਂ ਹਨ, ਸਹੀ ਨਹੀਂ ਜਾਪਦਾ। ਹਾਂ, ਕੁਝ ਸ਼ਬਦ ਜੋੜਾਂ ਵਿਚ ਵਿਦਵਾਨ ਇਕ ਦੂਜੇ ਵਿਦਵਾਨ ਨਾਲ ਅਸ਼ਹਿਮਤ ਹੋ ਸਕਦੇ ਹਨ, ਪਰ ਬਿਨਾਂ ਕੋਈ ਕਾਰਨ ਊਂਜ ਲਗਾਉਣੀ ਜੱਚਦਾ ਨਹੀਂ। ਜਿਨਾਂ ਵਿਦਵਾਨਾਂ ਨੇ ਪਦ-ਛੇਦ ਕੀਤਾ, ਉਹ ਸਰਬ-ਪੱਖੀ ਵਿਦਵਾਨ ਸਨ। ਉਨ੍ਹਾਂ ਨੂੰ ਗੁਰਬਾਣੀ ਵਿਆਕਰਣ ਦੀ ਸੂਝ ਸੀ। ਇਥੇ ਇਹ ਵੀ ਦੱਸਣਾ ਠੀਕ ਹੋਵੇਗਾ ਕਿ ਸ਼ੁੱਧ ਉਚਾਰਨ ਜਾਂ ਗੁਰਬਾਣੀ ਦੇ ਵਿਆਕਰਣ ਲਿਖਣ ਵਾਲੇ ਦੋਨੋਂ ਵਿਦਵਾਨ ਪ੍ਰਿੰਸੀਪਲ ਤੇਜਾ ਸਿੰਘ ਤੇ ਪ੍ਰੋਫ਼ੈਸਰ ਸਾਹਿਬ ਸਿੰਘ ਕਿਸੇ ਡੇਰੇ ਤੋਂ ਨਹੀਂ ਸਨ ਪੜ੍ਹੇ। ਅੱਜ ਜੋ ਗੁਰਬਾਣੀ-ਪ੍ਰਚਾਰ ਵਿਚ ਇਨਕਲਾਬ ਆਇਆ ਹੈ, ਇਨ੍ਹਾਂ ਮਹਾਨ ਸਿਦਕੀ ਤੇ ਉੱਚ ਜੀਵਨੀਏ ਵਿਦਵਾਨਾਂ ਦੀ ਦੇਣ ਹੈ। ਪੰਥ ਅੰਦਰ ਗੁਰਬਾਣੀ ਦੇ ਵਿਆਖਿਆਕਾਰ, ਕਥਾਕਾਰ ਤੇ ਗੁਰਮਤਿ ਸਾਹਿਤ ਦੇ ਲੇਖਕ ਇਨ੍ਹਾਂ ਹੀ ਵਿਦਵਾਨ ਦੇ ਟੀਕੇ ਪੜ੍ਹਦੇ ਹਨ, ਭਾਵੇਂ ਉਹ ਭਿੰਡਰਾਂ ਜਾਂ ਸੱਤੋ ਵਾਲੀ ਗਲੀ ਟਕਸਾਲ ਦੇ ਵਿਦਿਆਰਥੀ ਹੋਣ, ਕਿਉਕਿ ਗੁਰਬਾਣੀ ਨੂੰ ਸਮਝਣ ਤੇ ਸਮਝਾਉਣ ਲਈ ਅਸਲ ਗੁਰਮਤਿ ਸਾਹਿਤ ਰਚਨਹਾਰੇ ਪ੍ਰੋਫ਼ੈਸਰ ਸ਼੍ਰੇਣੀ ਦੇ ਵਿਦਵਾਨ ਹੀ ਹੋਏ ਹਨ। ਉਦਹਾਰਣ ਦੇ ਤੌਰ ਤੇ ਪ੍ਰੋਫ਼ੈਸਰ ਤੇਜਾ ਸਿੰਘ, ਪ੍ਰੋਫ਼ੈਸਰ ਸਾਹਿਬ ਸਿੰਘ, ਪ੍ਰੋਫ਼ੈਸਰ ਬਾਵਾ ਹਰਿਕ੍ਰਿਸ਼ਨ ਸਿੰਘ, ਪ੍ਰੋਫ਼ੈਸਰ ਗੁਰਬਚਨ ਸਿੰਘ ਤਾਲਿਬ, ਡਾਕਟਰ ਗੋਪਾਲ ਸਿੰਘ ਸਭ ਨੇ ਅੰਗਰੇਜ਼ੀ ਤੇ ਪੰਜਾਬੀ ਵਿਚ ਗੁਰਮਤਿ ਸਾਹਿਤ ਰਚਿਆ।

ਬਾਕੀ ਸਫਾ 13 'ਤੇ

# ਭਾਰਤ ਦੀ ਆਜ਼ਾਦੀ ਅਤੇ ਪੰਜਾਬ



ਹਰ ਸਾਲ ਆਜ਼ਾਦੀ ਦਿਹਾੜੇ ਦੇ ਜਸ਼ਨ ਬੜੀ ਧੂਮ-ਧਾਮ ਨਾਲ ਮਨਾਏ ਜਾਂਦੇ ਹਨ। ਸਿੱਖ ਵੀ ਬਹੁਤ ਖ਼ੁਸ਼ੀਆਂ ਮਨਾਉਂਦੇ ਹਨ ਪਰ ਅਸਲੀਅਤ ਵਿਚ ਇਹ ਦਿਹਾੜਾ ਖ਼ੁਸ਼ੀ ਦਾ ਨਹੀਂ ਸਗੋਂ ਦੇਸ਼ ਦੀ ਵੰਡ ਸਮੇਂ ਕਤਲੋਗਾਰਤ ਵਿਚ ਮਾਰੇ ਗਏ ਬੇਦੋਸ਼ੇ ਲੋਕ ਖਾਸ ਕਰਕੇ ਪੰਜਾਬੀਆਂ ਅਤੇ ਬੰਗਾਲੀਆਂ ਦੀ ਦਰਦਨਾਕ ਦਾਸਤਾਨ ਨੂੰ ਯਾਦ ਕਰਾਉਂਦਾ ਦਿਨ ਹੈ। ਉਸ ਸਮੇਂ ਤੋਂ ਲੈ ਕੇ ਅੱਜ ਤਕ ਪੰਜਾਬ ਨਾਲ ਧੱਕਾ ਹੀ ਹੋਇਆ ਹੈ। ਭਾਰਤੀ ਜਨਤਾ ਪਾਰਟੀ ਦੀ ਸਰਕਾਰ ਸਮੇਂ ਤਾਂ ਪਰੇਡ ਵਿਚ ਝਾਕੀਆਂ ਸ਼ਾਮਿਲ ਕਰਨ ਲੱਗਿਆਂ ਵੀ ਪੰਜਾਬ ਨੂੰ ਗ਼ੁਲਾਮੀ ਦਾ ਅਹਿਸਾਸ ਕਰਵਾਇਆ ਜਾਂਦਾ ਹੈ ਜਦੋਂਕਿ ਦੇਸ਼ ਨੂੰ ਆਜ਼ਾਦ ਕਰਵਾਉਣ ਵਿਚ ਪੰਜਾਬੀਆਂ ਦਾ ਵੱਡਾ ਯੋਗਦਾਨ ਹੈ। 1947 ਤੋਂ ਬਾਅਦ 1965 ਅਤੇ 1971 ਦੀਆਂ ਜੰਗਾਂ ਵਿਚ ਵੀ ਪੰਜਾਬੀਆਂ ਨੂੰ ਵੱਡਾ ਨੁਕਸਾਨ ਉਠਾਉਣਾ ਪਿਆ। ਫਿਰ ਵੀ ਪੰਜਾਬੀ ਦੇਸ਼ ਦੀ ਰਾਖੀ ਵਾਸਤੇ ਆਪਣੇ ਆਪ ਨੂੰ ਸਮਰਪਿਤ ਕਰਦਿਆਂ ਆਪਣੀਆਂ ਜਾਨਾਂ ਵਾਰਨ ਤੋਂ ਵੀ ਪਿੱਛੇ ਨਹੀਂ ਹਟੇ। ਪਰ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਪੰਜਾਬੀਆਂ ਨਾਲ ਮਤਰੇਈ ਮਾਂ ਵਾਲਾ ਸਲੂਕ ਹੀ ਰੱਖਿਆ ਹੈ। ਜੋ ਹਥਲੇ ਲੇਖ ਵਿਚ ਵਿਸਥਾਰਤ ਜਾਣਕਾਰੀ ਸਾਂਝੀ ਕੀਤੀ ਹੈ।

1947 ਵਿਚ ਭਾਰਤ ਨੂੰ ਅਜ਼ਾਦੀ ਮਿਲੀ, ਦਿੱਲੀ ਵਿਚ ਅਜ਼ਾਦੀ ਦੇ ਜਸ਼ਨ ਮਨਾਏ ਜਾ ਰਹੇ ਸਨ। ਮੋਮਬੱਤੀਆਂ ਅਤੇ ਪਟਾਕੇ ਚਲਾ ਕੇ ਅਜ਼ਾਦੀ ਨੂੰ ਜੀ ਆਇਆ ਕਿਹਾ ਜਾ ਰਿਹਾ ਸੀ। ਵੱਡੇ ਵੱਡੇ ਨੇਤਾ ਇਕ ਦੂਜੇ ਨੂੰ ਵਧਾਈਆਂ ਦੇ ਰਹੇ ਸਨ। ਦੇਸ਼ ਦੇ ਦੂਜੇ ਪਾਸੇ ਪੰਜਾਬੀਆਂ ਦਾ ਉਜਾੜਾ, ਤਬਾਹੀ, ਲਾਸ਼ਾਂ ਦੇ ਢੇਰ, ਬਲਾਤਕਾਰ ਤੇ ਵਰ੍ਹਦੇ ਮੀਂਹ ਵਿਚ ਸਿਰ ਲਕਾਉਣ ਲਈ ਉਹ ਜਗ੍ਹਾ ਲੱਭ ਰਹੇ ਸਨ। ਜ਼ਿਆਦਾ ਜ਼ਖ਼ਮੀ ਹੋਏ ਪਰਿਵਾਰ ਦੇ ਜੀਅ ਨੂੰ ਰਾਹ ਵਿਚ ਹੀ ਰਹਿਣ ਦਿੱਤਾ ਗਿਆ। ਇਕ ਦੂਜੇ ਦਾ ਹਾਲ ਪੁੱਛਣ ਵਾਲਾ ਵੀ ਕੋਈ ਨਹੀਂ ਸੀ ਤੇ ਨਾ ਹੀ ਕਿਸੇ ਕੋਲ ਰੋਣ ਦਾ ਸਮਾਂ ਸੀ। ਪਰਿਵਾਰਾਂ ਦੇ ਪਰਿਵਾਰ ਵਿਛੜ ਗਏ, ਅਜੇ ਵੀ ਉਹ ਲੋਕ ਜਿਉਂਦੇ ਨੇ, ਜਿਨ੍ਹਾਂ ਨੇ 47 ਦੇ ਸੰਤਾਪ ਨੂੰ ਅੱਖੀ ਵੇਖਿਆ ਤੇ ਪਿੰਡੇ ’ਤੇ ਹੰਢਾਇਆ, ਉਨ੍ਹਾਂ ਦੀਆਂ ਅੱਖਾਂ ਵਿਚੋਂ ਕਦੇ ਅਥਰੂ ਨਹੀਂ ਸੁੱਕੇ, ਭਾਰਤ ਲਈ ਅਜ਼ਾਦੀ ਪਰ ਪੰਜਾਬੀਆਂ ਲਈ ਤਬਾਹੀ, ਉਜਾੜਾ ਤੇ ਸਮੁੱਚੀ ਬਰਬਾਦੀ ਲੈ ਕੇ ਆਈ। ਬਹੁਤਾ ਸਮਾਂ ਘਰ ਦੀਆਂ ਸੁਆਣੀਆਂ ਆਪਣੇ ਪਤੀਆਂ ਨੂੰ ਉਡੀਕਦੀਆਂ ਰਹੀਆਂ ਪਰ ਉਹ ਵਾਪਸ ਨਾ ਆਏ--




**ਕੈਪਟਨ ਅਵਤਾਰ ਸਿੰਘ**
**97819-90206**


**ਇਕਨ੍ਹਾ ਪੇਰਣ ਸਿਰ ਖੁਰ ਪਾਟੇ ਇਕਨ੍ਹਾ ਵਾਸੁ ਮਸਾਣੀ ॥ ਜਿਨ੍ ਕੇ ਬੰਕੇ ਘਰੀ ਨ ਆਇਆ ਤਿਨ੍ ਕਿਉ ਰੈਣਿ ਵਿਹਾਣੀ ॥ (417)**

ਸੁਖੀ ਵੱਸਦੇ ਪੰਜਾਬ ਦੀ ਧਰਾਤਲ ਨੂੰ ਸਮਝਣ ਦੀ ਜ਼ਰੂਰਤ ਹੈ- ਪੰਜਾਬ ਜਿਉਂਦਾ ਗੁਰਾਂ ਦੇ ਨਾਂ ’ਤੇ

ਵੇਈਂ ਨਦੀ ਦੇ ਕੰਢੇ ’ਤੇ ਬੈਠ ਕੇ ਗੁਰੂ ਨਾਨਕ ਸਾਹਿਬ ਜੀ ਨੇ ਨਵੇਂ ਮੁਲਕ ਦੀ ਸਿਰਜਣਾ ਕੀਤੀ। ਇਸ ਦੀ ਅਧਾਰਸ਼ਿਲਾ ਸੱਚ ਰੂਪੀ ਕਿਲ੍ਹੇ ’ਤੇ ਰੱਖੀ—

**ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ ॥ (966)**

**ਬੇਗਮ ਪੁਰਾ ਸਹਰ ਕੋ ਨਾਉ ॥** ਦੇ ਵਾਸੀ ਬਣਾਉਣ ਲਈ ਸਭ ਤੋਂ ਪਹਿਲਾਂ ਮਨੁੱਖ ਦੇ ਮਨ ਵਿਚੋਂ ਮੌਤ ਦਾ ਭੈਅ ਖਤਮ ਕੀਤਾ—

**ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥ ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥22॥ (1365)**





ਗੁਰਬਾਣੀ ਗਿਆਨ ਦੁਆਰਾ ਆਤਮਿਕ ਬਲ ਬਲਵਾਨ ਕੀਤਾ। ਮਨੁੱਖੀ ਸੋਚ ਨੂੰ ਰੱਬੀ ਸੱਚ ਨਾਲ ਗੜੁੰਦ ਕਰਨ ਲਈ ਗੁਰੂ ਨਾਨਕ ਸਾਹਿਬ ਜੀ ਨੇ ਆਜ਼ਾਦ ਮੁਲਕ ਦੀ ਸਿਰਜਣਾ ਦਾ ਮੁੱਢ ਸੁਲਤਾਨਪੁਰ ਦੀ ਧਰਤੀ ਤੋਂ ਸ਼ੁਰੂ ਕੀਤਾ।

ਰਾਜਨੀਤਿਕ, ਧਾਰਮਿਕ ਅਤੇ ਸਮਾਜਿਕ ਪੱਖਾਂ ਵਿਚ ਆਏ ਨਿਘਾਰ ਨੂੰ ਨੀਝ ਲਾ ਕੇ ਤੱਕਿਆ ਕਿ ਧਰਮ ਦੀਆਂ ਤਿੰਨ ਇਕਾਈਆਂ ਪੂਰੀ ਤਰ੍ਹਾਂ ਭ੍ਰਿਸ਼ਟ ਹੋ ਚੁੱਕੀਆਂ ਹਨ—

**ਕਾਦੀ ਕੂੜੁ ਬੋਲਿ ਮਲੁ ਖਾਇ ॥**
**ਬ੍ਰਾਹਮਣੁ ਨਾਵੈ ਜੀਆ ਘਾਇ ॥**
**ਜੋਗੀ ਜੁਗਤਿ ਨ ਜਾਣੈ ਅੰਧੁ ॥**
**ਤੀਨੇ ਓਜਾੜੇ ਕਾ ਬੰਧੁ ॥ (662)**

ਰਾਜੇ ਸ਼ੀਹਾਂ ਵਾਂਗ ਖੂੰਖ਼ਾਰ ਤੇ ਮੁਕਦਮ ਕੁੱਤਿਆਂ ਵਾਂਗ ਲੋਭੀ ਹੋ ਗਏ ਸਨ, ਵਿਚਾਰੀ ਪਰਜਾ ਨੂੰ ਆਪਣੇ ਦਰਿੰਦੇ ਨੌਂਹਾਂ ਨਾਲ ਪਾੜ ਪਾੜ ਕੇ ਲਹੂ ਲੁਹਾਨ ਕਰ ਰਹੇ ਸਨ—

**ਰਾਜੇ ਸੀਹ ਮੁਕਦਮ ਕੁਤੇ ॥**
**ਜਾਇ ਜਗਾਇਨਿ ਬੈਠੇ ਸੁਤੇ ॥**
**ਚਾਕਰ ਨਹਦਾ ਪਾਇਨਿ ਘਾਉ ॥**
**ਰਤੁ ਪਿਤੁ ਕੁਤਿਹੋ ਚਟਿ ਜਾਹੁ ॥ (1288)**

ਨਿਮਾਣੀ ਪਰਜਾ ਆਪਣੇ ਹੱਕਾਂ ਤੋਂ ਜਾਣੂੰ ਹੁੰਦੀ ਹੋਈ ਵੀ ਕੁਝ ਕਰਨ ਦੇ ਸਮਰੱਥ ਨਹੀਂ ਸੀ ਕਿਉਂਕਿ ਉਹਨਾਂ ਦਾ ਆਤਮਿਕ ਬਲ ਖ਼ਤਮ ਹੋ ਚੁੱਕਾ ਸੀ—

**ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥ (469)**

ਸਮਾਜਿਕ, ਧਾਰਮਿਕ ਤੇ ਰਾਜਨੀਤਿਕ ਪੱਖਾਂ ’ਤੇ ਆਸਾ ਕੀ ਵਾਰ ਨੇ ਪੂਰੇ ਬਖੀਏ ਉਧੇੜੇ ਹਨ। ਗੁਰੂ ਨਾਨਕ ਸਾਹਿਬ ਜੀ ਨੇ ਆਪਣਿਆਂ ਵਿਚਾਰਾਂ ਦੇ ਨਾਲ ਉਹਨਾਂ ਤਮਾਮ ਵਿਚਾਰਾਂ ਨੂੰ ਇਕੱਠਾ ਕੀਤਾ ਜੋ ਮਨੁੱਖੀ ਆਜ਼ਾਦੀ ਦੀ ਖੁਲ੍ਹ ਕੇ ਵਿਚਾਰ ਕਰਦੇ ਸਨ। ਗੁਰੂ ਨਾਨਕ ਸਾਹਿਬ ਜੀ ਨੇ ਪੰਜਾਬ ਦੀਆਂ ਸੋਹਣੀਆਂ ਵਸਦੀਆਂ ਬਾਰਾਂ ਸਬੰਧੀ **ਬਨ ਫੂਲੇ ਮੰਝ ਬਾਰਿ** ਨਾਲ ਵਡਿਆਇਆ ਤੇ ਆਪਣੀ ਬਾਣੀ ਵਿਚ ਜ਼ਿਕਰ ਕੀਤਾ। ਮਨੁੱਖਤਾ ਨੂੰ ਧਾਰਮਿਕ ਕਰਮ ਕਾਂਡਾਂ ਦੇ ਬੰਧਨਾਂ ਵਿਚੋਂ ਮੁਕਤ ਕਰਾਉਣ ’ਤੇ ਨਵੇਂ ਸਮਾਜ ਦੀ ਨੁਹਾਰ ਸਵਾਰਨ ਲਈ ਰੱਬੀ ਗਿਆਨ ਦਾ ਬਿਗਲ ਵਜਾ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖੀ ਦੇ ਇਸ ਉਸਰੇ ਮਹੱਲ ਨੂੰ ਪੰਜਾਂ ਪਿਆਰਿਆਂ ਦੀ ਚੋਣ ਦੁਆਰਾ ਲੋਕ ਰਾਜ ਦੀਆਂ ਜੜ੍ਹਾਂ ਪ੍ਰਪੱਕ ਕਰ ਦਿੱਤੀਆਂ। ਚਾਰੇ ਸਾਹਿਬਜ਼ਾਦੇ, ਮਾਤਾ ਗੁਜਰ ਕੌਰ ਜੀ ਤੇ ਜਾਨਾਂ ਵਾਰਨ ਵਾਲੇ ਸਿੰਘਾਂ ਦੀਆਂ ਸ਼ਹੀਦੀਆਂ ਨਾਲ ਪੰਜਾਬ ਦੀ ਆਜ਼ਾਦੀ ਦਾ ਰਾਹ ਪੱਧਰਾ ਕਰਕੇ ਗੁਰੂ ਅਰਜਨ ਪਾਤਸ਼ਾਹ ਵਲੋਂ ਸਿਰਜੇ ਹਲੇਮੀ ਰਾਜ ਨੂੰ ਸਾਕਾਰ ਕਰ ਦਿੱਤਾ—

**ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥ (74)**

ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਨਾਦੇੜ ਤੋਂ ਪੰਜਾਬ ਦੀ ਆਜ਼ਾਦੀ ਲਈ ਭੇਜਿਆ ਜਿੱਥੇ ਉਹਨਾਂ ਨੇ ਖਾਲਸਈ ਰਾਜ ਕਾਇਮ ਕਰਕੇ ਗੁਰੂ ਨਾਨਕ ਸਾਹਿਬ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਦਾ ਸਿੱਕਾ ਚਲਾਇਆ।

ਸਿੱਕਾ ਜ਼ਦ ਬਰ ਹਰਦੋ ਆਲਮ, ਤੇਗ਼ ਨਾਨਕ ਵਾਹਿਬ ਅਸਤ।
ਫ਼ਤਿਹ ਗੋਬਿੰਦ ਸਿੰਘ ਸ਼ਾਹਿ-ਸ਼ਾਹਾਂ, ਫ਼ਜ਼ਲੇ ਸੱਚਾ ਸਾਹਿਬ ਅਸਤ।

(ਦੋਹਾਂ ਜਹਾਨਾਂ ਦੀ ਦੇ ਸੱਚੇ ਪਾਤਸ਼ਾਹ ਦੀ ਮਿਹਰ ਨਾਲ ਇਹ ਸਿੱਕਾ ਜਾਰੀ ਕੀਤਾ ਗਿਆ। ਗੁਰੂ ਨਾਨਕ ਦੀ ਤੇਗ ਹਰੇਕ ਦਾਤ ਬਖਸ਼ਦੀ ਹੈ, ਅਕਾਲ ਪੁਰਖ ਦੇ ਫ਼ਜ਼ਲ ਨਾਲ ਸ਼ਾਹਿਨਸ਼ਾਹ ਗੁਰੂ ਗੋਬਿੰਦ ਸਿੰਘ ਦੀ ਫ਼ਤਿਹ ਹੋਈ)।

ਖਾਲਸਾ ਰਾਜ ਨੂੰ ਸਥਾਪਿਤ ਕਰਦਿਆਂ ਬਾਬਾ ਬੰਦਾ ਸਿੰਘ ਬਹਾਦਰ ਨੇ ਸ਼ਹਾਦਤ ਦਾ ਜਾਮ ਪੀਂਦਿਆਂ ਆਪਣੇ ਚਾਰ ਸਾਲ ਦੇ ਬੱਚੇ ਨੂੰ ਅੱਖਾਂ ਸਾਹਮਣੇ ਸ਼ਹੀਦ ਹੁੰਦਾ ਹੀ ਨਹੀਂ ਦੇਖਿਆ ਸਗੋਂ ਜ਼ੁਲਮ ਦਾ ਉਹ ਮੰਜਰ ਦੇਖਿਆ ਜੋ ਦੁਨੀਆਂ ਦੇ ਇਤਿਹਾਸ ਵਿਚੋਂ ਨਹੀਂ ਮਿਲਦਾ। ਇਸ ਜ਼ੁਲਮ ਦੀ ਇੰਤਾਹ ਸਾਹਮਣੇ ਅੱਖਰ ਛੋਟੇ ਪੈ ਜਾਂਦੇ ਹਨ—

ਪੰਜਾਬ ਦੇ ਜੰਮਦਿਆਂ ਨੂੰ ਨਿੱਤ ਮੁਹਿੰਮਾ ਦੇ ਸਾਹਮਣੇ ਆਜ਼ਾਦੀ ਦੀ ਪ੍ਰਾਪਤੀ ਲਈ ਅੜਨ ਦੀ ਜਾਚ ਆ ਗਈ।

10 ਅਪਰੈਲ 1761 ਨੂੰ ਸਰਬੱਤ ਖਾਲਸਾ ਇਕੱਠ ਅੰਮ੍ਰਿਤਸਰ ਹੋਇਆ ਜਿਸ ਵਿਚ ਬਹੁਤ ਸਾਰੇ ਹਿੰਦੂ, ਖ਼ਾਲਸਾ ਫੌਜਾਂ ਦੇ ਦਰਬਾਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਕੋਲ ਆ ਕੇ ਫਰਿਆਦੀ ਹੋਏ ਕਿ ਸਾਡੀਆਂ ਧੀਆਂ ਅਹਿਮਦ ਸ਼ਾਹ ਅਬਦਾਲੀ ਲੈ ਕੇ ਜਾ ਰਿਹਾ ਹੈ ਉਹਨਾਂ ਨੂੰ ਛਡਾਇਆ ਜਾਏ। (ਸਿੱਖ ਤਵਾਰੀਖ਼ ਭਾਗ ਦੂਜਾ ਦੇ ਪੰਨਾ 220 ਡਾ. ਹਰਜਿੰਦਰ ਸਿੰਘ ਦਿਲਗੀਰ)

ਹਿੰਦੂਆਂ ਦੇ ਵਿਰਲਾਪ ਤੇ ਅਰਜ਼ੋਈਆਂ ਸੁਣ ਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਖਾਲਸਈ ਫੌਜਾਂ ਨਾਲ ਅਬਦਾਲੀ ’ਤੇ ਹਮਲਾ ਕਰਕੇ 2200 ਬੱਚੀਆਂ ਨੂੰ ਛੁਡਵਾਇਆ, ਓਦੋਂ ਤਾਂ ਇਹ ਲੋਕ ਗੀਤ ਹੀ ਬਣ ਗਏ ਸਨ—

ਵੇ ਮੋੜੀ ਭਾਈ ਕੱਛ ਵਾਲਿਆ ਸਿਰਦਾਰਾ।
ਧੀ ਸਾਡੀ ਗਈ, ਬਸਰੇ ਨੂੰ ਗਈ।
ਇਨ੍ਹਾਂ ਦੀਆਂ ਗੁੱਡੀਆਂ ਭੁਆਈਂ ਸਿੰਘ ਛਈ।
ਵੇ ਮੋੜੀ ਭਾਈ ਕੱਛ ਵਾਲਿਆ ਸਿਰਦਾਰਾ।

ਸਮਾਂ ਆਪਣੀ ਰਫ਼ਤਾਰ ਨਾਲ ਚੱਲਿਆ। ਦਿੱਲੀ ਦਰਬਾਰ ਦੇ ਆਗੂ ਅਯਾਸ਼ ਤੇ ਕਮਜ਼ੋਰ ਹੋਏ। ਖਾਲਸੇ ਨੇ ਸਮੇਂ ਦੀ ਨਬਜ਼ ਪਛਾਣਦਿਆਂ 8 ਮਾਰਚ 1783 ਨੂੰ ਦਿੱਲੀ ’ਤੇ ਹਮਲਾ ਕਰ ਦਿੱਤਾ। ਸ੍ਰ. ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸ੍ਰ. ਬਘੇਲ ਸਿੰਘ ਅਤੇ ਸਰਦਾਰ ਰਾਏ ਸਿੰਘ ਹੁਰਾਂ ਲਾਲ ਕਿਲ੍ਹੇ ਵਿਚ ਦਾਖ਼ਲ ਹੋ ਕੇ ਖਾਲਸੇ ਦਾ ਨੀਲੇ ਰੰਗ ਦਾ ਨਿਸ਼ਾਨ ਸਾਹਿਬ ਲਹਿਰਾ ਦਿੱਤਾ। ਦਿੱਲੀ ਵਿਚ ਸਰਦਾਰ ਬਘੇਲ ਸਿੰਘ ਤੀਹ (30000) ਹਜ਼ਾਰ ਸਿੱਖ ਫੌਜ ਲੈ ਕੇ ਜਿਸ ਥਾਂ ਠਹਿਰਿਆ ਹੋਇਆ ਸੀ ਉਸ ਥਾਂ ਨੂੰ ਅੱਜ ਤੀਸ ਹਜ਼ਾਰੀ ਕਹਿਆ ਜਾਂਦਾ ਹੈ। ਦਿੱਲੀ ਦਾ ਹਾਈਕੋਰਟ ਵੀ ਤੀਸ ਹਜ਼ਾਰੀ ਵਿਚ ਹੀ ਹੈ। ਖਾਲਸੇ ਨੇ ਲਾਲ ਕਿਲ੍ਹੇ ਦੀ ਜਿੱਤ ਦੀ ਖੁਸ਼ੀ ਵਿਚ ਜਿਸ ਪੁੱਲ ’ਤੇ ਮਿਠਾਈ ਵੰਡੀ ਸੀ ਉਸ ਪੁੱਲ ਦਾ ਨਾਂ ਹੀ “ਪੁਲ ਮਿਠਾਈ” ਚੱਲ ਪਿਆ।

1799 ਨੂੰ ਸਰਦਾਰਨੀ ਸਦਾ ਕੌਰ ਦੀ ਅਗਵਾਈ ਹੇਠ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਤੇ ਕਬਜ਼ਾ ਕਰਕੇ ਖਾਲਸਾ ਰਾਜ ਸਥਾਪਿਤ ਕਰ ਦਿੱਤਾ ਜਿਸ ਨੂੰ ਸ਼ਾਹ ਮੁਹੰਮਦ ਇੰਝ ਲਿਖਦਾ ਹੈ—

ਮਹਾਰਾਜਾ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਕ ਨਿਵਾਇ ਗਿਆ।
ਮੁਲਤਾਨ, ਕਸ਼ਮੀਰ, ਪਿਸ਼ੌਰ ਚੰਬਾ,
ਜੰਮੂ ਕਾਂਗੜਾ ਕੋਟ ਛਡਾਇ ਗਿਆ।
ਤਿੱਬਤ ਦੇਸ਼ ਲੱਦਾਖ ਤੇ ਚੀਨ ਤੋੜੀਂ,
ਸਿੱਕਾ ਆਪਣੇ ਨਾਂ ਦਾ ਚਲਾਏ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,

**14 ਅਗਸਤ ਨੂੰ ਪਾਕਿਸਤਾਨ ਤੇ 15 ਅਗਸਤ ਨੂੰ ਹਿੰਦੁਸਤਾਨ ਬਣ ਗਿਆ। ਪੰਜਾਬ ਵਿਚ ਛੇਵਾਂ ਦਰਿਆ ਖ਼ੂਨ ਦਾ ਵੱਗਿਆ। ਇਹੀ ਹਾਲ ਬੰਗਾਲ ਦਾ ਹੋਇਆ। ਪੰਜਾਬ ਦੇ ਟੁਕੜੇ ਕਰਨ ਵਿਚ ਮਹਾਸ਼ਾ ਪ੍ਰੈਸ ਨੇ ਆਪਣੀ ਵਲੋਂ ਪੂਰਾ ਰੋਲ ਨਿਭਾਇਆ ਗਿਆ। 10 ਅਕਤੂਬਰ 1947 ਨੂੰ ਸਿੱਖ ਕੌਮ ਪ੍ਰਤੀ ਜ਼ਰਾਇਮ ਪੇਸ਼ਾ ਸ਼ਬਦ ਵਰਤਦਿਆਂ ਭਾਰਤ ਸਰਕਾਰ ਨੇ ਭੋਰਾ ਸ਼ਰਮ ਮਹਿਸੂਸ ਨਾ ਕੀਤੀ। ਜਿਹੜੇ ਹਾਲਾਤ ਸਿੱਖਾਂ ਲਈ ਅੱਜ ਬਣੇ ਹਨ ਪੰਜਾਬ ਨੂੰ ਲਿਤਾੜਨ ਵਾਲੇ ਓਦੋਂ ਵੀ ਇਹੋ ਜਿਹੇ ਬਣੇ ਸਨ। ਜੇ ਅੱਜ ਅਕਾਲੀ ਦਲ ਬਿਨਾਂ ਸ਼ਰਤ ਭਾਰਤੀ ਜਨਤਾ ਪਾਰਟੀ ਦੀ ਹਮਾਇਤ ਕਰਦਾ ਹੈ ਤਾਂ ਓਦੋਂ ਵੀ ਕੁਝ ਸਿੱਖ ਕਾਂਗਰਸ ਦੀ ਝੋਲ਼ੀ ਵਿਚ ਪੈ ਗਏ ਸਨ, ਉਹ ਵੀ ਪੰਜਾਬ ਦੇ ਹੱਕਾਂ ਵਲੋਂ ਮੂੰਹ ਮੋੜ ਗਏ ਸਨ। ਕਿਹਾ ਜਾ ਸਕਦਾ ਹੈ ਸਿੱਖ ਲੀਡਰਾਂ ਵਿਚ ਲਾਲਚ ਜਨਮ ਲੈ ਚੁੱਕਿਆ ਸੀ। 26 ਨਵੰਬਰ 1949 ਨੂੰ ਭਾਰਤ ਦੇ ਸੰਵਿਧਾਨ ਤੇ ਸਰਦਾਰ ਹੁਕਮ ਸਿੰਘ, ਸਰਦਾਰ ਭੁਪਿੰਦਰ ਸਿੰਘ ਮਾਨ ਨੇ ਦਸਤਖ਼ਤ ਨਹੀਂ ਕੀਤੇ ਸਨ, ਬਾਕੀ ਬਲਦੇਵ ਸਿੰਘ, ਗੁਰਮੁਖ ਸਿੰਘ ਮੁਸਾਫ਼ਿਰ ਨੇ ਦਸਤਖ਼ਤ ਕਰ ਦਿੱਤੇ ਸਨ।**

**ਪੰਜਾਬ ਦੀਆਂ ਹੱਕੀਕੀ ਮੰਗਾਂ, ਪੰਜਾਬੀ ਬੋਲਦੇ ਇਲਾਕੇ, ਪਾਣੀਆਂ ਦੀ ਗੈਰ ਕੁਦਰਤੀ ਵੰਡ, ਬਿਜਲੀ ਡੈਮਾਂ 'ਤੇ ਪੰਜਾਬ ਦਾ ਕੰਟਰੋਲ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਪੰਜਾਬ ਨੂੰ ਦੇਣ ਸਬੰਧੀ ਫੌਜ ਵਿਚ ਸਿੱਖਾਂ ਨੂੰ ਬਣਦੀ ਥਾਂ ਦੇਣੀ ਤੇ ਰਾਜਾਂ ਨੂੰ ਵੱਧ ਅਧਿਕਾਰਾਂ ਦੀ ਮੰਗ ਕਰਨ ਨੂੰ ਕੇਂਦਰ ਸਰਕਾਰ ਵੱਖਰੇ ਰਾਜ ਦੀ ਮੰਗ ਸਾਬਤ ਕਰਨ 'ਤੇ ਲੱਗੀ ਰਹੀ। ਭਾਰਤ ਦੀ ਕੇਂਦਰੀ ਸਰਕਾਰ, ਮਹਾਸ਼ਾ ਅਖ਼ਬਾਰਾਂ ਬਹੁਤਾਤ ਵਿਚ ਪੰਜਾਬ ਵਸਦੇ ਸਿੱਖਾਂ ਨੂੰ ਦੇਸ਼ ਵਿਰੋਧੀ ਪੇਸ਼ ਕਰਨ 'ਤੇ ਲੱਗੇ ਰਹੇ। ਅਸਲ ਵਿਚ ਨੈਸ਼ਨਲ ਕਾਂਗਰਸ ਪਾਰਟੀ ਪੰਜਾਬ ਨੂੰ ਦੇਸ਼ ਵਿਰੋਧੀ ਸਾਬਤ ਕਰਦੀ ਆਪਣੀ ਹੋਂਦ ਹੀ ਖਤਮ ਕਰਨ 'ਤੇ ਆ ਗਈ ਹੈ। ਨਿਰਾ ਕਾਂਗਰਸ ਹੀ ਕਟਹਿਰੇ ਵਿਚ ਖੜੀ ਨਹੀਂ ਹੁੰਦੀ ਸਗੋਂ ਭਾਰਤੀ ਜਨਤਾ ਪਾਰਟੀ, ਸੱਜੇ ਖੱਬੇ ਕਾਮਰੇਡ ਤੇ ਪੰਜਾਬ ਦੀਆਂ ਹੋਰ ਨਿੱਕੀਆਂ ਮੋਟੀਆਂ ਪਾਰਟੀਆਂ ਵੀ ਪੰਜਾਬ ਦੇ ਹੱਕਾਂ ਲਈ ਕਦੇ ਖੜੀਆਂ ਨਹੀਂ ਹੋਈਆਂ। ਸਭ ਤੋਂ ਵੱਡਾ ਦੁਖਾਂਤ ਹੈ ਕਿ ਸਿੱਖਾਂ ਦੀਆਂ ਹੱਕੀ ਮੰਗਾਂ ਨੂੰ ਵੱਖਵਾਦੀ, ਆਤੰਕਵਾਦੀ ਦੇਸ਼ ਵਿਰੋਧੀ ਤੇ ਦੇਸ਼ ਦੇ ਟੁਕੜੇ ਕਰਨ ਵਾਲੀਆਂ ਮੰਗਾਂ ਕਹਿ ਕੇ ਬਦਨਾਮ ਕੀਤਾ ਗਿਆ।**

ਹੱਛਾ ਰੱਜ ਕੇ ਰਾਜ ਕਮਾਏ ਗਿਆ।

ਦੇਸ਼ ਪੰਜਾਬ ਵਿਚ ਸਾਰੀਆਂ ਕੌਮਾਂ ਬਹੁਤ ਰਾਜ਼ੀ ਖੁਸ਼ ਰਹਿੰਦੇ ਸਨ—

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ 'ਤੇ ਆਫ਼ਤ ਆਈ।
ਸ਼ਾਹ ਮੁਹੰਮਦਾ ਵਿੱਚ ਪੰਜਾਬ ਦੇ ਜੀ,
ਕਦੇ ਨਹੀਂ ਸੀ ਤੀਸਰੀ ਜਾਤ ਆਈ।

ਅੰਗਰੇਜ਼ਾਂ ਦਾ ਹਿੰਦੁਸਤਾਨ ਤੇ ਕਬਜ਼ਾ ਸੀ ਪਰ ਦੇਸ਼-ਪੰਜਾਬ (ਵੱਖਰਾ ਮੁਲਕ) ਬਚਿਆ ਹੋਇਆ ਸੀ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਉਪਰੰਤ ਅੰਗਰੇਜ਼ਾਂ ਨੇ ਪੰਜਾਬ 'ਤੇ ਹਮਲੇ ਦੀ ਵਿਉਂਤਬੰਦੀ ਕੀਤੀ। ਇਸ ਮਾਜਰੇ ਨੂੰ ਸ਼ਾਹ ਮੁਹੰਮਦ ਲਿਖਦੇ ਹਨ—

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੀ।

ਸ਼ਾਹ ਮੁਹੰਮਦ ਇਸ ਗੱਲ ਨੂੰ ਪੱਕਿਆ ਕਰਦਾ ਹੈ ਕਿ ਦੇਸ਼ ਪੰਜਾਬ ਬਹੁਤ ਸੁੱਖੀ ਵੱਸਦਾ ਮੁਲਕ ਸੀ ਪਰ ਜਦੋਂ ਅੰਗਰੇਜ਼ਾਂ ਦੇ ਹਮਲੇ ਵਿਚ ਹਿੰਦੁਸਤਾਨੀ ਦੇ ਪੂਰਬੀ ਤੇ ਦੱਖਣੀ ਸਾਰੇ ਸ਼ਾਮਿਲ ਹੋਏ।

ਸਿੰਘਾਂ ਮਾਰ ਕੇ ਕਟਕ ਮੁਕਾਇ ਦਿੱਤੇ,
ਹਿੰਦੁਸਤਾਨੀ ਤੇ ਪੂਰਬੀ ਦੱਖਣੀ ਜੀ।

ਅੰਗਰੇਜ਼ਾਂ ਨੇ ਪੰਜਾਬ ਦਾ ਇਤਿਹਾਸ, ਸਿੱਖ ਵਿਰਸਾ, ਸਿੱਖ ਸਰੋਕਾਰਾਂ ਤੇ ਸਿੱਖ ਸਭਿਆਚਾਰ ਨੂੰ ਬਦਲਣ ਲਈ ਆਪਣੇ ਹਿਸਾਬ ਨਾਲ ਵਿਦਵਾਨਾਂ ਕੋਲੋਂ ਪੁਸਤਕਾਂ ਲਿਖਾ ਕੇ ਨਵੀਂ ਪਿਰਤ ਪਾਉਣ ਦਾ ਯਤਨ ਕੀਤਾ ਤੇ ਇਸ ਵਿਚ ਉਹ ਕਾਮਯਾਬ ਵੀ ਹੋਏ। ਸਭ ਤੋਂ ਪਹਿਲਾਂ ਗੁਰਮੁਖੀ ਕਾਇਦੇ ਅਤੇ ਸ਼ਸਤਰ ਉਹਨਾਂ ਨੇ ਜਮ੍ਹਾਂ ਕਰਾ ਲਏ ਤਾਂ ਕਿ ਪੰਜਾਬ ਦੇ ਲੋਕ ਵਿਦਿਆ ਦੇ ਪੱਖੋਂ ਅੱਗੇ ਨਾ ਵਧ ਸਕਣ। ਥੋੜੇ ਸਮੇਂ ਵਿਚ ਹੀ ਪੰਜਾਬ ਦੇ ਬਾਸ਼ਿੰਦਿਆਂ ਨੇ ਅਜ਼ਾਦੀ ਨੂੰ ਸਮਝਣਾ ਸ਼ੁਰੂ ਕੀਤਾ। ਸਿੱਖ ਕੌਮ ਦੇ ਵਿਚਾਰਵਾਨਾਂ ਨੇ ਗਦਰ ਪਾਰਟੀ ਰਾਹੀਂ ਅਜ਼ਾਦੀ ਦਾ ਬਿਗਲ ਵਜਾ ਦਿੱਤਾ। ਕਾਮਾ ਗਾਟਾ ਮਾਰੂ ਜਹਾਜ਼ ਆਦਿ ਵਰਗੀਆਂ ਲਹਿਰਾਂ ਸਿੱਖੀ ਇਨਕਲਾਬ ਦੀਆਂ ਸਨ।

ਸਿੱਖ ਮਨਾਂ ਵਿਚ ਸਿੱਖ ਰਾਜ ਦਾ ਸੰਕਲਪ ਕਦੇ ਵੀ ਮੱਠਾ ਨਹੀਂ ਪਿਆ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ ਰਾਜ ਕਰੇਗਾ ਖਾਲਸਾ ਦੇ ਸ਼ਬਦ ਸਾਡੀ ਅਰਦਾਸ ਦਾ ਹਿੱਸਾ ਬਣ ਗਏ। ਜਦੋਂ ਅਜ਼ਾਦੀ ਦੀ ਲਹਿਰ ਚੱਲੀ ਤਾਂ ਸਿੱਖ ਨੇਤਾਵਾਂ ਦੇ ਮਨਾਂ ਵਿਚ ਇਹ ਗੱਲ ਉਕਰੀ ਹੋਈ ਸੀ ਕਿ ਜੇ ਅੰਗਰੇਜ਼ਾਂ ਜਾਣਾ ਹੈ ਤਾਂ ਪੰਜਾਬ, ਸਿੱਖਾਂ ਦੇ ਹਵਾਲੇ ਕਰਕੇ ਜਾਣਗੇ (ਖੁਸ਼ਵੰਤ ਸਿੰਘ ਸਿੱਖ ਇਤਿਹਾਸ ਭਾਗ ਦੂਜਾ ਪੰਨਾ 285)

ਜਿਵੇਂ ਵੀ ਸਿੱਖ ਨੇਤਾਵਾਂ ਵਿਚ ਆਪਣੇ ਰਾਜ ਦਾ ਸੰਕਲਪ ਆਉਂਦਾ ਰਿਹਾ ਓਦੋਂ ਹੀ ਕੋਈ ਨਾ ਕੋਈ ਬਹਾਨਾ ਮਾਰ ਕੇ ਸਿੱਖ ਨੇਤਾਵਾਂ ਨੂੰ ਪਤਿਆ ਲਿਆ ਜਾਂਦਾ। ਇਸ ਦੀ ਇਕ ਮਿਸਾਲ ਸ੍ਰ. ਖੁਸ਼ਵੰਤ ਸਿੰਘ ਸਿੱਖ ਇਤਿਹਾਸ ਦੇ ਭਾਗ ਦੂਜਾ ਦੇ ਪੰਨਾ 286 ਲਿਖਦੇ ਹਨ, "ਜਿਉਂ ਹੀ ਪੰਜਾਬ ਦੇ ਬਟਵਾਰੇ ਦੀ ਤਾਰੀਖ਼ ਨੇੜੇ ਆਈ ਤਾਂ ਭਾਊ ਅਲੀ ਜਨਾਹ ਨੇ ਕਿਹਾ ਕਿ ਸਿੱਖ ਪਾਕਿਸਾਤਨ ਵਿਚ ਆਉਣਾ ਚਾਹੁੰਦੇ ਹਨ ਤਾਂ ਉਹਨਾਂ ਦੀ ਜਾਨ, ਮਾਲ-ਜਾਇਦਾਦ, ਧਰਮ ਦੇ ਆਜ਼ਾਦੀ ਤੇ ਜੋ ਅਧਿਕਾਰ ਉਹਨਾਂ ਨੂੰ ਅੰਗਰੇਜ਼ਾਂ ਵਲੋਂ ਮਿਲੇ, ਉਹਨਾਂ ਦੀ ਸੁਰੱਖਿਆ ਦੀ ਜ਼ਾਮਨੀ ਦੇਵੇਗਾ"। ਦੂਸਰੇ ਪਾਸੇ ਕਾਂਗਰਸ ਦੇ ਨੇਤਾਵਾਂ ਨੇ ਜਿਨ੍ਹਾਂ ਨਾਲ ਉਹਨਾਂ ਦੇ ਮੁਸਲਮਾਨ ਲੀਗ ਦੇ ਨੇਤਾਵਾਂ ਨਾਲੋਂ ਵਧੇਰੇ ਨਿਕਟਵਰਤੀ ਸੰਬੰਧ ਸਨ ਤੇ ਤਸੱਲੀ ਵੀ ਦਿਵਾਈ ਕਿ ਭਾਰਤ ਵਿਚ ਸਿੱਖ ਅਜ਼ਾਦੀ ਨਾਲ ਰਹਿਣਗੇ। ਮਾਰਚ 1931 ਵਿਚ ਗੁਰਦੁਆਰਾ ਸੀਸਗੰਜ ਵਿਚ ਮਹਾਤਮਾ ਗਾਂਧੀ ਨੇ ਕਿਹਾ, ਕਿ, "ਸਿੱਖ ਮਿਤਰਾਂ ਨੂੰ ਕੋਈ ਐਸਾ ਡਰ ਨਹੀਂ ਹੋਣਾ ਚਾਹੀਦਾ ਕਿ ਕਾਂਗਰਸ ਉਹਨਾਂ ਨਾਲ ਕੋਈ ਧੋਖਾ ਕਰੇਗੀ", ਗਾਂਧੀ ਨੇ ਅੱਗੇ ਕਿਹਾ ਕਿ "ਜੇ ਕਾਂਗਰਸ ਨੇ ਐਸਾ ਕੀਤਾ ਤਾਂ ਕਾਂਗਰਸ ਤੇ ਮੁਲਕ ਦੀ ਬਰਬਾਦੀ ਹੋਵੇਗੀ"। ਗਾਂਧੀ ਨੇ ਇਹ ਵੀ ਕਿਹਾ ਕਿ "ਸਿੱਖ ਇਕ ਬਹਾਦਰ ਕੌਮ ਹੈ"। ਅਜਿਹੀ ਹਾਲਤ ਵਿਚ ਇਹ ਖੰਡਾ ਵੀ ਖੜਕਾ ਸਕਦੇ ਹਨ 1946 ਨੂੰ ਕਾਂਗਰਸ ਦੀ ਵਰਕਿੰਗ ਕਮੇਟੀ ਨੇ ਵੀ ਸਿੱਖਾਂ ਦੇ ਹੱਕਾਂ ਦੀ ਗੱਲ ਪ੍ਰਪੱਕਤਾ ਨਾਲ ਕੀਤੀ।

1947 ਘੁੱਗ ਵੱਸਦੇ ਪੰਜਾਬ ਲਈ ਤਬਾਹੀ ਤੇ ਜ਼ੁਲਮ ਦੀ ਹਨੇਰੀ ਲੈ ਕੇ ਆਈ। ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਅਬਾਦ ਕੀਤੀ ਜ਼ਮੀਨ ਸਾਨੂੰ ਛੱਡਣੀ ਪਏਗੀ। ਉਸਦਾਦ ਦਾਮਨ ਕਵੀ ਬੜੀ ਸ਼ਿੱਦਤ ਨਾਲ ਲਿਖਦਾ ਹੈ—

ਇਸ ਮੁਲਕ ਦੀ ਵੰਡ ਕੋਲੋਂ ਯਾਰੋ,
ਖੋਏ ਤੁਸੀਂ ਵੀ ਹੋ ਖੋਏ ਅਸੀਂ ਵੀ ਹਾਂ।
ਭਾਵੇਂ ਮੂੰਹ ਤੋਂ ਨਾ ਕਹੀਏ ਪਰ ਵਿਚੋਂ ਵਿੱਚੀ,
ਰੋਏ ਤੁਸੀਂ ਵੀ ਹੋ ਖੋਏ ਅਸੀਂ ਵੀ ਹਾਂ।
ਇਹਨਾਂ ਅਜ਼ਾਦੀਆਂ ਹੱਥੋਂ ਬਰਬਾਦ ਹੋਣਾ,
ਹੋਏ ਤੁਸੀਂ ਵੀ ਹੋ ਹੋਏ ਅਸੀਂ ਵੀ ਹਾਂ।
ਲਾਲੀ ਅੱਖੀਆਂ ਦੀ ਪਈ ਦਸਦੀ ਏ,
ਰੋਏ ਤੁਸੀਂ ਵੀ ਹੋ ਰੋਏ ਅਸੀਂ ਵੀ ਹਾਂ।

14 ਅਗਸਤ ਨੂੰ ਪਾਕਿਸਤਾਨ ਤੇ 15 ਅਗਸਤ ਨੂੰ ਹਿੰਦੁਸਤਾਨ ਬਣ ਗਿਆ। ਪੰਜਾਬ ਵਿਚ ਛੇਵਾਂ ਦਰਿਆ ਖ਼ੂਨ ਦਾ ਵੱਗਿਆ। ਇਹੀ ਹਾਲ ਬੰਗਾਲ ਦਾ ਹੋਇਆ। ਪੰਜਾਬ ਦੇ ਟੁਕੜੇ ਕਰਨ ਵਿਚ ਮਹਾਸ਼ਾ ਪ੍ਰੈਸ ਨੇ ਆਪਣੀ ਵਲੋਂ ਪੂਰਾ ਰੋਲ ਨਿਭਾਇਆ ਗਿਆ। 10 ਅਕਤੂਬਰ 1947 ਨੂੰ ਸਿੱਖ ਕੌਮ ਪ੍ਰਤੀ ਜ਼ਰਾਇਮ ਪੇਸ਼ਾ ਸ਼ਬਦ ਵਰਤਦਿਆਂ ਭਾਰਤ ਸਰਕਾਰ ਨੇ ਭੋਰਾ ਸ਼ਰਮ ਮਹਿਸੂਸ ਨਾ ਕੀਤੀ। ਜਿਹੜੇ ਹਾਲਾਤ ਸਿੱਖਾਂ ਲਈ ਅੱਜ ਬਣੇ ਹਨ ਪੰਜਾਬ ਨੂੰ ਲਿਤਾੜਨ ਵਾਲੇ ਓਦੋਂ ਵੀ ਇਹੋ ਜਿਹੇ ਬਣੇ ਸਨ। ਜੇ ਅੱਜ ਅਕਾਲੀ ਦਲ ਬਿਨਾਂ ਸ਼ਰਤ ਭਾਰਤੀ ਜਨਤਾ ਪਾਰਟੀ ਦੀ ਹਮਾਇਤ ਕਰਦਾ ਹੈ ਤਾਂ ਓਦੋਂ ਵੀ ਕੁਝ ਸਿੱਖ ਕਾਂਗਰਸ ਦੀ ਝੋਲੀ ਵਿਚ ਪੈ ਗਏ ਸਨ, ਉਹ ਵੀ ਪੰਜਾਬ ਦੇ ਹੱਕਾਂ ਵਲੋਂ ਮੂੰਹ ਮੋੜ ਗਏ ਸਨ। ਕਿਹਾ ਜਾ ਸਕਦਾ ਹੈ ਸਿੱਖ ਲੀਡਰਾਂ ਵਿਚ ਲਾਲਚ ਜਨਮ ਲੈ ਚੁੱਕਿਆ ਸੀ। 26 ਨਵੰਬਰ 1949 ਨੂੰ ਭਾਰਤ ਦੇ ਸੰਵਿਧਾਨ ਤੇ ਸਰਦਾਰ ਹੁਕਮ ਸਿੰਘ, ਸਰਦਾਰ ਭੁਪਿੰਦਰ ਸਿੰਘ ਮਾਨ ਨੇ ਦਸਤਖ਼ਤ ਨਹੀਂ ਕੀਤੇ ਸਨ, ਬਾਕੀ ਬਲਦੇਵ ਸਿੰਘ, ਗੁਰਮੁਖ ਸਿੰਘ ਮੁਸਾਫ਼ਿਰ ਨੇ ਦਸਤਖ਼ਤ ਕਰ ਦਿੱਤੇ ਸਨ।

ਪਿਛਲੇ 75 ਸਾਲਾਂ ਤੋਂ ਪੰਜਾਬ ਨਾਲ ਹੋਈਆਂ ਵਧੀਕੀਆਂ ਨੂੰ ਪੰਜਾਬ ਦਾ ਦਰਦ ਰੱਖਣ ਵਾਲਿਆਂ ਨੇ ਬੇ-ਸ਼ੁਮਾਰ ਪੁਸਤਕਾਂ ਲਿਖੀਆਂ ਹਨ। ਇਹ ਤਾਂ ਪੰਜਾਬ ਨੂੰ ਲਿਤਾੜਨ ਦੀ ਸਿਰਫ ਪੇਤਲੀ ਜਿਹੀ ਜਾਣਕਾਰੀ ਹੈ। ਖੁਸਵੰਤ ਸਿੰਘ 288 'ਤੇ ਲਿਖਦੇ ਹਨ ਕਿ "ਭਾਰਤ ਸਰਕਾਰ ਨੇ ਸਿੱਖਾਂ ਨਾਲ ਨਜਿਠਦਿਆਂ ਘੱਟ ਹੀ ਸੂਝ ਸਿਆਣਪ ਵਰਤੀ ਹੈ। ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਤੇ ਰਾਜਸਥਾਨ ਵਿੱਚ

ਆ ਕੇ ਵੱਸੇ ਹੋਏ ਸਿਖਾਂ ਨੂੰ ਸ਼ੱਕ ਦੀਆਂ ਨਜ਼ਰਾਂ ਨਾਲ ਵੇਖਿਆ ਗਿਆ"।

ਪੰਜਾਬ ਨੂੰ ਲਿਤਾੜਨ ਦੀ ਦਾਸਤਾ ਕਾਂਗਰਸ ਵਲੋਂ ਸ਼ੁਰੂ ਕੀਤੀ ਗਈ। ਭਾਰਤੀ ਰਾਸ਼ਟਰੀ ਕਾਂਗਰਸ ਭਾਸ਼ਾਈ ਪ੍ਰਾਂਤਾਂ ਦੇ ਸਿਧਾਂਤ ਪ੍ਰਤੀ ਵਚਨਬੱਧ ਸੀ। ਪ੍ਰੰਤੂ ਸੁਤੰਤਰਤਾ ਤੋਂ ਪਿੱਛੋਂ ਇਹਦੇ ਦ੍ਰਿਸ਼ਟੀਕੋਨ ਵਿਚ ਤਬਦੀਲੀ ਆ ਗਈ ਕਾਨੂੰਨ ਸਾਜ਼ ਕਮੇਟੀ ਨੇ ਪੰਜਾਬ ਛੱਡ ਕੇ ਬਾਕੀ ਰਾਜਾਂ ਦੀ ਹੱਦ ਬੰਦੀਕਰਨ ਦੀਆਂ ਸੰਭਾਵਨਾ ਦਾ ਪਤਾ ਲਾਉਣ ਲਈ ਕਮੇਟੀ ਕਾਇਮ ਕੀਤੀ ਗਈ।

1955 ਨੂੰ ਪੰਜਾਬੀ ਸੂਬੇ ਲਈ ਮੋਰਚਾ ਲਾਉਣਾ ਪਿਆ ਜਿਸ ਨੂੰ ਭੀਮ ਸੈਨ ਸੱਚਰ ਸਿੱਖ ਸਟੇਟ ਕਹਿ ਕੇ ਬਦਨਾਮ ਕਰਨ ਵਿਚ ਲੱਗਾ ਹੋਇਆ ਸੀ। 4 ਜੁਲਾਈ 1955 ਨੂੰ ਦਰਬਾਰ ਸਾਹਿਬ ਦੀ ਘੇਰਾਬੰਦੀ ਕੀਤੀ। ਸਿੱਖਾਂ ਨੂੰ ਬਣਦੇ ਹੱਕ ਤਾਂ ਕੀ ਦੇਣੇ ਸਨ ਸਗੋਂ ਲਿਤਾੜਨ ਦਾ ਹੀ ਯਤਨ ਕੀਤਾ ਜਾਂਦਾ ਰਿਹਾ। 16 ਨਵੰਬਰ 1981 ਤੋਂ ਲੈ ਕੇ 2 ਫਰਵਰੀ 1984 ਭਾਰਤ ਸਰਕਾਰ ਵਲੋਂ 26 ਮੀਟਿੰਗਾਂ ਹੋਈਆਂ। ਮੌਕੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਮੰਗਾਂ ਮੰਨ ਕੇ ਮੁਕਰਦੀ ਰਹੀ ਸ੍ਰ. ਖੁਸ਼ਵੰਤ ਸਿੰਘ ਸਿੱਖ ਇਤਿਹਾਸ ਪੰਨਾ 341

ਪੰਜਾਬ ਦੀਆਂ ਹੱਕੀਕੀ ਮੰਗਾਂ, ਪੰਜਾਬੀ ਬੋਲਦੇ ਇਲਾਕੇ, ਪਾਣੀਆਂ ਦੀ ਗੈਰ ਕੁਦਰਤੀ ਵੰਡ, ਬਿਜਲੀ ਡੈਮਾਂ 'ਤੇ ਪੰਜਾਬ ਦਾ ਕੰਟਰੋਲ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਪੰਜਾਬ ਨੂੰ ਦੇਣ ਸਬੰਧੀ ਫੌਜ ਵਿਚ ਸਿੱਖਾਂ ਨੂੰ ਬਣਦੀ ਥਾਂ ਦੇਣੀ ਤੇ ਰਾਜਾਂ ਨੂੰ ਵੱਧ ਅਧਿਕਾਰਾਂ ਦੀ ਮੰਗ ਕਰਨ ਨੂੰ ਕੇਂਦਰ ਸਰਕਾਰ ਵੱਖਰੇ ਰਾਜ ਦੀ ਮੰਗ ਸਾਬਤ ਕਰਨ 'ਤੇ ਲੱਗੀ ਰਹੀ। ਭਾਰਤ ਦੀ ਕੇਂਦਰੀ ਸਰਕਾਰ, ਮਹਾਸ਼ਾ ਅਖ਼ਬਾਰਾਂ ਬਹੁਤਾਤ ਵਿਚ ਪੰਜਾਬ ਵਸਦੇ ਸਿੱਖਾਂ ਨੂੰ ਦੇਸ਼ ਵਿਰੋਧੀ ਪੇਸ਼ ਕਰਨ 'ਤੇ ਲੱਗੇ ਰਹੇ। ਅਸਲ ਵਿਚ ਨੈਸ਼ਨਲ ਕਾਂਗਰਸ ਪਾਰਟੀ ਪੰਜਾਬ ਨੂੰ ਦੇਸ਼ ਵਿਰੋਧੀ ਸਾਬਤ ਕਰਦੀ ਆਪਣੀ ਹੋਂਦ ਹੀ ਖਤਮ ਕਰਨ 'ਤੇ ਆ ਗਈ ਹੈ। ਨਿਰਾ ਕਾਂਗਰਸ ਹੀ ਕਟਹਿਰੇ ਵਿਚ ਖੜੀ ਨਹੀਂ ਹੁੰਦੀ ਸਗੋਂ ਭਾਰਤੀ ਜਨਤਾ ਪਾਰਟੀ, ਸੱਜੇ ਖੱਬੇ ਕਾਮਰੇਡ ਤੇ ਪੰਜਾਬ ਦੀਆਂ ਹੋਰ ਨਿੱਕੀਆਂ ਮੋਟੀਆਂ ਪਾਰਟੀਆਂ ਵੀ ਪੰਜਾਬ ਦੇ ਹੱਕਾਂ ਲਈ ਕਦੇ ਖੜੀਆਂ ਨਹੀਂ ਹੋਈਆਂ। ਸਭ ਤੋਂ ਵੱਡਾ ਦੁਖਾਂਤ ਹੈ ਕਿ ਸਿੱਖਾਂ ਦੀਆਂ ਹੱਕੀ ਮੰਗਾਂ ਨੂੰ ਵੱਖਵਾਦੀ, ਆਤੰਕਵਾਦੀ ਦੇਸ਼ ਵਿਰੋਧੀ ਤੇ ਦੇਸ਼ ਦੇ ਟੁਕੜੇ ਕਰਨ ਵਾਲੀਆਂ ਮੰਗਾਂ ਕਹਿ ਕੇ ਬਦਨਾਮ ਕੀਤਾ ਗਿਆ।

1947 ਤੋਂ ਲੈ ਕੇ ਹੁਣ ਤਕ ਪੰਜਾਬ ਨੂੰ ਕੇਂਦਰੀ ਸਰਕਾਰਾਂ ਵਲੋਂ ਲਿਤਾੜਨ ਦਾ ਪੂਰਾ ਯਤਨ ਕੀਤਾ ਗਿਆ। ਹਰ ਨਿੱਕੀ ਨਿੱਕੀ ਗੱਲ 'ਤੇ ਸਿੱਖ ਕੌਮ ਨੂੰ ਆਪਣੇ ਹੱਕਾਂ ਲਈ ਮੋਰਚੇ ਲਾਉਣੇ ਪਏ। ਸਭ ਤੋਂ ਵੱਧ ਦੁੱਖ ਓਦੋਂ ਹੋਇਆ ਜਦੋਂ ਸ਼ਕਲੋਂ ਸਿੱਖ ਦਿਸਣ ਵਾਲੇ ਕਾਂਗਰਸੀ ਸਿੱਖਾਂ ਨੇ ਪੰਜਾਬ, ਸਿੱਖ ਕੌਮ ਜਾਂ ਪੰਜਾਬ ਦੀਆਂ ਸਮੱਸਿਆਵਾਂ ਵਲ ਕੋਈ ਤਵੱਜੋਂ ਨਹੀਂ ਦਿੱਤੀ। ਇਹਨਾਂ ਲੀਡਰਾਂ ਦੀ ਲਿਸਟ ਵੀ ਬਹੁਤ ਲੰਬੀ ਹੈ ਜਿਨ੍ਹਾਂ ਨੇ ਕੇਵਲ ਆਪਣੇ ਪਰਿਵਾਰਾਂ ਦੇ ਹਿੱਤਾਂ ਦੀ ਹੀ ਪੂਰਤੀ ਕੀਤੀ ਹੈ। ਬਲਦੇਵ ਸਿੰਘ, ਪ੍ਰਤਾਪ ਸਿੰਘ ਕੈਰੋਂ, ਊਧਮ ਸਿੰਘ ਨਾਗੋਕੇ, ਗੁਰਮੁਖ ਸਿੰਘ ਮੁਸਾਫਿਰ, ਈਸ਼ਰ ਸਿੰਘ ਮਝੈਲ, ਸੋਹਣ ਸਿੰਘ ਜਲਾਲ ਉਸਮਾਂ ਆਦਿ ਨਾਮੀ ਸਿੱਖ ਆਗੂ ਕਾਂਗਰਸ ਨਾਲ ਰਲ ਕੇ ਚਲਣ ਲੱਗ ਪਏ ਸਨ।

ਮੁਲਕ ਵਿਚ ਕਾਂਗਰਸ ਪਾਰਟੀ ਹਕੂਮਤ ਕਰਦੀ ਰਹੀ ਹੈ ਇਸ ਨੇ ਹਮੇਸ਼ਾਂ ਪੰਜਾਬ ਨਾਲ ਫਰੇਬ, ਧੋਖਾ ਤੇ ਧੱਕਾ ਕੀਤਾ ਹੈ। ਪੰਜਾਬ ਦੇ ਹੱਕਾਂ ਲਈ ਕੇਵਲ ਸ਼੍ਰੋਮਣੀ ਅਕਾਲੀ ਦਲ ਡੱਟਦਾ ਰਿਹਾ। ਸੂਬਿਆਂ ਨੂੰ ਵੱਧ ਅਧਿਕਾਰ ਦੇਣ ਲਈ ਅਨੰਦਪੁਰ ਦਾ ਮਤਾ ਲਿਆਂਦਾ। ਕਾਂਗਰਸੀਆਂ ਅਤੇ ਬਾਕੀ ਪੰਜਾਬ ਦੀਆਂ ਪਾਰਟੀਆਂ ਇਸ ਮਤੇ ਦੇ ਵਿਰੋਧ ਵਿਚ ਉੱਤਰ ਆਈਆਂ। ਅਨੰਦਪੁਰ ਦੇ ਮਤੇ ਨੂੰ ਦੱਖਣੀ ਭਾਰਤ ਵਿਚੋਂ ਬਹੁਤ ਸਮਰਥਨ ਮਿਲਿਆ।

ਕੇਂਦਰ ਵਿਚ ਕਾਂਗਰਸ ਦੀ ਸਰਕਾਰ ਹੋਣ ਕਰਕੇ ਪੰਜਾਬ ਦਾ ਮੁੱਖ ਮੰਤਰੀ ਓਸੇ ਨੂੰ ਲਾਇਆ ਜਾਂਦਾ ਸੀ ਜਿਹੜਾ ਕੇਂਦਰ ਦੇ ਇਸ਼ਾਰੇ ਪੰਜਾਬ ਨਾਲ ਹੋ ਰਹੇ ਧੱਕੇ ਵਿਚ ਸਹਾਈ ਹੁੰਦਾ ਸੀ। ਰਾਜਸਥਾਨ ਨੂੰ ਦੋ ਨਹਿਰਾਂ ਕੱਢਣ ਲਈ ਸਰਦਾਰ ਕੈਰੋਂ ਨੇ ਦਸਤਖਤ ਕੀਤੇ ਤੇ ਸੁਪਰੀਮ ਕੋਰਟ ਵਿਚੋਂ ਜਿੱਤੀ ਬਾਜ਼ੀ ਹਾਰਨ ਲਈ ਦਰਬਾਰਾ ਸਿੰਘ ਨੇ ਇੰਦਰਾ ਗਾਂਧੀ ਦੀ ਘੁਰਕੀ 'ਤੇ ਸਤਲੁਜ ਜਮਨਾ ਲਿੰਕ ਨਹਿਰ ਦਾ ਕੇਸ ਵਾਪਸ ਲੈ ਲਿਆ। ਰਹਿੰਦੀ ਕਸਰ ਕੈਪਟਨ ਅਮਰਿੰਦਰ ਸਿੰਘ ਨੇ ਕੱਢ ਦਿੱਤੀ ਉਹਨਾਂ ਨੂੰ ਕਹਿਆ ਜਾਂਦਾ ਹੈ ਇਹ ਪੰਜਾਬ ਦੇ ਪਾਣੀਆਂ ਦੇ ਰਾਖੇ ਹਨ। ਦਰਅਸਲ ਸਤਲੁਜ ਜਮਨਾ ਲਿੰਕ ਨਹਿਰ ਦਾ ਮਤਾ ਤਾਂ ਪਾਸ ਕਰ ਦਿੱਤਾ ਪਰ ਜਿਹੜਾ ਪਹਿਲਾਂ ਪਾਣੀ ਜਾ ਰਿਹਾ ਹੈ ਉਸ 'ਤੇ ਅਸੀਂ ਕੋਈ ਕਾਰਵਾਈ ਨਹੀਂ ਕਰਾਂਗੇ। ਉਹ ਪਾਣੀ ਪਹਿਲਾਂ ਵਾਂਗ ਹੀ ਜਾਂਦਾ ਰਹੇਗਾ। ਚਾਹੀਦਾ ਸੀ ਕਿ ਜਿਹੜਾ ਪੰਜਾਬ ਦਾ ਬਾਕੀ ਸੂਬਿਆਂ ਨੂੰ ਮੁਫਤ ਪਾਣੀ ਜਾ ਰਿਹਾ ਹੈ ਉਸ ਦਾ ਮਾਲੀਆ ਪੰਜਾਬ ਸਰਕਾਰ ਨੂੰ ਮਿਲਣਾ ਚਾਹੀਦਾ ਹੈ। 1947 ਨੂੰ ਪੰਜਾਬ ਦਾ ਪਾਣੀ ਜਿਹੜਾ ਵੀਹ ਫੁੱਟ ਡੂੰਘਾ ਹੁੰਦਾ ਸੀ ਉਹ ਹੁਣ ਸਾਢੇ ਤਿੰਨ ਸੌ ਫੁੱਟ ਡੂੰਘਾ ਚਲਾ ਗਿਆ ਹੈ।

ਪਾਣੀਆਂ ਦੀ ਲੜਾਈ ਵਿਚ ਪੰਜਾਬ ਦੀ ਜਵਾਨੀ ਝੋਕੀ ਗਈ ਪਰ ਮਿਲਿਆ ਕੁਝ ਵੀ ਨਹੀਂ। 1947 ਦੇ ਸੰਤਾਪ ਉਪਰੰਤ ਇਕ ਵਾਰ ਫਿਰ ਪੰਜਾਬ ਨੇ 1980 ਤੋਂ ਲੈ ਕੇ 1997 ਤਕ ਸੰਤਾਪ ਭੋਗਿਆ। ਪਰਿਵਾਰਾਂ ਦੇ ਪਰਿਵਾਰ ਪੁਲੀਸ ਦੀ ਵਧੀਕੀ ਨੇ ਖਪਾ ਦਿੱਤੇ। ਅਕਾਲੀ ਦਲ ਮਗਰਮੱਛ ਦੇ ਅੱਥਰੂ ਕੇਰਦਾ ਰਿਹਾ। ਸਿੱਖਾਂ ਦੇ ਓਦੋਂ ਜ਼ਖ਼ਮ ਛਿੱਲੇ ਗਏ ਜਦੋਂ ਨੌਜਵਾਨੀ ਦਾ ਸ਼ਿਕਾਰ ਕਰਨ ਵਾਲੇ ਸਮੇਧ ਸੈਣੀ ਵਰਗੇ ਬਦਨਾਮ ਅਫ਼ਸਰ ਨੂੰ ਪੰਜਾਬ ਪੁਲੀਸ ਦਾ ਮੁਖੀ ਥਾਪਿਆ ਗਿਆ, ਓਦੋਂ ਜਦੋਂ ਅਕਾਲੀਆਂ ਦੀ ਸਰਕਾਰ ਸੀ। ਆਲਮ ਸੈਨਾ ਬਣਾਉਣ ਵਾਲੇ ਦੀ ਘਰਵਾਲੀ ਨੂੰ ਸ਼੍ਰੋਮਣੀ ਅਕਾਲੀ ਦਲ ਐਮ. ਐਲ. ਏ. ਦੀ ਟਿਕਟ ਦਿੰਦਾ ਹੈ। ਜੇ ਕਾਂਗਰਸ ਪੰਜਾਬ ਦੇ ਹੱਕਾਂ ਨੂੰ ਭੁੱਲ ਗਈ ਤਾਂ ਅਕਾਲੀ ਦਲ ਵਾਲਿਆਂ ਵੀ ਕੋਈ ਘੱਟ ਨਹੀਂ ਗੁਜ਼ਾਰੀ।

ਸੱਤਾ ਦੀ ਤਬਦੀਲੀ ਹੋਈ ਹੈ, ਆਮ ਆਦਮੀ ਪਾਰਟੀ ਨੂੰ ਪੰਜਾਬ ਦਾ ਰਾਜ ਭਾਗ ਮਿਲਿਆ ਹੈ। ਇਸ ਪਾਰਟੀ ਨੂੰ ਰਾਜ ਸਭਾ ਵਿਚ ਮੈਂਬਰ ਭੇਜਣ ਦਾ ਮੌਕਾ ਮਿਲਿਆ ਪਰ ਇਥੇ ਪੰਜਾਬੀਆਂ ਦੇ ਸੁਭਾਅ ਅਨੁਸਾਰ ਰਾਜ ਸਭਾ ਦੇ ਮੈਂਬਰ ਨਹੀਂ ਭੇਜੇ ਗਏ। ਪੰਜਾਬ ਦੇ ਅਵਾਮ ਦਾ ਰਾਜ ਸਭਾ ਵਿਚ ਮੈਂਬਰ ਭੇਜਣ ਦਾ ਤੌਰ ਤਰੀਕਾ ਸੰਘੋਂ ਨਹੀਂ ਲੱਥਾ। ਉਂਝ ਪਿਛਲੀਆਂ ਸਰਕਾਰਾਂ ਤੇ ਅਫ਼ਸਰਾਂ ਵਲੋਂ ਕੀਤੇ ਘੁਟਾਲਿਆਂ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਜੱਗ ਜ਼ਾਹਰ ਕਰ ਦੇਵੇ ਤਾਂ ਸ਼ਾਇਦ ਪੰਜਾਬ ਦਾ ਕੁਝ ਭਲਾ ਹੋ ਸਕੇ।

-0-

**ਸਫਾ 9 ਦਾ ਬਾਕੀ**

ਆਖ਼ਰ ਵਿਚ ਸਮੂਹ ਸ਼ਰਧਾਲੂ ਵੀਰਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਸਾਡਾ, ਗੁਰੂ ਗ੍ਰੰਥ ਤੇ ਗੁਰੂ-ਪੰਥ ਹੈ। ਰਹਿਤ ਮਰਯਾਦਾ ਅੰਦਰ ਲਿਖੇ ਸ਼ਬਦਾਂ ਨੂੰ ਪ੍ਰਗਟਾਉਣਾ ਲਾਹੇਵੰਦ ਹੋਵੇਗਾ, **"ਗੁਰੂ ਪੰਥ ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ 'ਗੁਰੂ-ਪੰਥ' ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸਦਾ ਅੰਤਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ।"** (ਪੰਨਾ 23, ਐਡੀਸ਼ਨ ਫਰਵਰੀ, 1995) ਪੰਥ ਦੇ ਕੁਝ ਵਿਦਵਾਨ ਇਸ ਗੱਲ ਤੇ ਦ੍ਰਿੜ ਹਨ ਕਿ ਗੁਰੂ ਸਾਹਿਬ ਨੇ ਗੁਰਿਆਈ ਗੁਰੂ ਖ਼ਾਲਸਾ ਪੰਥ ਨੂੰ ਸੌਂਪੀ, ਜਿਨ੍ਹਾਂ ਵਿਚ ਵਿਸ਼ੇਸ਼ ਤੌਰ ਤੇ ਭਾਈ ਅਰਦਮਨ ਸਿੰਘ ਜੀ ਬਾਗੜੀਆਂ ਸਨ। ਇਥੇ ਇਸ ਵਿਸ਼ੇ ਤੇ ਚਰਚਾ ਕਰਨਾ ਸਾਡਾ ਮੰਤਵ ਨਹੀਂ, ਮੁਖ ਮੰਤਵ ਇਹੀ ਹੈ ਕਿ ਕੌਮ ਅੰਦਰ ਕੁਰਬਾਨੀ, ਸੇਵਾ ਤੇ ਸਿੱਖ ਸਿੱਧਾਤਾਂ ਦਾ ਪ੍ਰਚਾਰ ਕੀਤਾ ਜਾਏ। ਅਜੇਹੇ ਨਵੇਂ ਵਹਿਮਾਂ ਤੋਂ ਉੱਪਰ ਉੱਠਣਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਪਦ-ਛੇਦ ਵਾਲੀ ਜਾ ਬਿਨਾਂ ਪਦ-ਛੇਦ ਵਾਲੀ ਪ੍ਰਕਾਸ਼ ਕੀਤੀ ਜਾਏ। ਇਸ ਤੇ ਭਰਮ ਨਹੀਂ ਕਰਨਾ । ਸਾਡਾ ਮੁੱਖ ਮੰਤਵ ਗੁਰਬਾਣੀ ਦੇ ਸੰਦੇਸ਼ ਨੂੰ ਸਮਝ ਕੇ ਉਸ ਤੇ ਅਮਲ ਕਰਨਾ ਹੈ। ਸਾਡਾ ਮੁੱਖ ਮੰਤਵ ਗੁਰਬਾਣੀ ਦੇ ਸੰਦੇਸ਼ ਨੂੰ ਸਮਝ ਕੇ ਉਸ ਤੇ ਅਮਲ ਕਰਨਾ ਹੈ। ਸਾਡੀ ਅਰਦਾਸ ਹਮੇਸ਼ਾ ਅਕਾਲ ਪੁਰਖ ਵਾਹਿਗੁਰੂ ਅੱਗੇ ਹੁੰਦੀ ਹੈ ਅਤੇ ਅਸੀਂ ਨਿਰੰਕਾਰ ਦੇ ਪੁਜਾਰੀ ਹਾਂ। ਸਾਡਾ ਤ੍ਰੈ- ਨੁਕਤਾ ਸਿੱਧਾਂਤ ਬਹੁਤ ਸਪਸ਼ਟ ਹੈ:

**ਪੂਜਾ ਅਕਾਲ ਕੀ, ਪਰਚਾ ਸ਼ਬਦ ਦਾ, ਦੀਦਾਰ ਖ਼ਾਲਸੇ ਦਾ।**

-0-

# ਪ੍ਰਗਟ ਗੁਰਾਂ ਕੀ ਦੇਹ ?

**ਸੁਖਜੀਤ ਸਿੰਘ, ਕਪੂਰਥਲਾ # 98720-76876**

ਅਸੀਂ 10 ਗੁਰੂ ਸਾਹਿਬਾਨ ਅਤੇ ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿੱਖ ਹਾਂ। ਸਿੱਖੀ ਨੂੰ ਸਮਝਣ ਲਈ ਸਾਡੇ ਕੋਲ ਗੁਰਬਾਣੀ ਅਤੇ ਇਤਿਹਾਸ ਦੋ ਮੁੱਖ ਸੋਮੇ ਹਨ। ਦਸ ਗੁਰੂ ਸਾਹਿਬਾਨ ਨੇ ਜਿਥੇ 1469 ਤੋਂ 1708 ਈ. ਤਕ 239 ਸਾਲ ਦੇ ਲੰਮੇ ਸਮੇਂ ਦੀ ਪ੍ਰੈਕਟੀਕਲ ਘਾਲਣਾ ਘਾਲ ਕੇ ਸਿੱਖੀ ਨੂੰ ਇਤਿਹਾਸ ਰੂਪ ਵਿੱਚ ਰੂਪਮਾਨ ਕੀਤਾ, ਸਿੱਖੀ ਦੇ ਸਦੀਵੀਂ ਮਾਰਗ ਦਰਸ਼ਨ ਲਈ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਗੁਰਬਾਣੀ ਗਿਆਨ ਦੇ ਸਾਗਰ ਦੀ ਰਚਨਾ ਵੀ ਕੀਤੀ।

ਗੁਰੂ ਨਾਨਕ ਸਾਹਿਬ ਵਲੋਂ 'ਕਿਰਤ ਕਰਨਾ- ਨਾਮ ਜਪਣਾ- ਵੰਡ ਛਕਣਾ' ਦੇ ਮੁੱਢਲੇ ਸਿਧਾਂਤਾਂ ਨਾਲ ਸਿੱਖੀ ਦੀ ਆਰੰਭਤਾ ਕੀਤੀ। ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਪੂਜਾ ਅਕਾਲ ਕੀ- ਪਰਚਾ ਸ਼ਬਦ ਕਾ- ਦੀਦਾਰ ਖਾਲਸੇ ਕਾ- ਆਤਮਾ ਗ੍ਰੰਥ ਵਿੱਚ-ਸਰੀਰ ਪੰਥ ਵਿੱਚ ਨਾਲ ਉਸਦੀ ਸੰਪੂਰਨਤਾ ਕੀਤੀ। ਇਹ ਆਰੰਭਤਾ ਤੋਂ ਸੰਪੂਰਨਤਾ ਦਾ ਇੱਕ ਲੜੀਬੱਧ, ਸੂਤਰਬੱਧ ਪ੍ਰੋਗਰਾਮ 10 ਗੁਰੂ ਸਾਹਿਬਾਨ ਦੀ ਨਿਜੀ ਨਿਗਰਾਨੀ ਹੇਠ ਮੰਜ਼ਿਲ ਤਕ ਪਹੁੰਚਿਆ।

ਸਿੱਖ ਸਿਧਾਂਤਾਂ ਅਨੁਸਾਰ ਸਿੱਖ ਧਰਮ ਵਿੱਚ ਸ਼ਬਦ ਗੁਰੂ, ਬਾਣੀ ਗੁਰੂ, ਸ਼ਬਦ ਗੁਰ ਪੀਰਾ ਮੰਨਿਆ ਗਿਆ ਹੈ ਪਰ ਸਰੀਰ ਨੂੰ ਗੁਰੂ ਰੂਪ ਵਿੱਚ ਕਦੀ ਵੀ ਪ੍ਰਵਾਨ ਨਹੀਂ ਕੀਤਾ ਗਿਆ। ਜੇ ਐਸਾ ਮੰਨ ਲਿਆ ਜਾਵੇ ਤਾਂ ਭਾਈ ਲਹਿਣਾ ਜੀ -ਗੁਰੂ ਅੰਗਦ ਸਾਹਿਬ, ਬਾਬਾ ਅਮਰਦਾਸ ਜੀ-ਗੁਰੂ ਅਮਰਦਾਸ ਸਾਹਿਬ, ਭਾਈ ਜੇਠਾ ਜੀ - ਗੁਰੂ ਰਾਮਦਾਸ ਸਾਹਿਬ ਆਦਿ ਦੇ ਸਰੀਰ ਤਾਂ ਉਹੀ ਰਹੇ, ਪਰ ਅਸੀਂ ਇਹਨਾਂ ਨੂੰ ਗੁਰੂ ਰੂਪ ਵਿੱਚ ਮਾਨਤਾ ਉਦੋਂ ਹੀ ਦਿੰਦੇ ਹਾਂ ਜਦੋਂ ਅਕਾਲ ਪੁਰਖ ਵਲੋਂ ਗੁਰੂ ਨਾਨਕ ਸਾਹਿਬ ਰਾਹੀਂ ਇਹਨਾਂ 'ਤੇ ਬਖਸ਼ਿਸ਼ ਹੁੰਦੀ ਹੈ, ਉਸ ਤੋਂ ਪਹਿਲਾਂ ਇਹ ਸਿੱਖ ਰੂਪ ਵਿੱਚ ਤਾਂ ਪ੍ਰਵਾਨ ਕੀਤੇ ਜਾ ਸਕਦੇ ਹਨ ਗੁਰੂ ਰੂਪ ਵਿੱਚ ਕਦਾਚਿਤ ਨਹੀਂ।

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਬਦ ਗੁਰੂ ਰੂਪ ਵਿੱਚ ਅਕਾਲ ਪੁਰਖ ਦੀ ਬਖਸ਼ਿਸ਼ ਰੂਪੀ ਗੁਰਬਾਣੀ ਦੀ ਸੰਪਾਦਨਾ ਦੇ ਮਹਾਨ ਕਾਰਜ ਨੂੰ ਕਰਦੇ ਹੋਏ 'ਆਦਿ ਬੀੜ' ਦਾ ਸੰਕਲਨ ਕਰਕੇ 1604 ਈ. ਨੂੰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਪੂਰੇ ਸ਼ਾਹੀ ਜਾਹੋ ਜਲਾਲ ਨਾਲ ਪਹਿਲੀ ਵਾਰ ਪ੍ਰਕਾਸ਼ ਕੀਤਾ। ਕਹਿੰਦੇ ਇਸ ਦਿਨ ਦੇ ਮਹਾਨ ਕਾਰਜ ਦੀ ਸੰਪੂਰਨਤਾ ਉਪਰ ਕੁੱਝ ਸਿੱਖਾਂ ਨੇ ਗੁਰੂ ਪਾਤਸ਼ਾਹ ਉਪਰ ਸਵਾਲ ਕੀਤਾ- 'ਸਤਿਗੁਰੂ ਜੀ! ਤੁਹਾਡੇ ਸਰੀਰਕ ਰੂਪ ਵਿੱਚ ਸੰਸਾਰ ਤੇ ਮੌਜੂਦ ਹੁੰਦਿਆਂ ਹੋਇਆਂ ਆਦਿ ਗ੍ਰੰਥ ਦੀ ਸੰਪਾਦਨਾ ਅਤੇ ਪ੍ਰਕਾਸ਼ ਦੀ ਲੋੜ ਕੀ ਹੈ? ਗੁਰੂ ਸਾਹਿਬ ਨੇ ਬੜਾ ਹੀ ਸਟੀਕ ਜਵਾਬ ਦਿਤਾ - 'ਸਿੱਖੋ! ਸਰੀਰ ਨਾਲ ਜੁੜੋਗੇ ਤਾਂ ਵਿਛੜ ਜਾਉਗੇ, ਸਰੀਰਾਂ ਦੇ ਸਾਥ ਹਮੇਸ਼ਾਂ ਨਹੀਂ ਨਿਭਿਆ ਕਰਦੇ, ਅਸੀਂ ਇਸ ਸਮੇਂ ਸ੍ਰੀ ਅੰਮ੍ਰਿਤਸਰ ਦੀ ਧਰਤੀ ਤੇ ਹਾਂ, ਬਾਕੀ ਇਲਾਕਿਆਂ ਦੀ ਸੰਗਤ ਸਾਡਾ ਸਰੀਰਕ ਦੀਦਾਰ ਨਹੀਂ ਕਰ ਸਕਦੀ। ਦਾਸ ਦਾ ਵਿਸ਼ਵਾਸ ਹੈ ਕਿ ਜੇ ਸਾਹਿਬਾਂ ਦਾ ਇਹ ਜਵਾਬ ਸਾਡੇ ਪੱਲੇ ਬੱਝ ਜਾਵੇ ਤਾਂ ਸਿੱਖ ਸਮਾਜ ਵਿਚੋਂ ਦੇਹਧਾਰੀ ਗੁਰੂ ਡੰਮ ਦਾ ਖਾਤਮਾ ਹੋ ਸਕਦਾ ਹੈ।

ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਇ ਸਾਹਿਬ ਦੇ ਵੱਡੇ ਸਪੁੱਤਰ ਬਾਬਾ ਰਾਮ ਰਾਇ ਵਲੋਂ ਔਰੰਗਜੇਬ ਦੇ ਦਰਬਾਰ ਵਿੱਚ ਜਾ ਕੇ ਡਰ-ਲਾਲਚ-ਖੁਸ਼ਾਮਦ ਅਧੀਨ ਹੋ ਕੇ ਪਿਤਾ ਗੁਰੂ ਦੇ ਸਰੀਰ ਨਾਲ ਨਹੀਂ ਸਗੋਂ ਸ਼ਬਦ ਗੁਰੂ ਨਾਲ ਛੇੜ-ਛਾੜ ਕਰਨ ਉਪਰ ਸਤਿਗੁਰੂ ਜੀ ਨੇ ਸਿੱਖੀ ਸਿਧਾਂਤਾਂ ਦੀ ਪ੍ਰਪੱਕਤਾ ਨਾਲ ਪਹਿਰੇਦਾਰੀ ਕਰਦੇ ਹੋਏ ਜੋ ਫੈਸਲਾ ਦਿਤਾ ਉਹ ਸਾਡੇ ਲਈ ਪੱਥ-ਪ੍ਰਦਸ਼ਕ ਦੇ ਰੂਪ ਵਿੱਚ ਇਤਿਹਾਸ ਦੇ ਪੰਨਿਆਂ ਵਿੱਚ ਮੌਜੂਦ ਹੈ।

ਪੰਜਵੇਂ ਪਾਤਸ਼ਾਹ ਵਲੋਂ ਸੰਪਾਦਤ 'ਆਦਿ ਬੀੜ' ਵਿੱਚ ਨੌਵੇਂ ਪਾਤਸ਼ਾਹ ਦੀ ਰਚਿਤ ਬਾਣੀ ਸ਼ਾਮਲ ਕਰਦੇ ਹੋਏ ਸੰਪੂਰਨਤਾ ਕਰਨ ਉਪਰੰਤ 1708 ਈ. ਨੂੰ ਸ੍ਰੀ ਹਜ਼ੂਰ ਸਾਹਿਬ ਨੰਦੇੜ ਦੀ ਧਰਤੀ ਉਪਰ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਦੀਵੀਂ ਗੁਰਤਾ ਗੱਦੀ ਉਪਰ ਬਿਰਾਜਮਾਨ ਕਰਕੇ 239 ਸਾਲ ਤੋਂ ਚਲੇ ਆ ਰਹੇ ਸਖਸ਼ੀ ਗੁਰੂ ਪ੍ਰੰਪਰਾ ਵਾਲੇ ਪੱਖ ਨੂੰ ਹਮੇਸ਼ਾਂ ਲਈ ਸਮਾਪਤ ਕਰ ਦਿਤਾ। ਦਸ਼ਮੇਸ਼ ਪਿਤਾ ਨੇ ਪੂਰਨ ਤੌਰ ਤੇ ਇਸ ਭਰੋਸੇ ਨਾਲ ਇਸ ਕਾਰਜ ਨੂੰ ਪੂਰਾ ਕੀਤਾ ਹੋਵੇਗਾ ਕਿ ਹੁਣ ਸਿੱਖ ਐਨੇ ਸਮਝਦਾਰ ਹੋ ਚੁਕੇ ਹਨ ਇਹ ਕਦੀ ਵੀ ਦੇਹਧਾਰੀ ਗੁਰੂ ਡੰਮ ਦੇ ਜਾਲ ਵਿੱਚ ਨਹੀਂ ਫਸਣਗੇ। ਕਲਗੀਧਰ ਪਾਤਸ਼ਾਹ ਵਲੋਂ ਪ੍ਰਤੱਖ ਰੂਪ ਵਿੱਚ ਸਾਡੇ ਉਪਰ ਕੀਤਾ ਗਿਆ ਇੱਕ ਬਹੁਤ ਵੱਡਾ ਉਪਕਾਰ ਹੈ।

ਹੁਣ ਵਿਚਾਰਣ ਵਾਲਾ ਪੱਖ ਹੈ ਕਿ ਕੀ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਭਰੋਸੇ ਉਪਰ ਪੂਰੇ ਉਤਰ ਰਹੇ ਹਾਂ, ਜਾਂ ਨਹੀਂ? ਅੱਜ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਹਰੀ ਸਤਿਕਾਰ ਦੇ ਨਾਮ ਉਪਰ ਜਾਣੇ-ਅਣਜਾਣੇ ਵਿੱਚ ਉਹ ਕੁੱਝ ਕਰ ਰਹੇ ਹਾਂ ਜੋ ਕਰਨਾ ਨਹੀਂ ਬਣਦਾ ਸੀ। ਸ਼ਬਦ ਗੁਰੂ ਦਾ ਸਤਿਕਾਰ ਕਿੰਨਾ ਕੁ ਕੀਤਾ ਜਾਵੇ? ਇਸ ਨੂੰ ਕਿਸੇ ਸੀਮਾ ਵਿੱਚ ਬੰਨਿਆ ਨਹੀਂ ਜਾ ਸਕਦਾ, ਪਰ ਇਸ ਦੇ ਨਾਲ-ਨਾਲ ਇਹ ਖਿਆਲ ਰੱਖਣਾ ਵੀ ਜਰੂਰੀ ਹੈ ਕਿ ਕਿਤੇ ਗੁਰਮਤਿ ਸਿਧਾਂਤ ਦੀ ਉਲੰਘਣਾ ਤਾਂ ਨਹੀ ਹੋ ਰਹੀ? ਸਤਿਕਾਰ ਜ਼ਰੂਰ ਕਰੀਏ ਪਰ ਵਹਿਮ-ਭਰਮ ਦੀਆਂ ਹੱਦਾਂ ਤੋਂ ਉਰੇ-ਉਰੇ ਰਹਿ ਕੇ, ਗੁਰੂ ਗਿਆਨ ਦੀ ਰੋਸ਼ਨੀ ਵਿੱਚ ਚਲਦੇ ਹੋਏ। ਅਸਲ ਸਤਿਕਾਰ ਗੁਰੂ ਸਾਹਿਬ ਜੀ ਦੇ ਉਪਦੇਸ਼ ਨੂੰ ਮੰਨਣਾ ਹੈ।

ਇਸ ਵਿਸ਼ੇ ਉਪਰ ਡਾ. ਗੁਰਸ਼ਰਨਜੀਤ ਸਿੰਘ ਦੇ ਵਿਚਾਰ ਧਿਆਨ ਦੇਣ ਯੋਗ ਹਨ-

'ਗੁਰੂ ਗ੍ਰੰਥ ਸਾਹਿਬ ਨੂੰ ਕਈ ਪ੍ਰੇਮੀ 'ਪ੍ਰਗਟ ਗੁਰਾਂ ਕੀ ਦੇਹ' ਕਰਕੇ ਮੰਨਦੇ ਹਨ। ਅਦਾਲਤ ਦੇ ਇੱਕ ਫੈਸਲੇ ਵਿੱਚ ਵੀ ਗੁਰੂ ਗ੍ਰੰਥ ਸਾਹਿਬ ਨੂੰ ਇੱਕ ਵਿਅਕਤੀ ਮੰਨ ਲਿਆ ਗਿਆ ਹੈ।

ਇਸ ਕਾਰਣ ਪ੍ਰੇਮੀ ਗੁਰਸਿੱਖ ਗੁਰੂ ਗ੍ਰੰਥ ਸਾਹਿਬ ਦੀ ਸੇਵਾ, ਸਤਿਕਾਰ ਜਿਉਂਦੇ ਜਾਗਦੇ ਗੁਰੂ ਵਾਂਗ ਕਰਦੇ ਹਨ। ਉਹ ਗੁਰੂ ਗ੍ਰੰਥ ਸਾਹਿਬ ਉਪਰ ਸਰਦੀਆਂ ਵਿੱਚ ਕੰਬਲ ਅਤੇ ਹੋਰ ਗਰਮ ਬਸਤਰ ਪਾਉਂਦੇ ਹਨ ਜਦੋਂ ਕਿ ਗਰਮੀਆਂ ਵਿੱਚ ਕੂਲਰ ਅਤੇ ਏਅਰ ਕੰਡੀਸ਼ਨ ਵੀ ਚਲਾਉਂਦੇ ਹਨ। ਪ੍ਰੰਤੂ ਜੇ ਗੁਰੂ ਗ੍ਰੰਥ ਸਾਹਿਬ ਦੀਆਂ ਗੱਲਾਂ ਮੰਨੀਏ ਨਾਂ, ਪਰ ਇਸ ਤਰਾਂ ਦਾ ਸਤਿਕਾਰ ਕਰਦੇ ਚਲੀਏ ਤਾਂ ਇਹ ਵਿਖਾਵਾ ਅੰਤ ਅੰਧ-ਵਿਸ਼ਵਾਸ ਹੀ ਬਣ ਕੇ ਰਹਿ ਜਾਵੇਗਾ।

ਦੇਹਧਾਰੀ ਗੁਰੂ ਡੰਮ ਦਾ ਪ੍ਰਭਾਵ ਸਿੱਖਾਂ ਵਿੱਚ ਬਹੁਤ ਜਿਆਦਾ ਹੈ। ਬਹੁ-ਗਿਣਤੀ ਸਿੱਖ ਗੁਰੂ ਗ੍ਰੰਥ ਸਾਹਿਬ ਨੂੰ ਇਸੇ ਪ੍ਰਭਾਵ ਕਾਰਣ ਹੀ ਦੇਹ ਸਰੂਪ ਮੰਨਣ ਲਈ ਮਜ਼ਬੂਰ ਹਨ। ਇਹ ਅਗਿਆਨਤਾ ਅਤੇ ਮਨਮਤ ਦਾ ਪ੍ਰਗਟਾਵਾ ਹੀ ਕਿਹਾ ਜਾਵੇਗਾ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਸ਼ਬਦ ਗੁਰੂ ਸਾਡੇ ਵਾਂਗ ਪੰਜ-ਭੂਤਕ ਸਰੀਰ ਨਹੀਂ ਰੱਖਦਾ। ਸ਼ਬਦ-ਗੁਰੂ ਦੇ ਚਰਨਾਂ ਜਾਂ ਹੋਰ ਅੰਗਾਂ ਦੀ ਕਲਪਨਾ ਕਰਨੀ, ਸਾਡੀ ਦਿਮਾਗੀ ਬਿਮਾਰੀ ਅਤੇ ਮਨਮਤੀ ਮਾਨਸਿਕਤਾ ਦੀ ਨਿਸ਼ਾਨੀ ਹੀ ਹੈ। ਗੁਰੂ ਗ੍ਰੰਥ ਸਾਹਿਬ ਨੂੰ ਇਸ ਤਰਾਂ ਪੰਜ-ਭੂਤਕ ਸਰੀਰ ਵਾਲਾ ਮੰਨਣਾ, ਉਸਦੀ ਵਡਿਆਈ ਦੀ ਥਾਂ ਦੋਸ਼ ਬਣ ਜਾਂਦਾ ਹੈ। ਪੰਜ-ਭੂਤਕ ਸਰੀਰ ਤਾਂ ਨਾਸ਼ ਹੋ ਜਾਂਦਾ ਹੈ, ਪਰ ਗੁਰੂ ਗ੍ਰੰਥ ਸਾਹਿਬ ਤਾਂ ਜੁਗੋ ਜੁਗ ਅੱਟਲ ਹੈ।

(ਗੁਰਮਤਿ ਨਿਰਨਯ ਕੋਸ਼-ਪੰਨਾ 86)

ਉਪਰੋਕਤ ਦਰਸਾਏ ਪ੍ਰਚਲਿਤ ਅੰਧ-ਵਿਸ਼ਵਾਸ ਦੀ ਜੜ੍ਹ ਕਿਥੇ ਹੈ? 1708 ਈ. ਤੋਂ ਲੈ ਕੇ ਲਗਭਗ ਅੰਗਰੇਜੀ ਰਾਜ ਦੇ ਆਰੰਭ ਤਕ ਸਿੱਖ

ਸਮਾਜ ਅੰਦਰ ਕੋਈ ਸੰਤਵਾਦ/ਡੇਰਾਵਾਦ/ ਬਾਬਾਵਾਦ ਆਦਿ ਦਾ ਪ੍ਰਚਲਣ ਨਹੀਂ ਸੀ। ਉਸ ਸਮੇਂ ਦੌਰਾਨ ਸਿੱਖ ਸ਼ਬਦ ਗੁਰੂ ਨਾਲ ਜੁੜ ਕੇ ਉਸਦੀ ਅਗਵਾਈ ਹੇਠ ਕੈਸਾ ਸ਼ਾਨਦਾਰ ਸ਼ਹਾਦਤਾਂ/ ਪ੍ਰਾਪਤੀਆਂ ਦਾ ਇਤਿਹਾਸ ਰਚਦੇ ਰਹੇ, ਪ੍ਰਤੱਖ ਹੈ। ਪਰ ਦੂਜੇ ਪਾਸੇ ਜਦੋਂ- ਜਦੋਂ ਸਰੀਰਕ ਰੂਪ ਵਿੱਚ ਸੰਤਵਾਦ/ ਡੇਰਾਵਾਦ/ ਬਾਬਾਵਾਦ ਆਦਿ ਦਾ ਪ੍ਰਚਲਣ ਹੋਇਆ ਉਸ ਸਮੇਂ ਨਾਲ-ਨਾਲ ਸ਼ਬਦ ਗੁਰੂ ਦਾ ਦੇਹ ਰੂਪ ਵਿੱਚ ਪੂਜਣਾ ਪ੍ਰਚਲਿਤ ਹੋ ਜਾਣਾ-ਦੋਵੇਂ ਨੁਕਤੇ ਆਪਸ ਵਿੱਚ ਜੁੜੇ ਪ੍ਰਤੀਤ ਹੁੰਦੇ ਹਨ। ਲਗਦਾ ਹੈ ਕਿ ਆਪਣੇ ਸਰੀਰ ਦੀ ਪੂਜਾ ਕਰਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੇਹ ਰੂਪ ਵਿੱਚ ਹੀ ਪ੍ਰਚਾਰਣ ਨਾਲ ਉਹਨਾਂ ਦਾ ਆਪਣਾ ਉਲੂ ਸਿੱਧਾ ਕਰਨਾ ਸੌਖਾਲਾ ਹੁੰਦਾ ਸੀ ਅਤੇ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੇਹ ਰੂਪ ਵਿੱਚ ਪ੍ਰਚਲਤ ਕਰਨ ਵਾਲਿਆਂ ਲਈ ਸਭ ਤੋਂ ਵੱਧ ਆਧਾਰ ਸਾਡੇ ਧਾਰਮਿਕ ਦੀਵਾਨਾਂ ਵਿੱਚ ਅਰਦਾਸ ਤੋਂ ਬਾਅਦ ਪਰ ਜੈਕਾਰੇ ਤੋਂ ਪਹਿਲਾਂ ਸੰਗਤੀ ਰੂਪ ਵਿੱਚ ਗਾਏ ਜਾਣ ਵਾਲੇ ਦੋਹਰਿਆਂ ਦੀ ਪ੍ਰਚਲਿਤ ਰਵਾਇਤ ਵਿਚੋਂ ਮਿਲਦਾ ਹੈ। ਸ੍ਰੀ ਅਕਾਲ ਤਖਤ ਸਾਹਿਬ ਉਪਰ ਤਿੰਨ ਦੋਹਰੇ ਪੜੇ ਜਾਣ ਕਰਕੇ ਬਹੁਗਿਣਤੀ ਦੀਵਾਨਾਂ ਵਿੱਚ ਵੀ ਇਹ ਪੜ੍ਹੇ ਜਾਂਦੇ ਹਨ-

**ਆਗਿਆ ਭਈ ਅਕਾਲ ਕੀ,**
**ਤਬੀ ਚਲਾਯੋ ਪੰਥ।**
**ਸਭ ਸਿਖਨ ਕੋ ਹੁਕਮ ਹੈ**
**ਗੁਰੂ ਮਾਨਯੋ ਗ੍ਰੰਥ।**
**ਗੁਰੂ ਗ੍ਰੰਥ ਜੀ ਮਾਨਯੋ**
**ਪ੍ਰਗਟ ਗੁਰਾਂ ਕੀ ਦੇਹ।**
**ਜੋ ਪ੍ਰਭ ਕੋ ਮਿਲਬੋ ਚਹੈ**
**ਖੋਜ ਸ਼ਬਦ ਮਹਿ ਲੇਹ।**
**ਰਾਜ ਕਰੇਗਾ ਖਾਲਸਾ**
**ਆਕੀ ਰਹੇ ਨ ਕੋਇ।**
**ਖੁਆਰ ਹੋਇ ਸਭ ਮਿਲੇਂਗੇ**
**ਬਚੇ ਸ਼ਰਨ ਜੋ ਹੋਇ।**

**ਉਕਤ ਦੋਹਰੇ ਗੁਰੂ ਸਾਹਿਬ ਦੇ ਉਚਾਰਣ ਕੀਤੇ ਹੋਏ ਨਹੀਂ ਹਨ ਅਤੇ ਗੁਰਬਾਣੀ ਵੀ ਨਹੀਂ ਹਨ।** ਜਿਸ ਰੂਪ ਵਿੱਚ ਅਸੀਂ ਅੱਜ ਪੜ੍ਹਦੇ ਹਾਂ, ਪਹਿਲੇ ਦੋ ਦੋਹਿਰੇ ਗਿਆਨੀ ਗਿਆਨ ਸਿੰਘ ਰਚਿਤ ਪੰਥ ਪ੍ਰਕਾਸ਼ ਵਿਚੋਂ ਲਏ ਗਏ ਹਨ ਅਤੇ ਤੀਜਾ ਦੋਹਰਾ ਭਾਈ ਨੰਦ ਲਾਲ ਜੀ ਰਚਿਤ ਰਹਿਤਨਾਮੇ (ਤਨਖਾਹਨਾਮਾ ਭਾਈ ਨੰਦ ਲਾਲ) ਵਿਚੋਂ ਲਿਆ ਗਿਆ ਹੈ।

ਗੁਰੂ ਗ੍ਰੰਥ ਜੀ ਮਾਨਯੋ ਪ੍ਰਗਟ ਗੁਰਾਂ ਕੀ ਦੇਹ' ਨੂੰ ਅਧਾਰ ਬਣਾ ਕੇ ਸਿੱਖ ਧਰਮ ਦੇ ਮੂਲ ਸਿਧਾਂਤ 'ਪੂਜਾ ਅਕਾਲ ਕੀ - ਪਰਚਾ ਸ਼ਬਦ ਕਾ -ਦੀਦਾਰ ਖਾਲਸੇ ਕਾ- ਆਤਮਾ ਗ੍ਰੰਥ ਵਿੱਚ - ਸਰੀਰ ਪੰਥ ਵਿਚ' ਦਾ ਪੂਰਨ ਰੂਪ ਵਿੱਚ ਉਲੰਘਣ ਕੀਤਾ ਜਾ ਰਿਹਾ ਪ੍ਰਤੱਖ ਰੂਪ ਵਿੱਚ ਵਾਪਰਦਾ ਦਿਖਾਈ ਦੇ ਰਿਹਾ ਹੈ। ਇਸ ਤੀਜੀ ਪੰਕਤੀ ਸਬੰਧੀ ਡਾ. ਜਸਵੰਤ ਸਿੰਘ ਨੇਕੀ ਦੇ ਵਿਚਾਰ ਧਿਆਨ ਗੋਚਰੇ ਲਿਆਉਣੇ ਲਾਹੇਵੰਦ ਰਹਿਣਗੇ-

ਤੀਜੀ ਗੱਲ ਗੁਰੂ ਗ੍ਰੰਥ ਸਾਹਿਬ ਨੂੰ 'ਪ੍ਰਗਟ ਗੁਰਾਂ ਕੀ ਦੇਹ' ਸਮਝਣਾ ਹੈ। ਇਹ ਗੱਲ ਗੁਰਮਤਿ ਸਿਧਾਂਤ ਅਨੁਸਾਰ ਸਹੀ ਨਹੀਂ, ਸੰਦੇਹ ਜਨਕ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਸਤਿਗੁਰਾਂ ਦੀ ਜੋਤ ਹੈ, ਦੇਹ ਨਹੀਂ। ਗੁਰੂ ਦਾ ਸਰੀਰਕ ਦੀਦਾਰ ਤਾਂ ਖਾਲਸੇ ਵਿੱਚ ਹੈ ਜਾਪਦਾ ਹੈ 'ਗੁਰੂ ਗ੍ਰੰਥ ਜੀ ਮਾਨੀਓ ਪ੍ਰਗਟ ਗੁਰਾਂ ਕੀ ਦੇਹ' ਵਾਲਾ ਦੋਹਿਰਾ ਦੇਹਧਾਰੀ ਗੁਰੂ ਦੇ ਸਿਧਾਂਤ ਨੂੰ ਰੱਦ ਕਰਨ ਵਾਸਤੇ ਪ੍ਰਚਲਿਤ ਕੀਤਾ ਗਿਆ ਹੈ।

(ਅਰਦਾਸ-ਪੰਨਾ 342, 343)

ਸਪੱਸ਼ਟ ਹੈ ਕਿ ਪ੍ਰਗਟ ਗੁਰਾਂ ਕੀ ਦੇਹ ਵਾਲੇ ਸ਼ਬਦ ਜਿਥੇ ਦੇਹਧਾਰੀ ਗੁਰੂ ਡੰਮ ਪ੍ਰਥਾ ਦਾ ਵਿਰੋਧ ਕਰਦੇ ਹਨ ਪਰ ਉਸਦੇ ਨਾਲ-ਨਾਲ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੇਹ ਆਖਣ ਦੀ ਭੁੱਲ ਵੀ ਕਰਦੇ ਹਨ।

ਗਿਆਨੀ ਗਿਆਨ ਸਿੰਘ ਵਲੋਂ 'ਪੰਥ ਪ੍ਰਕਾਸ਼' ਗ੍ਰੰਥ ਅੰਦਰ ਰਚਿਤ ਇਹਨਾਂ ਦੋਹਰਿਆਂ ਦੇ ਮੂਲ ਵਲ ਜਦੋਂ ਅਸੀਂ ਪੜਚੋਲ ਕਰਕੇ ਵੇਖਦੇ ਹਾਂ ਤਾਂ ਗੱਲ ਨਿਤਰ ਕੇ ਕੁੱਝ ਹੋਰ ਹੀ ਸਾਹਮਣੇ ਆ ਜਾਂਦੀ ਹੈ। ਇਸ 'ਪੰਥ ਪ੍ਰਕਾਸ਼' ਗ੍ਰੰਥ ਦੀ ਰਚਨਾ ਸੰਬਧੀ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ-

ਸ੍ਰ. ਰਤਨ ਸਿੰਘ ਭੰਗੂ ਜੀ (ਪੁੱਤਰ ਸ੍ਰ. ਰਾਇ ਸਿੰਘ- ਪੋਤਰਾ ਸ੍ਰ. ਮਹਿਤਾਬ ਸਿੰਘ ਮੀਰਾਕੋਟ) ਦੇ ਪੰਥ ਪ੍ਰਕਾਸ਼ ਦੀ ਕਵਿਤਾ ਛੰਦ ਸ਼ਾਸ਼ਤ੍ਰ ਦੇ ਨਿਯਮਾਂ ਅਨੁਸਾਰ ਨਾ ਦੇਖਕੇ ਲੋਂਗੋਵਾਲ ਨਿਵਾਸੀ ਗਯਾਨੀ ਗਯਾਨ ਸਿੰਘ ਜੀ ਨੇ ਉਸ ਵਿੱਚ ਬਹੁਤ ਪ੍ਰਸੰਗ ਹੋਰ ਮਿਲਾਕੇ ਸੰਮਤ 1924 (1867 ਈ.) ਵਿੱਚ ਨਵਾਂ 'ਪੰਥ ਪ੍ਰਕਾਸ਼' ਰਚਿਆ ਜਿਸ ਦੀ ਪਹਿਲੀ ਐਡੀਸ਼ਨ 1937 (1880 ਈ.) ਵਿੱਚ ਛਪੀ ਹੈ। (ਮਹਾਨ ਕੋਸ਼-ਪੰਨਾ 794)

ਮਹਾਨ ਕੋਸ਼ ਦੀ ਉਕਤ ਲਿਖਤ ਤੋਂ ਇਹ ਪੱਖ ਉਘੜ ਕੇ ਸਾਹਮਣੇ ਆਉਂਦਾ ਹੈ ਕਿ ਕਲਗੀਧਰ ਪਾਤਸ਼ਾਹ ਤੋਂ ਬਹੁਤ ਚਿਰ ਬਾਅਦ ਉਨੀਵੀਂ ਸਦੀ ਵਿੱਚ ਗਿਆਨੀ ਗਿਆਨ ਸਿੰਘ ਦੁਆਰਾ 'ਪੰਥ ਪ੍ਰਕਾਸ਼' ਦੀ ਰਚਨਾ ਕੀਤੀ ਗਈ। ਇਸ ਦੇ ਉਲਟ ਇਹੀ ਦੋਹਿਰੇ ਭਾਈ ਪ੍ਰਹਲਾਦ ਸਿੰਘ ਜੀ ਦੇ ਰਹਿਤਨਾਮੇ ਵਿੱਚ ਵੀ ਅੰਕਿਤ ਮਿਲਦੇ ਹਨ ਜਿਨ੍ਹਾਂ ਦਾ ਸਰੂਪ ਉਥੇ ਕੁੱਝ ਹੋਰ ਹੈ। ਭਾਈ ਪ੍ਰਹਲਾਦ ਸਿੰਘ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਹੋਣ ਦੀ ਗੱਲ ਕਰਦੇ ਹੋਏ ਰਹਿਤਨਾਮਾ ਲਿਖਦੇ ਹਨ।

ਸ੍ਰ. ਪਿਆਰਾ ਸਿੰਘ ਪਦਮ ਵਲੋਂ ਸੰਪਾਦਿਤ ਪੁਸਤਕ 'ਰਹਿਤਨਾਮੇ ਵਿੱਚ ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਵਲੋਂ ਪੰਨਾ 67 ਉਪਰ ਮੂਲ ਰੂਪ ਵਿੱਚ ਉਚਾਰਣ ਕੀਤੇ ਗਏ ਦੋਵੇਂ ਦੋਹਰਿਆਂ ਦਾ ਸਰੂਪ ਇਸ ਤਰਾਂ ਦਿਤਾ ਗਿਆ ਹੈ-

**ਗੁਰੂ ਖਾਲਸਾ ਮਾਨੀਅਹਿ,**
**ਪ੍ਰਗਟ ਗੁਰੂ ਕੀ ਦੇਹ**
**ਜੋ ਸਿਖ ਮੋ ਮਿਲਬੇ ਚਹਿਹ,**
**ਖੋਜ ਇਨਹੁ ਮਹਿ ਲੇਹੁ। 24।**
**ਅਕਾਲ ਪੁਰਖ ਕੇ ਬਚਨ ਸਿਉ,**
**ਪ੍ਰਗਟ ਚਲਾਯੋ ਪੰਥ।**
**ਸਭ ਸਿਖਨ ਕੋ ਬਚਨ ਹੈ,**
**ਗੁਰੂ ਮਾਨੀਅਹੁ ਗ੍ਰੰਥ। 30।**

ਉਪਰੋਕਤ ਸਾਰੀ ਵਿਚਾਰ ਤੇ ਇਨ੍ਹਾਂ ਦੇ ਰਚਨਾ ਕਾਲ ਤੋਂ ਇਹ ਪੱਖ ਉਘੜ ਕੇ ਸਾਹਮਣੇ ਆਉਂਦਾ ਹੈ ਕਿ ਇਹਨਾਂ ਦੋਹਰਿਆਂ ਦਾ ਮੌਲਿਕ ਰੂਪ ਭਾਈ ਪ੍ਰਹਲਾਦ ਸਿੰਘ ਦਾ ਹੀ ਹੈ। ਇਸ ਸਬੰਧ ਵਿੱਚ ਭਾਈ ਕਾਨ੍ਹ ਸਿੰਘ ਨਾਭਾ ਵਲੋਂ (ਗੁਰਮਤਿ ਮਾਰਤੰਡ-ਪੰਨਾ 331) ਸਪਸ਼ਟ ਨਿਰਣਾ ਦਿਤਾ ਗਿਆ ਹੈ ਕਿ ਹੁਣ ਇਹ ਪਾਠ ਕਈ ਸਿੱਖਾਂ ਨੇ ਆਪ ਹੀ ਮਨਘੜਤ ਬਣਾ ਲਿਆ ਹੈ। ਇਹਨਾਂ ਦੋਹਰਿਆਂ ਵਿੱਚ ਗਿਆਨੀ ਗਿਆਨ ਸਿੰਘ ਨੇ ਕੁੱਝ ਤਬਦੀਲੀਆਂ ਕੀਤੀਆਂ ਹਨ ਜਿਵੇਂ 'ਗੁਰੂ ਖਾਲਸਾ ਮਾਨੀਅਹੱ ਦੀ ਥਾਂ ਤੇ 'ਗੁਰੂ ਗ੍ਰੰਥ ਜੀ ਮਾਨਯੋ'- 'ਜੋ ਸਿਖ ਮੋ ਮਿਲਬੇ ਚਹਿਹੱ ਦੀ ਥਾਂ ਤੇ 'ਜੋ ਪ੍ਰਭ ਕੋ ਮਿਲਬੋ ਚਹੈ'- 'ਖੋਜ ਇਨਹੁ ਮਹਿ ਲੇਹੁੱ ਦੀ ਥਾਂ ਤੇ 'ਖੋਜ ਸ਼ਬਦ ਮਹਿ ਲੇਹੱ ਆਦਿ। ਬਸ ਇਹੀ ਤਬਦੀਲੀਆਂ ਹੀ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੇਹ ਰੂਪ ਵਿੱਚ ਮੰਨਣ ਵਾਲੇ ਪਾਸੇ ਲਿਜਾਂਦੀਆਂ ਹਨ। ਪੜਚੋਲ ਕਰਕੇ ਵੇਖਣ ਦੀ ਲੋੜ ਹੈ ਕਿ ਦੋਵਾਂ ਲਿਖਤਾਂ (ਭਾਈ ਪ੍ਰਹਲਾਦ ਸਿੰਘ- ਗਿਆਨੀ ਗਿਆਨ ਸਿੰਘ) ਵਿਚੋਂ ਸਿੱਖ ਵਿਚਾਰਧਾਰਾ ਅਨੁਸਾਰ ਕਸਵੱਟੀ ਉਪਰ ਪੂਰਾ ਕੌਣ ਉਤਰਦਾ ਹੈ? ਸਿੱਖ ਸਿਧਾਂਤ 'ਪੂਜਾ ਅਕਾਲ ਕੀ- ਪਰਚਾ ਸ਼ਬਦ ਕਾ- ਦੀਦਾਰ ਖਾਲਸੇ ਕਾ- ਆਤਮਾ ਗ੍ਰੰਥ ਵਿਚ - ਸਰੀਰ ਪੰਥ ਵਿਚ' ਅਤੇ ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਪਰ ਭਾਈ ਪ੍ਰਹਿਲਾਦ ਸਿੰਘ ਦੇ ਉਚਾਰਣ ਕੀਤੇ ਬਚਨ ਪ੍ਰਤੱਖ ਰੂਪ ਵਿੱਚ ਪੂਰੀ ਤਰ੍ਹਾਂ ਪੂਰੇ ਉਤਰਦੇ ਹੋਏ ਸਾਹਮਣੇ ਆਉਂਦੇ ਹਨ।

ਭਾਈ ਪ੍ਰਹਲਾਦ ਸਿੰਘ ਰਚਿਤ ਦੋਹਰੇ ਅਨੁਸਾਰ ਸਰੀਰ ਕਰਕੇ ਖਾਲਸਾ ਹੀ ਸਤਿਗੁਰਾਂ ਦਾ ਪ੍ਰਗਟ ਰੂਪ ਹੈ ਜੋ ਪੂਰੀ ਤਰਾਂ ਗੁਰਮਤਿ ਅਨੁਕੂਲਤਾ ਵਿੱਚ ਹੈ। ਜਿਵੇਂ ਸਾਡੀ ਮਰਯਾਦਾ ਹੈ ਕਿ ਆਤਮਕ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਪੰਜ ਪਿਆਰੇ ਗੁਰੂ ਦਾ ਸਰੀਰਕ ਰੂਪ ਵਿੱਚ ਪ੍ਰਤੀਨਿਧਤਵ ਕਰਦੇ ਹੋਏ ਅੰਮ੍ਰਿਤਪਾਨ ਕਰਾਉਂਦੇ ਹਨ ਅਤੇ ਨਗਰ ਕੀਰਤਨ ਸਮੇਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਕਰਦੇ ਹਨ। ਇਸ ਤਰਾਂ ਗੁਰਮਤਿ ਸਿਧਾਂਤ 'ਆਤਮਾ ਗ੍ਰੰਥ ਵਿਚ-ਸਰੀਰ ਪੰਥ ਵਿਚੱ ਦਾ ਪ੍ਰੈਕਟੀਕਲ ਪ੍ਰਤੱਖ ਰੂਪ ਵਿੱਚ ਵਰਤਦਾ ਦਿਖਾਈ ਦਿੰਦਾ ਹੈ। ਇਸਦੇ ਉਲਟ ਸ਼ਬਦ ਗੁਰੂ ਨੂੰ ਦੇਹ ਸਰੂਪ ਵਿੱਚ ਮੰਨਣ ਵਾਲੇ ਲੋਕਾਂ ਵਲੋਂ

ਦਿਤੀ ਜਾਂਦੀ ਦਲੀਲ ਕਿ ਸਾਡੇ ਮਹਾਂਪੁਰਖਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੇਹ ਰੂਪ ਮੰਨ ਕੇ ਪ੍ਰਾਪਤੀ ਕੀਤੀ ਹੈ ਕੇਵਲ ਢੁੱਚਰਬਾਜ਼ੀ, ਅੰਧ-ਵਿਸ਼ਵਾਸ, ਅਗਿਆਨਤਾ ਦੀ ਸ਼ਿਖਰ ਤੋਂ ਵੱਧ ਕੋਈ ਵੀ ਵਜ਼ਨ ਨਹੀ ਰੱਖਦੀ ਹੈ।

ਹੋ ਸਕਦਾ ਹੈ ਇਨ੍ਹਾਂ ਤਬਦੀਲੀਆਂ ਪਿਛੇ ਗਿਆਨੀ ਗਿਆਨ ਸਿੰਘ ਦੇ ਮਨ ਅੰਦਰਲੀ ਭਾਵਨਾ ਵਿੱਚ ਕੋਈ ਖੋਟ ਨਾ ਹੀ ਹੋਵੇ ਸਗੋਂ ਵਧਦੇ ਹੋਏ ਦੇਹਧਾਰੀ ਗੁਰੂ ਡੰਮ ਨੂੰ ਠੱਲ ਪਾਉਣ ਲਈ ਹੀ ਯਤਨ ਹੋਵੇ।

ਪ੍ਰੰਤੂ ਇਸਦੇ ਨਾਲ-ਨਾਲ ਇਹ ਪੱਖ ਵਿਚਾਰ ਵਿੱਚ ਰੱਖਣਾ ਵੀ ਜ਼ਰੂਰੀ ਸੀ ਕਿ ਜਿਵੇਂ ਸਰੀਰਕ ਰੋਗਾਂ ਦੀ ਨਵਰਿਤੀ ਲਈ ਡਾਕਟਰ ਸਮੇਂ ਅਨੁਸਾਰ ਦਵਾਈ ਅਤੇ ਪ੍ਰਹੇਜ਼ ਦਸਦਾ ਹੈ, ਪਰ ਹਮੇਸ਼ਾ ਲਈ ਨਹੀਂ ਸਗੋਂ ਕੁੱਝ ਸਮੇਂ ਬਾਅਦ ਇਸ ਨੂੰ ਬੰਦ ਕਰਨਾ ਵੀ ਜ਼ਰੂਰੀ ਹੁੰਦਾ ਹੈ। ਲਗਦਾ ਹੈ ਕਿ 'ਪ੍ਰਗਟ ਗੁਰਾਂ ਕੀ ਦੇਹ' ਉਸ ਸਮੇਂ ਦੀ ਲੋੜ ਹੋਵੇਗੀ, ਸ਼ਾਇਦ ਅਸੀਂ ਬੰਦ ਕਰਨਾ ਭੁੱਲ ਗਏ ਹਾਂ।

ਸਿੱਖ ਇਤਿਹਾਸ ਅੰਦਰ 'ਮਸੰਦ' ਗੁਰੂ ਰਾਮਦਾਸ ਸਾਹਿਬ ਵਲੋਂ ਦਸਵੰਧ ਦੀ ਕਾਰ ਭੇਟਾ ਸੰਗਤਾਂ ਤੋਂ ਗੁਰੂ ਘਰ ਤਕ ਪਹੁੰਚਾਉਣ ਵਾਸਤੇ ਆਪ ਚਲਾਈ ਪ੍ਰਥਾ ਨੂੰ ਨੇਪਰੇ ਚਾੜ੍ਹਨ ਹਿਤ ਸਹਿਯੋਗੀ ਗੁਰਸਿਖ ਪਦਵੀ ਸੀ। ਪ੍ਰੰਤੂ ਇਸੇ ਪਦਵੀ ਵਾਲੇ ਜੇ ਸਿਖੀ ਕਿਰਦਾਰ ਤੋਂ ਨੀਵੇਂ ਹੋ ਗਏ ਤਾਂ ਇਹਨਾਂ ਮਸੰਦਾਂ ਦੀਆਂ ਕਰਤੂਤਾਂ ਨੂੰ ਵੇਖ ਕੇ ਸਮੇਂ ਦੀਆਂ ਲੋੜਾਂ ਅਨੁਸਾਰ ਇਸ ਪ੍ਰਥਾ ਨੂੰ ਦਸਵੇਂ ਜਾਮੇ ਅੰਦਰ ਤੁਰੰਤ ਬੰਦ ਵੀ ਕਰ ਦਿਤਾ ਗਿਆ ਸੀ। ਸ਼ਾਇਦ ਅਸੀਂ ਇਸ ਇਤਿਹਾਸਕ ਪੱਖ ਤੋਂ ਸੇਧ ਲੈਣ ਦੀ ਵੀ ਜ਼ਰੂਰਤ ਨਹੀਂ ਸਮਝੀ।

ਗਿਆਨੀ ਗਿਆਨ ਸਿੰਘ ਰਚਿਤ ਦੋਹਰੇ ਦੇ ਸ਼ਬਦ 'ਪ੍ਰਗਟ ਗੁਰਾਂ ਕੀ ਦੇਹ' ਦੀ ਆੜ ਹੇਠ ਸਿਧਾਂਤਕ ਉਲੰਘਣਾ ਕਰਦੇ ਹੋਏ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੇਹ ਸਰੂਪ ਵਿੱਚ ਪ੍ਰਚਾਰਨ ਲਈ ਸਭ ਤੋਂ ਵੱਧ ਜਿੰਮੇਵਾਰ ਸੰਸਥਾ ਨਾਨਕਸਰ ਅਤੇ ਉਸ ਨਾਲ ਜੁੜੀਆਂ ਵੱਖ-ਵੱਖ ਸੰਪਰਦਾਵਾਂ, ਸੰਗਤਾਂ ਹਨ। ਇਨ੍ਹਾਂ ਦੀ ਵੇਖਾ-ਵੇਖੀ ਅੰਧ-ਵਿਸ਼ਵਾਸ, ਅਗਿਆਨਤਾ ਵੱਸ ਕੋਈ ਦਰਗਾਹੀ ਨਕਸ਼ੇ ਦੇ ਨਾਮ ਹੇਠ ਮਨੁੱਖੀ ਨਿਰਮਿਤ ਸਚਖੰਡ ਉਸਾਰ ਕੇ ਬੈਠ ਗਿਆ ਹੈ, ਗਰਮੀ ਸਰਦੀ ਦੇ ਪ੍ਰਭਾਵ ਅਧੀਨ ਮੰਨ ਕੇ ਸ਼ਬਦ ਗੁਰੂ ਲਈ ਏਅਰ ਕੰਡੀਸ਼ਨ, ਕੂਲਰ, ਹੀਟਰ, ਗਰਮ-ਸਰਦ ਰੁਮਾਲੇ ਆਦਿ ਦੇ ਪ੍ਰਬੰਧ ਆਮ ਦੇਖੇ ਜਾ ਸਕਦੇ ਹਨ। ਕਈ ਦੇਹ ਰੂਪ ਮੰਨਦੇ ਹੋਏ ਕਿਵਾੜ ਬੰਦ ਕਰਕੇ ਮੂਰਤੀਆਂ ਵਾਂਗ ਭੋਗ ਲਗਾ ਰਹੇ ਹਨ, ਕੋਈ ਬਾਬਾ ਸੀਸ ਤੇ ਸਰੂਪ ਲੈ ਕੇ ਪੈਦਲ, ਕੋਈ ਹੈਲੀਕਾਪਟਰ ਵਿੱਚ ਸੈਰ ਕਰਾਉਣ ਦੇ ਅਡੰਬਰ ਕਰ ਰਿਹਾ ਹੈ। ਕੋਈ ਮਨੁੱਖੀ ਬਸਤਰਾਂ ਵਾਂਗ ਬਸਤਰ ਪਾਉਣ ਦੇ ਪ੍ਰਪੰਚ ਕਰ ਰਿਹਾ ਹੈ। ਅੱਜ ਇਸੇ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਸਬੰਧੀ ਲਿਖਣ-ਬੋਲਣ ਸਮੇਂ 'ਅੰਕ-ਪੰਨਾ-ਅੰਗ' ਦਾ ਝਗੜਾ 'ਰੱਬ ਨੇੜੇ ਕਿ ਘਸੁੰਨ' ਤਕ ਪਹੁੰਚਿਆ ਹੋਇਆ ਆਮ ਦੇਖਣ ਨੂੰ ਮਿਲਦਾ ਹੈ।

ਅਜੋਕੇ ਸਮੇਂ ਦੌਰਾਨ ਅਕਸਰ ਹੀ ਗੁਰਦੁਆਰਿਆਂ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੁਖ ਆਸਣ/ਪ੍ਰਕਾਸ਼ ਅਸਥਾਨਾਂ ਉਪਰ ਪਾਵਨ ਸਰੂਪ ਅਗਨਭੇਂਟ ਹੋਣ ਸਬੰਧੀ ਦੁਰਘਟਨਾਵਾਂ ਸਾਹਮਣੇ ਆਉਂਦੀਆਂ ਹਨ। ਇਸ ਦੇ ਅਸਲ ਕਾਰਣਾਂ ਵਲ ਨਿਰਪੱਖਤਾ ਨਾਲ ਝਾਤੀ ਮਾਰਨ ਦੀ ਥਾਂ ਤੇ ਇਹਨਾਂ ਲਈ ਸ਼ਰਾਰਤੀ ਅਨਸਰਾਂ ਨੂੰ ਜਿੰਮੇਵਾਰ ਦਸਦੇ ਹੋਏ ਆਪ ਸੁਰਖਰੂ ਹੋਣ ਦਾ ਯਤਨ ਕਰਦੇ ਹਾਂ। ਜਦੋਂ ਕਿ ਇਸ ਸਬੰਧੀ ਅਸਲੀਅਤ ਇਹ ਹੈ ਕਿ 'ਪ੍ਰਗਟ ਗੁਰਾਂ ਕੀ ਦੇਹ' ਵਾਲੀ ਭਾਵਨਾ ਤਹਿਤ 90% ਤੋਂ ਵੱਧ ਦੁਰਘਟਨਾਵਾਂ ਗਰਮੀ-ਸਰਦੀ-ਸਜਾਵਟ ਆਦਿ ਦੇ ਕੀਤੇ ਬਿਜਲਈ ਪ੍ਰਬੰਧਾਂ ਵਿੱਚ ਸ਼ਾਰਟ ਸਰਕਟ ਹੋਣ ਕਾਰਣ ਹੀ ਵਾਪਰ ਰਹੀਆਂ ਹਨ। ਐਸਾ ਵਾਪਰਣ ਤੋਂ ਬਾਅਦ ਸਾਡੇ ਜਥੇਦਾਰ, ਰਾਜਨੀਤਕ, ਧਾਰਮਿਕ, ਸਮਾਜਕ ਆਗੂ ਆਪਣੇ-ਆਪਣੇ ਸਵਾਰਥਾਂ ਦੀਆਂ ਰੋਟੀਆਂ ਸੇਕਣ ਹਿਤ ਮਗਰਮੱਛ ਦੇ ਹੰਝੂ ਵਹਾਉਣ ਲਈ ਜ਼ਰੂਰ ਪਹੁੰਚ ਜਾਂਦੇ ਹਨ। ਪਸ਼ਚਾਤਾਪ ਸਮਾਗਮਾਂ ਸਮੇਂ ਭਾਸ਼ਣਬਾਜ਼ੀਆਂ ਕਰਦੇ ਹੋਏ ਸਭ ਕੁੱਝ ਸ਼ਰਾਰਤੀ ਅਨਸਰਾਂ ਦੇ ਖਾਤੇ ਵਿੱਚ ਪਾ ਕੇ ਇਸ ਤਰਾਂ ਦੀ ਮੰਦਭਾਗੀ ਘਟਨਾ ਦੀ ਅਗਲੀ ਉਡੀਕ ਵਿੱਚ ਵਿਦਾ ਹੋ ਜਾਂਦੇ ਹਨ। ਐਸੇ ਸਮਿਆਂ ਤੇ ਇਸ ਸਬੰਧ ਵਿੱਚ ਲੋੜੀਂਦੀ ਅਗਾਊਂ ਚੇਤਨਤਾ ਵਾਲੇ ਪ੍ਰਬੰਧ ਕਰਨ ਸਬੰਧੀ ਕੋਈ ਵੀ ਜਿੰਮੇਵਾਰੀ ਨਿਭਾਉਣ ਲਈ ਲੋੜ ਨਹੀਂ ਸਮਝੀ ਜਾਂਦੀ।



ਪਿਛੇ ਜਿਹੇ ਤਲਵੰਡੀ ਸਾਬੋ ਦੇ ਨੇੜੇ ਪਿੰਡ ਵਿਚ ਬਿਜਲੀ ਦੇ ਸ਼ਾਰਟ ਹੋਣ ਨਾਲ ਗੁਰੂ ਗ੍ਰੰਥ ਸਾਹਿਬ ਜੀ ਅਗਨੀਭੇਟ ਹੋ ਗਏ ਹਨ। ਹੈਰਾਨਗੀ ਵਾਲੀ ਗੱਲ ਹੈ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਟੇਕ ਸਿੰਘ ਜੀ ਨੇ ਮੌਕੇ 'ਤੇ ਪਹੁੰਚ ਕੇ ਘਟਨਾ ਦਾ ਜਾਇਜ਼ਾ ਲਿਆ ਪਰ ਪਾਲਕੀ ਦੇ ਅੰਦਰ ਬਿਜਲੀ ਦੇ ਪ੍ਰਕਰਣ ਹਟਾਉਣ ਦੀ ਥਾਂ ਇਹ ਕਹਿ ਕੇ ਆ ਗਏ ਕਿ "ਇਹ ਤਾਰਾ ਅਤੇ ਸਵਿੱਚ ਪੁਰਾਣੇ ਹੋ ਗਏ ਸਨ ਇਨ੍ਹਾਂ ਨੂੰ ਬਦਲੀ ਕਰੋ।"

ਜੇ ਸ਼ਬਦ ਗੁਰੂ ਨੂੰ ਸਰੀਰ ਰੂਪ ਮੰਨਦੇ ਰਹੇ ਤਾਂ ਸਰੀਰ ਦੀਆਂ ਲੋੜਾਂ ਤਾਂ ਹੋਰ ਵੀ ਬਹੁਤ ਹੁੰਦੀਆਂ ਹਨ। ਗੱਲ ਇਥੇ ਹੀ ਖਤਮ ਨਹੀਂ ਹੁੰਦੀ, ਇਸ ਤੋਂ ਅੱਗੇ ਵੀ ਜਿਸ ਦੇ ਜੋ ਮਨ ਵਿੱਚ ਆਉਂਦਾ ਹੈ, ਬਿਨਾ ਸੋਚੇ -ਸਮਝੇ- ਵਿਚਾਰੇ ਆਪਣੀ ਮਨਮਰਜ਼ੀ ਨਾਲ ਹੀ ਇਸ ਪਾਸੇ ਤੁਰੀ ਜਾਂਦਾ ਹੈ। ਪਤਾ ਨਹੀਂ ਇਸ ਸਭ ਕੁੱਝ ਦਾ ਅੰਤ ਕਦੋਂ, ਕਿਥੇ, ਕਿਸ ਰਾਹੀਂ, ਕਿਵੇਂ ਹੋਵੇਗਾ?

ਇਸ ਵਿਸ਼ੇ ਨਾਲ ਸਬੰਧਤ ਸ੍ਰ. ਰਘਬੀਰ ਸਿੰਘ ਬੀਰ ਦੀ ਪੁਸਤਕ ਰਮਜ਼ੀ ਕਹਾਣੀਆਂ ਵਿਚੋਂ 'ਖੋਜੀ ਦੀ ਨਿਰਾਸਤਾ' ਕਹਾਣੀ ਨੂੰ ਪੜ੍ਹ ਕੇ ਸਮਝਣ ਦੀ ਲੋੜ ਹੈ। ਲੇਖਕ ਨੇ ਜਿਹੜੇ ਰਮਜ਼ ਭਰਪੂਰ ਨੁਕਤੇ ਨੂੰ ਉਠਾ ਕੇ ਖੋਜੀ ਦੀ ਖੋਜ ਭਰਪੂਰ ਪੁਸਤਕ ਨੂੰ ਪੜ੍ਹਣ-ਘੋਖਣ-ਵਿਚਾਰਣ ਦੀ ਬਜਾਏ ਕੇਵਲ ਵਧੀਆ ਤੋਂ ਵਧੀਆ ਤਰੀਕੇ ਨਾਲ ਬਾਹਰੀ ਸਤਿਕਾਰ ਕਰਨ ਵਾਲੇ ਪੱਖ ਨੂੰ ਸਾਹਮਣੇ ਰੱਖਦੇ ਹੋਏ ਨਿਰਾਸ਼ ਖੋਜੀ ਦਾ ਚਿਤਰਨ ਕੀਤਾ ਗਿਆ ਹੈ। ਇਹ ਖੋਜੀ ਕੋਈ ਹੋਰ ਨਹੀਂ ਗੁਰੂ ਅਰਜਨ ਸਾਹਿਬ ਵਲ ਇਸ਼ਾਰਾ ਕੀਤਾ ਗਿਆ ਹੈ। ਅਜ ਸਾਡੇ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੇਵਲ ਵੱਧ ਤੋਂ ਵੱਧ ਬਾਹਰੀ ਸਤਿਕਾਰ ਨੂੰ ਵੇਖਦੇ ਹੋਏ ਸਤਿਗੁਰੂ ਵੀ ਨਿਰਾਸ਼ ਹੀ ਹੋਣਗੇ। ਲੋੜ ਤਾਂ ਇਸ ਗੱਲ ਦੀ ਹੈ ਕਿ ਗੁਰੂ ਸਿਧਾਂਤਾਂ ਦੇ ਅੰਦਰ ਰਹਿੰਦਿਆਂ ਬਹਿਰੂਨੀ ਸਤਿਕਾਰ ਦੇ ਨਾਲ-ਨਾਲ ਪਿਉ ਦਾਦੇ ਦੇ ਖਜ਼ਾਨੇ ਰੂਪੀ ਸ਼ਬਦ ਗੁਰੂ ਨੂੰ ਵਿਚਾਰਦੇ ਹੋਏ ਉਸ ਵਿੱਚ ਦਰਸਾਏ ਹੁਕਮਾਂ ਦੀ ਪਾਲਣਾ ਵਾਲੇ ਅੰਦਰੂਨੀ ਸਤਿਕਾਰ ਨੂੰ ਪ੍ਰਮੁੱਖਤਾ ਦਿਤੀ ਜਾਵੇ। ਇਸੇ ਵਿੱਚ ਹੀ ਸਾਡਾ ਆਪਣਾ ਅਤੇ ਸਿੱਖ ਸਮਾਜ ਦਾ ਭਲਾ ਹੈ। ਗਿਆਨ ਭਰਪੂਰ ਸ਼ਬਦ ਗੁਰੂ ਨਾਲ ਜੁੜ ਕੇ ਹੀ ਜੀਵਨ ਮੰਜ਼ਿਲ ਦੀ ਪ੍ਰਾਪਤੀ ਸੰਭਵ ਹੋ ਸਕਦੀ ਹੈ। ਜੇ ਅਸੀਂ ਐਸਾ ਨਹੀਂ ਕਰਦੇ ਤਾਂ ਯਾਦ ਰੱਖੀਏ-

**ਸਬਦੁ ਗੁਰ ਪੀਰਾ ਗਹਿਰ ਗੰਭੀਰਾ**
**ਬਿਨੁ ਸਬਦੈ ਜਗੁ ਬਉਰਾਨੰ॥ (635)**
**ਸਬਦੁ ਨ ਜਾਣਹਿ ਸੇ ਅੰਨੇ ਬੋਲੇ**
**ਸੇ ਕਿਤੁ ਆਏ ਸੰਸਾਰਾ॥ (601)**
**ਕਿਆ ਭਵੀਐ ਸਚਿ ਸੂਚਾ ਹੋਇ ॥**
**ਸਾਚ ਸਬਦ ਬਿਨੁ ਮੁਕਤਿ ਨ ਕੋਇ॥**
**(938)**

ਦਾਸ ਵਲੋਂ ਦਿਤੇ ਗਏ ਉਕਤ ਵਿਚਾਰਾਂ ਸਬੰਧੀ ਕੋਈ ਦਾਅਵੇਦਾਰੀ ਨਹੀਂ ਕੀਤੀ ਜਾ ਰਹੀ ਸਗੋਂ ਇਹ ਤਾਂ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਦਾਸ ਜਿੰਨੀ ਕੁ ਮੱਤ ਲੈ ਸਕਿਆ ਹੈ, ਉਸ ਅਨੁਸਾਰ ਸਪਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ।

-0-

# ਸ਼ਤਾਬਦੀਆਂ ਇਵੇਂ ਮਨਾਈਏ

**ਕੁਲਵੰਤ ਕੌਰ (ਡਾ.) 98156-20515**

ਏਸ਼ੀਆ ਮਹਾਂਦੀਪ ਵਿੱਚ ਹੀ ਨਹੀਂ ਸਗੋਂ ਸਮੁੱਚੇ ਮਾਨਵੀ ਸੰਸਾਰ 'ਚ ਵਿਚਾਰਧਾਰਕ ਇਨਕਲਾਬ ਲਿਆਉਣ ਵਾਲੇ ਗੁਰੂ ਸਾਹਿਬਾਨ ਨਾਲ ਸੰਬੰਧਿਤ ਬਹੁਤ ਸਾਰੀਆਂ ਸ਼ਤਾਬਦੀਆਂ ਤੇ ਅਰਧ ਸ਼ਤਾਬਦੀਆਂ ਸਾਡੀਆਂ ਬਰੂਹਾਂ 'ਤੇ ਦਸਤਕ ਦੇ ਕੇ ਗੁਜ਼ਰ ਚੁੱਕੀਆਂ ਹਨ ਅਤੇ ਅਨੇਕ, ਇਸ ਵੇਲੇ ਢੁੱਕਣ ਵਾਲੀਆਂ ਹਨ। ਸਾਡੇ ਮਹਾਂਪੁਰਖ, ਓਹ ਰਹਿਬਰ ਸਨ ਜਿਨ੍ਹਾਂ ਦਾ ਫ਼ਲਸਫ਼ਾ ਬ੍ਰਹਿਮੰਡੀ ਦ੍ਰਿਸ਼ਟੀਕੋਣ ਵਿਆਪਕ ਅਤੇ ਸੋਚ ਸਰਬੱਤ ਦੇ ਭਲੇ ਲਈ ਸੀ। ਮਨੁੱਖਾ ਇਤਿਹਾਸ ਅਤੇ ਧਰਮਾਂ ਦੀ ਦੁਨੀਆ ਦਾ ਇਕੋ ਇਕ ਉਦਾਹਰਨ ਜਿੱਥੇ ਇਕੋ ਜੋਤ ਦੇ ਦਸ ਜਾਮੇ, ਨਿਰੰਤਰ ਇਨਸਾਨੀ ਰੂਪ ਵਿਚ, ਇਸ ਸੰਸਾਰ ਵਿਚ ਜਨਮੇ ਤੇ ਵਿਚਰੇ। ਫਲਸਰੂਪ, ਇਸ ਦੇਸ਼ ਵਿਚ ਪਏ ਕੋਹੜ ਦਾ ਇਲਾਜ ਕਰਨ ਲਈ ਚਹੁੰਆਂ ਦਿਸ਼ਾਵਾਂ ਵਿੱਚ ਘੁੰਮੇ :

**ਕਲਿ ਕਾਤੀ ਰਾਜੇ ਕਾਸਾਈ**
**ਧਰਮੁ ਪੰਖ ਕਰਿ ਉਡਰਿਆ॥**
**ਕੂੜੁ ਅਮਾਵਸ ਸਚੁ ਚੰਦ੍ਰਮਾ**
**ਦੀਸੈ ਨਾਹੀ ਕਹ ਚੜਿਆ॥**
**ਹਉ ਭਾਲਿ ਵਿਕੁੰਨੀ ਹੋਈ॥**
**ਆਧੇਰੈ ਰਾਹੁ ਨਾ ਕੋਈ॥ (145)**

ਇਕ ਐਡੇ ਸਥਾਪਤ, ਵਿਸ਼ਾਲ ਤੇ ਡਾਹਢੇ ਰਾਜ ਭਾਗ ਨਾਲ ਟੱਕਰ ਲੈ ਕੇ ਅੰਦਰਲੇ ਵਿਲਾਸੀ ਤੇ ਕਮਜ਼ੋਰ ਸ਼ਾਸਕਾਂ ਨੂੰ ਖਰੀਆਂ-ਖਰੀਆਂ ਸੁਣਾਉਣ ਤੇ ਪ੍ਰੇਰਨ ਵਾਲੇ ਸਾਡੇ ਇਹ ਰਹਿਬਰ ਹੀ ਇਹ ਕਹਿਣ ਦੇ ਸਮਰੱਥ ਸਨ :-

**ਰਾਜੇ ਸੀਹ ਮੁਕਦਮ ਕੁਤੇ**
**ਜਾਇ ਜਗਾਇਨਿ ਬੈਠੇ ਸੁਤੇ॥ (1288)**

ਇੰਝ, ਸਾਡੇ ਮੌਜੂਦਾ ਹਾਕਮਾਂ ਵਲੋਂ ਇਹ ਦਾਅਵਾ ਕੱਤਈ ਸਹੀ ਨਹੀਂ ਕਿ ਆਰ.ਐਸ., ਭਾਰਤ ਦੇ ਅਮਰ ਸਭਿਆਚਾਰ ਦਾ ਬੋਹੜ ਹੈ, ਬਲਕਿ ਇਸ ਦੇਸ ਦੇ ਅਮਰ ਸਭਿਆਚਾਰ ਦਾ ਬੋਹੜ ਗੁਰੂ ਪਾਤਿਸ਼ਾਹੀਆਂ ਹਨ ਜਿਨ੍ਹਾਂ ਨੇ ਸਦੀਆਂ ਤੱਕ ਵਿਚਾਰਧਾਰਕ ਕ੍ਰਾਂਤੀ ਲਿਆਂਦੀ, ਕਰਮ ਕਾਂਡਾਂ ਨੂੰ ਭੰਡਿਆ, ਦੰਭੀ ਸੰਸਕਾਰਾਂ ਦੀ ਨਿਖੇਧੀ ਕੀਤੀ, ਭਰਮ ਭੁਲੇਖਿਆਂ ਦਾ ਨਿਵਾਰਣ ਕੀਤਾ ਅਤੇ ਸਾਫ਼, ਸਫ਼ਾਫ਼ ਤੇ ਸਚਿਆਰ ਜੀਵਨ ਜੁਗਤੀ ਬਖਸ਼ ਕੇ, ਜਿਉਂਦੇ ਜੀਅ ਮੁਕਤੀ ਦਾ ਰਾਹ ਦੱਸਿਆ

1469 ਤੋਂ ਇਸ ਭੂੰ-ਖੰਡ ਨੂੰ ਪਵਿੱਤਰ ਕਰਨ ਆਏ ਸਤਿਗੁਰੂ ਸਾਹਿਬਾਨ ਦੀਆਂ ਮੁਬਾਰਕ ਜਨਮ ਸ਼ਤਾਬਦੀਆਂ ਨੂੰ ਜਨਤਕ ਤੌਰ 'ਤੇ ਮਨਾਉਣ ਦਾ ਇਤਿਹਾਸ, ਲਗਪਗ ਅੱਧੀ ਕੁ ਸਦੀ ਪੁਰਾਣਾ ਹੈ ਜਦੋਂ ਪਹਿਲੀ ਵਾਰ 1966 ਵਿਚ, ਦਸਵੇਂ ਨਾਨਕ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦੀ ਤੀਸਰੀ ਪ੍ਰਕਾਸ਼ ਸ਼ਤਾਬਦੀ, ਇੰਗਲੈਂਡ ਤੋਂ ਲਿਆਂਦੇ, ਉਨ੍ਹਾਂ ਦੇ ਸ਼ਸਤਰਾਂ ਦੇ ਪਾਵਨ ਦਰਸ਼ਨ ਪਿੰਡ-ਪਿੰਡ ਸ਼ਹਿਰ-ਸ਼ਹਿਰ ਕਰਵਾਏ ਗਏ। ਇਸ ਸ਼ਤਾਬਦੀ ਨੇ ਪਹਿਲੀ ਵਾਰ ਯਾਦਾਂ ਦੀ ਪਟਾਰੀ ਵਿਚ ਆਪਣੀ ਥਾਂ ਬਣਾਈ ਸੀ। ਫੇਰ 1969 ਵਿਚ ਆਈ ਪੰਜਵੀਂ ਸ਼ਤਾਬਦੀ-ਨਿਰੰਕਾਰੀ ਜੋਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਿਸ ਦੀ ਅਮਰ ਤੇ ਅਮਿਟ ਯਾਦ ਹੈ ਗੁਰੂ ਨਾਨਕ ਦੇਵ ਯੂਨੀਵਰਸਿਟੀ ਜੋ 1969 ਵਿਚ ਸਥਾਪਤ ਕੀਤੀ ਗਈ ਸੀ (ਇਨ੍ਹਾਂ ਸਤਰਾਂ ਦੀ ਲੇਖਿਕਾ ਨੇ 1982 ਵਿਚ ਇਸੇ ਯੂਨੀਵਰਸਿਟੀ ਤੋਂ ਪੀ.ਐਚ.ਡੀ. ਕੀਤੀ ਸੀ)।

1999 ਤੱਕ ਹੋਰ ਵੀ ਗੁਰੂ ਸਾਹਿਬਾਨ ਨਾਲ ਸੰਬਧਿਤ ਸ਼ਤਾਬਦੀਆਂ ਆਈਆਂ ਤੇ ਮਨਾਈਆਂ ਵੀ ਜਾਂਦੀਆਂ ਰਹੀਆਂ ਪਰ ਖ਼ਾਲਸਾ ਸਿਰਜਣਾ ਦੀ ਤੀਜੀ ਸ਼ਤਾਬਦੀ, ਜਿਸ ਜਾਹੋ ਜਲਾਲ, ਧੂੰਮ-ਧਾਮ ਅਤੇ ਅਕੀਦਤ ਨਾਲ ਮਨਾਈ ਗਈ ਉਹ ਜਿਉਂਦੇ ਜਾਗਦੇ ਇਤਿਹਾਸ ਦਾ ਇਕ ਵਿਲੱਖਣ ਵਰਤਾਰਾ, ਅਨੂਠਾ ਅਹਿਸਾਸ ਅਤੇ ਨਿਵੇਕਲਾ ਹੀ ਉੱਦਮ ਸੀ ਕਿ ਰੋਪੜ ਤੋਂ ਸ੍ਰੀ ਅਨੰਦਪੁਰ ਸਾਹਿਬ ਪਹੁੰਚਣ ਲਈ ਛੇ-ਛੇ ਘੰਟੇ ਦਾ ਸਮਾਂ ਲਗਦਾ ਰਿਹਾ-ਮਾਨੋਂ ਸਾਰਾ ਭਾਰਤ, ਇਸ ਪਾਕਿ ਪਵਿੱਤਰ ਤਖ਼ਤ ਦੇ ਦਰਸ਼ਨਾਂ ਲਈ ਉਮੰਡ ਪਿਆ ਹੋਵੇ। ਸ੍ਰੀ ਅਟੱਲ ਬਿਹਾਰੀ ਵਾਜਵਾਈ (ਪ੍ਰਧਾਨ ਮੰਤਰੀ) ਦੀ ਸਮੁੱਚੀ ਵਜ਼ਾਰਤ ਇੱਥੇ ਨੱਤ ਮਸਤਕ ਹੋਣ ਪਹੁੰਚੀ ਸੀ ਤੇ ਮਾਤਾ ਸਾਹਿਬ ਕੌਰ ਸੈਮੀਨਾਰ ਵਿਚ, ਬੀਬੀ ਜਗੀਰ ਕੌਰ ਦੀ ਪ੍ਰਧਾਨਗੀ ਹੇਠ ਪੂਰੇ ਵਿਸ਼ਵ ਦੀਆਂ ਪੰਜ ਸਿੱਖ ਔਰਤਾਂ ਦਾ ਸਨਮਾਨ ਕੀਤਾ ਗਿਆ (ਜਿਨ੍ਹਾਂ ਵਿਚ ਦਾਸਰੀ ਵੀ ਇਕ ਸੀ) ਜਿਵੇਂ ਖ਼ਾਲਸੇ ਦੀ ਸਿਰਜਣਾ ਸਮੁੱਚੇ ਸੰਸਾਰ ਦੀ ਇਕ ਅਸਲੋਂ ਅਲੱਗ, ਅਨੂਠੀ ਤੇ ਅਮਰ ਘਟਨਾ ਸੀ ਤਿਵੇਂ ਹੀ ਇਹ ਸ਼ਤਾਬਦੀ ਵੀ ਪੂਰੀ ਪਵਿੱਤਰਤਾ, ਸਜਗਤਾ ਅਤੇ ਅਕੀਦਤ ਨਾਲ ਮਨਾਈ ਗਈ - ਥਾਂ-ਥਾਂ ਕੀਰਤਨ ਦਰਬਾਰ ਹੋਏ ਗੱਲ ਕੀ ਦੁਨੀਆਂ ਨੂੰ ਇਕ ਸੁਖਾਵਾਂ ਸੁਨੇਹਾ ਤਾਂ ਗਿਆ ਪਰ ਖਾਲਸਾ ਪੰਥ ਹੋਰ ਮਜ਼ਬੂਤ ਨਾ ਹੋ ਸਕਿਆ, ਕਿਉਂਕਿ ਪੰਥਕ ਨੇਤਾਵਾਂ ਦੀ ਪਾਟੋ ਧਾੜ ਹੋ ਗਈ ਸੀ। ਟੌਹੜਾ ਸਾਹਿਬ ਦੀ ਲੰਮੀ ਪ੍ਰਧਾਨਗੀ ਜਾਂਦੀ ਰਹੀ ਤੇ ਪਹਿਲੀ ਵਾਰ ਇਕ ਔਰਤ (ਬੀਬੀ ਜਾਗੀਰ ਕੌਰ) ਸ਼੍ਰੋਮਣੀ ਕਮੇਟੀ ਦੀ ਮੁਖੀ ਬਣਾਈ ਗਈ।



ਇਕੀਵੀਂ ਸਦੀ ਜਿੱਥੇ ਵਿਕਸਿਤ ਭਾਰਤ ਦੇ ਦਰਸ਼ਨ ਕਰਾਉਂਦੀ ਹੈ ਓਥੇ ਨੈਤਿਕ ਕਦਰਾਂ ਕੀਮਤਾਂ ਦੇ ਨਿਵਾਣ ਵੱਨੀਂ ਵੀ ਸੰਕੇਤ ਕਰਦੀ ਹੈ। ਪਤਿਤਪੁਣੇ, ਨਸ਼ੇ, ਲੱਚਰਤਾ, ਅਨੈਤਿਕਤਾ, ਦਿਖਾਵਾ ਅਤੇ ਪ੍ਰਵਾਸ ਇਸ ਸਮੇਂ ਦੀਆਂ ਮੁੱਖ ਪ੍ਰਵਿਰਤੀਆਂ ਬਣ ਕੇ ਉੱਭਰੀਆਂ। ਇਹੋ ਸਮਾਂ ਸੀ ਜਦੋਂ ਅਪਰੇਸ਼ਨ ਸਾਕਾ ਨੀਲਾ ਤਾਰਾ ਮਗਰੋਂ ਸਾਨੂੰ ਕੱਖੋਂ ਹੌਲੇ ਕਰਦਿਆਂ, ਨਾ ਕੇਵਲ ਸਾਡੇ ਗੁਰਧਾਮਾਂ ਨੂੰ ਤਹਿਸ ਨਹਿਸ ਕਰ ਦਿੱਤਾ ਗਿਆ ਬਲਕਿ ਸਾਡਾ ਮਾਨਸਿਕ, ਆਤਮਿਕ, ਸਭਿਆਚਾਰਕ, ਸਮਾਜਿਕ, ਆਰਥਿਕ ਅਤੇ ਅਧਿਆਤਮਕ ਉਜਾੜਾ ਵੀ ਕਰ ਦਿੱਤਾ ਗਿਆ - ਸਾਡੀ ਜਿੰਦ ਜਾਨ, ਸਾਡੀ ਸਿੱਖ ਰੈਫਰੈਂਸ ਲਾਇਬ੍ਰੇਰੀ ਸਾੜ ਫੂਕ ਤੇ ਲੁੱਟ ਕੇ ਸਾਨੂੰ ਵਿਦਿਅਕ ਤੌਰ 'ਤੇ ਬੌਣੇ ਕਰ ਦਿੱਤਾ ਗਿਆ। ਚਾਹੀਦਾ ਤਾਂ ਸੀ ਕਿ 1999 ਤੱਕ ਸਿੱਖ ਕੌਮ ਹੋਰ ਸ਼ਕਤੀਸ਼ਾਲੀ, ਗਿਆਨੀ, ਜਾਗਰੂਕ ਤੇ ਸੂਝਵਾਨ ਬਣਦੀ ਪਰ ਸਾਡੇ ਨੇਤਾਵਾਂ ਵਲੋਂ ਪਾਸੇ ਪਲਟ ਲੈਣ ਕਾਰਨ ਦੂਜੇ ਗੇਰੂਏ ਰੰਗਾਂ ਨੇ ਸਾਡੀ ਸ਼ਾਨ ਧੁੰਦਲੀ ਕਰਨੀ ਸ਼ੁਰੂ ਕਰ ਦਿੱਤੀ। 2004 ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਪੰਜ ਸੌ ਸਾਲਾ ਸ਼ਤਾਬਦੀ ਆਈ ਪਰ ਕਿਸੇ ਵਾਧੇ, ਵਿਕਾਸ, ਤਰੱਕੀ ਤੇ ਪ੍ਰੇਰਨਾ ਦੇ, ਇਹ ਸ਼ਤਾਬਦੀ ਵੀ ਇਕ ਆਮ ਰੁਟੀਨ ਵਾਂਗ ਗੁਜ਼ਰ ਗਈ - ਅਸੀਂ ਕੁਝ ਨਹੀਂ ਨਵਾਂ ਸਿੱਖਿਆ ਤੇ ਮਹਾਨ ਗ੍ਰੰਥ ਦੀਆਂ ਡੂੰਘਾਈਆਂ ਨੂੰ ਨਹੀਂ ਫੋਲਿਆ। 'ਬੰਦੇ ਖੋਜ ਦਿਲ ਹਰ ਰੋਜ' ਵਾਲੀ ਨਸੀਅਤ ਕਦੇ ਮੰਨੀ ਹੀ ਨਹੀਂ। ਇਸ ਵੇਲੇ ਨੌਵੇਂ ਨਾਨਕ ਦੀ 350 ਸਾਲਾ ਸ਼ਹਾਦਤ ਦਾ ਇਤਿਹਾਸਕ ਦਿਨ ਸਾਡੀਆਂ ਬਰੂਹਾਂ ਤੇ ਢੁੱਕਣ ਵਾਲਾ ਹੈ ਜਦੋਂ ਪਾਤਿਸ਼ਾਹ ਨੇ ਆਪਣੇ ਮਹਾਨ ਸਾਥੀਆਂ - ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨਾਲ ਜ਼ਾਲਮ ਦੇ ਦਰ 'ਤੇ ਜਾ ਕੇ ਸ਼ਹੀਦੀ ਜਾਮ ਪੀਤਾ। ਹੈ ਸਮੁੱਚੀ ਦੁਨੀਆ ਵਿਚ ਕੋਈ ਇਕ ਵੀ ਮਿਸਾਲ ਕਿ

ਮਕਤੂਲ, ਕਾਤਲ ਦੇ ਦਰ 'ਤੇ ਖ਼ੁਦ ਢੁੱਕਿਆ ਹੋਵੇ? ਤੇ ਸ਼ਹੀਦੀ ਵੀ ਕਿਸੇ ਦੂਜੇ ਧਰਮ ਦੇ ਬਚਾਓ ਲਈ, ਇਨਸਾਨੀਅਤ ਨੂੰ ਜਿੰਦਾ ਰੱਖਣ ਲਈ ਤੇ ਮਾਨਵੀ ਹੱਕਾਂ ਦੀ ਰਾਖੀ ਲਈ? ਨਾਸ਼ੁਕਰੇ ਹਿੰਦਵਾਸੀ ਅੱਜ ਵਿਸਾਰ ਚੁੱਕੇ ਹਨ ਕਿ ਜੇਕਰ ਅੱਜ ਉਨ੍ਹਾਂ ਦੀ ਹੋਂਦ ਹੈ ਤਾਂ ਇਸ ਦਾ ਸਿਹਰਾ ਸੱਚੀਆ ਪਾਤਿਸ਼ਾਹੀਆਂ ਨੂੰ ਹੀ ਜਾਂਦਾ ਹੈ ਜੋ ਧਰਮ ਦੀ ਵੀ ਤੇ ਹਿੰਦ ਦੀ ਚਾਦਰ ਬਣ ਕੇ ਜ਼ਾਲਮਾਂ ਅੱਗੇ ਚੱਟਾਨ ਬਣ ਕੇ ਜਾ ਖੜੇ। ਨਾ ਉਨ੍ਹਾਂ ਨੂੰ ਚੌਧਰਾਂ ਚਾਹੀਦੀਆਂ ਸਨ ਤੇ ਨਾ ਪ੍ਰਧਾਨਗੀਆਂ ਜਿਨ੍ਹਾਂ ਦੀ ਖ਼ਾਤਿਰ, ਅੱਜ ਕੁਝ ਕੁ ਲੋਕਾਂ ਨੇ ਇਸ ਮਹਾਨ ਧਰਮ ਤੇ ਸਾਡੇ ਮਹਾਨ ਰਹਿਬਰਾਂ ਦੀ ਮਿਹਨਤ, ਘਾਲਣਾ ਅਤੇ ਜੱਦੋ ਜਹਿਦ 'ਤੇ ਪਾਣੀ ਫੇਰ ਦਿੱਤਾ ਹੈ।

'ਪੰਥ ਵੱਸੇ ਮੈਂ ਉਜੜਾਂ' ਦਾ ਪਰਉਪਕਾਰੀ ਜਜ਼ਬਾ ਜਿੰਨਾ ਚਿਰ ਸਾਡੇ ਆਗੂਆਂ ਵਿਚ ਹਾਵੀ ਰਿਹਾ, ਬਹੁਤ ਕ੍ਰਿਸ਼ਮਈ ਪ੍ਰਾਪਤੀਆਂ ਹੁੰਦੀਆਂ ਰਹੀਆਂ ਪਰ ਜਿਉਂ ਹੀ ਸੰਤ ਫਤਹਿ ਸਿੰਘ ਜਿਹੇ ਖ਼ੁਦਗਰਜ਼, ਮੌਕਾ ਭਾਲੂ ਤੇ ਬੇਵਫ਼ਾ ਪੰਥਕ ਆਗੂ ਮੈਦਾਨ ਵਿਚ ਉਤਾਰ ਦਿੱਤੇ ਗਏ, ਸਿੱਖੀ ਤੇ ਸਿੱਖ ਧਰਮ ਦਾ ਪਤਨ ਸ਼ੁਰੂ ਹੋ ਗਿਆ। ਅੱਜ ਚਾਰ ਚੁਫ਼ੇਰੇ 350 ਸਾਲਾ ਸ਼ਹੀਦੀ ਸਮਾਗਮਾਂ ਦੀ ਗੂੰਜ ਤਾਂ ਹੈ, ਪ੍ਰੋਗਰਾਮ ਵੀ ਐਲਾਨੇ ਜਾ ਰਹੇ ਹਨ, ਨਗਰ ਕੀਰਤਨਾਂ ਦੀਆਂ ਤਿਆਰੀਆਂ ਹਨ, ਅਖੰਡ ਪਾਠਾਂ ਦੀਆਂ ਲੰਮੀਆਂ ਲੜੀਆਂ ਆਯੋਜਿਤ ਕੀਤੀਆਂ ਜਾ ਰਹੀਆਂ ਹਨ। ਕੀਰਤਨ ਦਰਬਾਰਾਂ ਤੇ ਢਾਡੀ ਦਰਬਾਰਾਂ ਦੀ ਵੀ ਚਰਚਾ ਹੈ। ਵਿਸ਼ਵ ਵਿਦਿਆਲਿਆ ਦੇ ਏਅਰ ਕੰਡੀਸ਼ਨਡ ਹਾਲਾਂ ਵਿਚ ਮੰਤਰੀਆਂ ਸੰਤਰੀਆਂ ਦੀ ਮੌਜੂਦਗੀ ਵਿਚ ਬਾਹਾਂ ਉਲਾਰ ਉਲਾਰ ਕੇ ਵਖਿਆਨ ਹੋਣਗੇ। ਵੱਡੇ-ਵੱਡੇ ਇਸ਼ਤਿਹਾਰ ਲੱਗਣਗੇ। ਬਹੁਤਿਆਂ ਦੀ ਹਉਮੈ ਨੂੰ ਪੱਠੇ ਪੈਣਗੇ। ਅਨੇਕ ਦੀਆਂ ਜੇਬਾਂ ਭਰਨਗੀਆਂ। ਕਈਆਂ ਨੂੰ ਲੰਮੇ ਸਮੇਂ ਲਈ ਲੰਗਰ ਪਾਣੀ ਨਸੀਬ ਹੁੰਦੇ ਰਹਿਣਗੇ। ਚਾਰ ਕੁ ਦਿਨ ਵਾਹਵਾ ਰੌਣਕ ਮੇਲਾ ਲੱਗੇਗਾ ਤੇ ਵੇਲਾ ਲੰਘਦਿਆਂ ਹੀ ਸਭ ਕੁਝ ਸਫਾ ਚੱਟ। ਕੋਰਾ ਕਾਗਜ਼ !! ਬਿਨਾਂ ਕਿਸੇ ਪ੍ਰਾਪਤੀ ਦੇ ਅਸੀਂ ਕਰੋੜਾਂ ਰੁਪਏ ਫ਼ਜ਼ੂਲ ਜਿਹੇ ਪ੍ਰੋਗਰਾਮਾਂ 'ਤੇ ਦਿਖਾਵੇ ਤੇ ਹਉਮੈ-ਪੂਰਤੀ 'ਤੇ ਖਰਚ ਕੇ ਚੁੱਪ ਹੋ ਕੇ ਬਹਿ ਜਾਵਾਂਗੇ। ਹਾਸਿਲ ਕੀ ਹੋਇਆ? ਕੀ ਸਾਡੇ ਬੱਚੇ ਓਸ ਸਿੱਖੀ ਨਾਲ ਜੋੜੇ ਜਾ ਸਕੇ ਜਿਹੜੀ ਸਿੱਖੀ ਨੌਵੇਂ ਪਾਤਿਸ਼ਾਹ ਜੀ ਦੇ ਸਪੁੱਤਰ ਤੇ ਪੋਤਰਿਆਂ ਨੇ ਨਿਭਾਈ ਸੀ?

**ਬਾਬਾਣੀਆ ਕਹਾਣੀਆ**
**ਪੁਤ ਸਪੁਤ ਕਰੇਨਿ॥**
**ਜਿ ਸਤਿਗੁਰ ਭਾਵੈ ਸੁ ਮੰਨਿ**
**ਲੈਨਿ ਸੇਈ ਕਰਮ ਕਰੇਨਿ॥ (951)**

ਸਮੇਂ-ਸਮੇਂ ਗੁਰੂ ਦਿਆਂ ਲਾਡਲੇ ਸਿੱਖਾਂ ਨੇ ਇਹ ਇਤਿਹਾਸਕ ਦਿਹਾੜੇ, ਯਾਦਗਾਰੀ ਦਿਨ ਤੇ ਸ਼ਤਾਬਦੀਆਂ ਮਨਾਈਆਂ ਹੋਣਗੀਆਂ ਪਰੰਤੂ 1966 ਤੇ 1969 ਤੋਂ ਪਿੱਛੋਂ, ਇਨ੍ਹਾਂ ਦੇ ਮਨੋਰਥਾਂ, ਜਸ਼ਨਾਂ ਤੇ ਆਯੋਜਨਾਂ ਵਿਚ ਸਿਆਸਤ ਜੁੜਦੀ ਗਈ, ਧਰਮ ਮਨਫ਼ੀ ਹੁੰਦਾ ਚਲੇ ਗਿਆ ਤੇ ਅਜੋਕੀ ਅਵਸਥਾ ਤਾਂ ਦਿਲ ਡੋਬੂ ਹੋ ਚੁੱਕੀ ਹੈ ਜਿੱਥੇ ਦੋ ਦਸੰਬਰ 2024 ਦੇ ਸ੍ਰੀ ਅਕਾਲ ਤਖਤ ਸਾਹਿਬ ਦੇ ਫਰਮਾਨਾ ਨੂੰ ਟਿੱਚ ਜਾਣਦਿਆਂ, ਕੀ ਦਾਗ਼ੀ ਤੇ ਕੀ ਬਾਗ਼ੀ, ਅੱਜ ਆਪੋ ਆਪਣੇ ਨਗਾਖਾਨਿਆਂ ਵਿਚ ਤੂਤੀਆਂ ਵਜਾ ਰਹੇ ਹਨ। ਐਡੇ ਐਡੇ ਬੱਜਰ ਗੁਨਾਹ ਕਰਨ ਵਾਲੇ, ਝੋਲੀਆਂ 'ਚ ਸਭ ਕੁਝ ਪੁਆਉਣ ਵਾਲੇ, ਐਵੇਂ ਦਿਖਾਵੇ ਮਾਤਰ ਧਾਰਮਿਕ ਸਜ਼ਾ ਨਿਭਾਉਣ ਵਾਲੇ ਇਹ ਦੰਭੀ, ਪਾਖੰਡੀ ਤੇ ਬਹੁਰੂਪੀਏ ਸਿੱਖ, ਪੰਥ ਨੂੰ ਚੰਬੜੀਆਂ ਜੋਕਾਂ ਹਨ ਜਿਨ੍ਹਾਂ ਕੋਲ ਆਪਣੀਆਂ ਕੁਰਸੀਆਂ ਦੀ ਸਲਾਮਤੀ ਤੋਂ ਬਿਨਾਂ ਕੋਈ ਹੋਰ ਏਜੰਡਾ ਨਹੀਂ।

ਕਿਤੇ ਨਸ਼ਿਆਂ ਵਿਰੁੱਧ ਯੁੱਧ ਜ਼ੋਰਾਂ 'ਤੇ ਹੈ। ਕਿਤੇ ਗੈਂਗਵਾਰ ਦੀਆਂ ਖ਼ਬਰਾਂ ਹਨ। ਕਿਤੇ ਫਿਰੌਤੀਆਂ ਤੇ ਲੁੱਟਮਾਰ ਹੈ। ਕਿਤੇ ਜਬਰ ਜਨਾਹਾਂ ਦੀ ਭਰਮਾਰ ਹੈ। ਸਿੱਖ ਬੱਚਿਆਂ ਵਿਚ ਪਤਿਤਪੁਣਾ ਪੂਰੇ ਜੋਬਨ 'ਤੇ ਹੈ। ਮਾੜੀਆਂ ਮੋਟੀਆਂ ਪੜ੍ਹੀਆਂ ਲਿਖੀਆਂ ਕੁੜੀਆਂ ਲੱਚਰਤਾ, ਨੰਗੇਜ, ਲੈਂਗਿਕ ਖੁੱਲ ਤੇ ਆਪ ਹੁਦਰੇਪਨ 'ਤੇ ਉਤਾਰੂ ਹਨ। ਫ਼ਜ਼ੂਲ ਖਰਚੀਆਂ ਦਾ ਕੋਈ ਅੰਤ ਨਹੀਂ। ਪ੍ਰੋ. ਪੂਰਨ ਸਿੰਘ ਵਾਲਾ ਪੰਜਾਬ ਅੱਜ ਕਿੱਥੇ ਅਲੋਪ ਹੋ ਗਿਆ ਜਿਸ ਨੂੰ ਇੱਥੇ 'ਸੱਚੇ ਪਾਤਿਸ਼ਾਹਾਂ ਦਾ ਨਿਵਾਸ' ਨਜ਼ਰ ਆਉਂਦਾ ਸੀ। ਸਾਡੇ ਬਾਬਿਆਂ ਨੇ ਤਾਂ 'ਇਕਾ ਬਾਣੀ ਇਕ ਗੁਰ ਇਕੋ ਸਬਦ ਵੀਚਾਰ' ਦਾ ਸਬਕ ਦਿੱਤਾ ਸੀ ਪਰ ਅਸੀਂ ਤਾਂ ਡੇਰਿਆਂ 'ਚ ਜਾ ਵੜੇ ਹਾਂ। ਡੇਰਾਵਾਦ ਨੇ ਸਾਡਾ ਅਜਿਹਾ 'ਬਰੇਨਵਾਸ਼' ਕਰ ਦਿੱਤਾ ਹੈ ਕਿ ਹੁਣ ਸਰਬਸਾਂਝੀ ਗੁਰਬਾਣੀ ਨੂੰ ਅਸੀਂ ਦੂਰੋਂ ਹੀ ਮੱਥਾ ਟੇਕਣ ਲੱਗ ਪਏ ਹਾਂ। ਕਿੰਨੇ ਹੀ ਡੇਰੇਦਾਰ ਸਲਾਖਾਂ ਪਿੱਛੇ ਪਹੁੰਚ ਚੁੱਕੇ ਹਨ ਤੇ ਕਈ ਪਹੁੰਚਣ ਵਾਲੀ ਲਾਈਨ 'ਚ ਖੜ੍ਹੇ ਹਨ। ਓਸ ਅਜ਼ੀਮ ਵਿਰਾਸਤ, ਸਾਂਝੇ ਸਭਿਆਚਾਰ, ਮਹਾਨ ਮਾਨਵੀ ਮੁੱਲਾਂ, ਗ਼ੌਰਵਸ਼ਾਲੀ ਕਦਰਾਂ ਕੀਮਤਾਂ ਅਤੇ ਵਿਲੱਖਣ ਧਰਮ ਗ੍ਰੰਥ ਦੀ ਸਾਨੂੰ ਪ੍ਰਵਾਹ ਹੀ ਕਦੋਂ ਹੈ?

ਅੱਜ ਵਿਕਸਿਤ ਟੈਕਨੌਲੋਜੀ, ਮਨਸੂਈ ਲਿਆਕਤ (ਏ.ਆਈ.) ਅਤੇ ਹੇਰਫੇਰੀਆਂ ਵਾਲੀ ਦੁਨੀਆ ਵਿਚ ਸਭ ਕੁਝ ਦਾਅ 'ਤੇ ਹੈ। ਇਸ ਫ਼ਖਰਯੋਗ ਵਿਰਾਸਤ, ਪ੍ਰੇਰਨਾਦਾਇਕ ਸੋਧ ਅਤੇ ਸਰਬ ਸਾਂਝੀ ਗੁਰਬਾਣੀ ਦੀ ਸਿੱਖਿਆ ਨੂੰ ਕਾਇਮ ਦਾਇਮ ਰੱਖਣ ਲਈ ਅੱਜ ਡਿਜਿਟਿਲੀਕਰਨ ਦੀ ਸਖ਼ਤ ਲੋੜ ਹੈ। ਸਾਕਾ ਨੀਲਾ ਤਾਰਾ ਵੇਲੇ ਲੁੱਟਿਆ, ਖੋਹਿਆ, ਸਾੜਿਆ ਤੇ ਚੋਰੀ ਕੀਤਾ ਸਾਡਾ ਅਮੋਲਕ ਖਜ਼ਾਨਾ ਕਿੱਥੇ ਗਿਆ? ਕਿੱਥੇ ਪਿਆ? ਕਿਸ ਨੇ ਪ੍ਰਾਪਤ ਕੀਤਾ? ਕੀ ਸ਼੍ਰੋਮਣੀ ਕਮੇਟੀ ਕੋਲ ਇਸ ਦਾ ਸਹੀ ਜਵਾਬ ਹੈ ਭਲਾ? ਅੱਗੋਂ ਤੋਂ ਹੀ ਸਮਝ ਜਾਈਏ। ਦੁਨੀਆਂ ਭਰ ਵਿਚ ਮਿਲਦੇ ਦੁਰਲੱਭ ਖਰੜਿਆਂ, ਪ੍ਰਤੀਕਾਂ, ਫੋਟੋਜ਼, ਸਾਹਿਤ, ਧਾਰਮਿਕ ਪੁਸਤਕਾਂ ਨੂੰ ਆਧੁਨਿਕ ਢੰਗ ਨਾਲ ਸਾਂਭਣਾ ਸਾਡੀ ਜ਼ਿੰਮੇਵਾਰ ਸੰਸਥਾ ਦਾ ਮੁੱਢਲਾ ਫ਼ਰਜ਼ ਹੈ।

ਲੰਗਰ! ਲੰਗਰ!! ਲੰਗਰ!!! ਅਸੀਂ ਸਾਰੇ ਜਹਾਨ ਵਿਚ ਅੱਜ ਲੰਗਰਾਂ ਵਾਲੀ ਕੌਮ ਵਜੋਂ ਮਸ਼ਹੂਰ ਹੋ ਚੁੱਕੇ ਹਾਂ। ਹੁਣ ਬੱਸ ਕਰੀਏ, ਇਹੀ ਪੈਸਾ ਆਪਣੀ ਪੜ੍ਹਾਈ ਲਿਖਾਈ 'ਤੇ ਲਾਉਣਾ ਆਰੰਭੀਏ ਤਾਂ ਜੋ ਪੰਜਾਬ ਦੇ ਸਾਰੇ ਵੱਡੇ ਅਫਸਰ ਯੂ.ਪੀ. ਤੇ ਬਿਹਾਰ ਤੋਂ ਹੀ ਨਾ ਆਉਂਦੇ ਰਹਿਣ। ਆਪਣੇ ਪੰਜਾਬ ਲਈ ਯੋਗ ਅਫਸਰ ਇੱਥੇ ਪੈਦਾ ਕਰੀਏ। ਸ਼੍ਰੋਮਣੀ ਕਮੇਟੀ ਵਿਦਿਅਕ ਫੰਡ 'ਚੋਂ ਰਾਖਵਾਂ ਫੰਡ ਕੱਢ ਕੇ ਯੂਨੀਅਨ ਪਬਲਿਕ ਤੇ ਪੰਜਾਬ ਪਬਲਿਕ ਕਮਿਸ਼ਨ ਲਈ ਵਿਦਿਆਰਥੀ ਤਿਆਰ ਕਰਾਵੇ। ਉਨ੍ਹਾਂ ਨੂੰ ਵਿੱਤੀ ਸਹਾਇਤਾ, ਰਿਹਾਇਸ਼, ਖਾਣ ਪੀਣ ਦੀ ਵਿਵਸਥਾ ਕਰਾਵੇ। ਇੰਞ, ਵਿਦੇਸ਼ਾ ਵੰਨੀਂ ਜਾਣ ਦੀ ਅੰਨ੍ਹੀ ਦੌੜ, ਡੌਂਕੀ ਰੂਟਾਂ ਦੇ ਤਸੀਹੇ ਤੇ ਏਜੰਟਾਂ ਦੀ ਸ਼ਰੇਆਮ ਲੁੱਟ ਤੋਂ ਵੀ ਬਚਾਅ ਹੋ ਸਕਦਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ 100 ਫੀਸਦੀ ਮਰਦ ਤੇ 80 ਫੀਸਦੀ ਔਰਤਾਂ ਪੜ੍ਹੀਆਂ ਲਿਖੀਆਂ, ਸਮਝਦਾਰ ਤੇ ਸੰਵੇਦਨਸ਼ੀਲ ਸਨ ਪਰ ਹੁਣ ਕੌਸਮੈਟਿਕਸ (ਹਾਰ ਸ਼ਿੰਗਾਰ) ਵਿਚ ਸਾਡੀਆਂ ਔਰਤਾਂ ਪੂਰੇ ਦੇਸ਼ ਭਰ 'ਚੋਂ ਮੂਹਰੇ ਹਨ, ਪੜ੍ਹਾਈ ਵਿਚ ਭਾਵੇਂ ਕਾਫ਼ੀ ਪਿੱਛੇ ਹਨ।

ਸ਼੍ਰੋਮਣੀ ਕਮੇਟੀ ਮੁਖੀ ਵਲੋਂ, ਉੱਚ ਪੱਧਰੀਆਂ-ਸ਼ਤਾਬਦੀਆਂ ਕਮੇਟੀਆਂ ਵਿਚ ਉਹੀ ਦਕਿਆਨੂਸੀ ਚਿਹਰੇ ਸ਼ਾਮਲ ਹਨ ਜਿਨ੍ਹਾਂ ਨੂੰ ਪੰਥ ਦੀ ਪ੍ਰਵਾਨਗੀ ਹਾਸਿਲ ਨਹੀਂ ਹੈ। ਨਵੇਂ ਨੇਤਾਵਾਂ ਦਾ ਉਭਾਰ, ਵਿਦਿਆਰਥੀ ਕੌਂਸਲਰਾਂ ਦੀ ਲੋੜ ਅਤੇ ਕਮੇਟੀਆਂ ਦੀ ਵਿਆਪਕਤਾ ਵਿਚ ਇਨ੍ਹਾਂ ਦਾ ਭਰੋਸਾ ਨਹੀਂ ਹੈ ਸ਼ਾਇਦ। ਬਾਬਾ ਲੱਖੀ ਸ਼ਾਹ ਵਣਜਾਰਾ ਦੇ ਵੰਸ਼ਜਾਂ, ਦਸ਼ਮੇਸ਼ ਪਿਤਾ ਦੇ ਸ਼ਸਤਰਾਂ ਦੇ ਨਿਰਮਾਤੇ ਸਿਕਲੀਗਰਾਂ ਅਤੇ ਸਤਿਨਾਮੀਏ ਸਾਨੂੰ ਕਦੇ ਯਾਦ ਨਹੀਂ ਆਏ। ਕਰੋੜਾਂ ਦੀ ਗਿਣਤੀ ਵਿਚ, ਭਾਰਤ ਭਰ ਵਿਚ ਵਸਦੇ ਅਜਿਹੇ ਗੁਰਸਿੱਖਾਂ ਨੂੰ ਅੱਜ ਮੁੱਖ ਧਾਰਾ ਨਾਲ ਜੋੜਣ ਲਈ ਲੋੜੀਂਦੇ ਜਤਨ ਕਰਨੇ ਬਣਦੇ ਹਨ। ਕਿਉਂਕਿ ਪੰਜਾਬ ਵਿਚ ਹੀ ਸਿੱਖ ਘੱਟ ਗਿਣਤੀ (48%) ਬਣਨ ਵਾਲੇ ਹਨ। ਅਜਿਹੇ ਬਿੱਖੜੇ ਸਮੇਂ ਸਭ ਸਿਆਸਤਾਂ, ਅਹੁਦਿਆਂ ਤੇ ਚੌਧਰਾਂ ਤੋਂ ਕਿਨਾਰਾ ਕਰਕੇ ਧਰਮ ਪ੍ਰਚਾਰ ਦੀ ਲੋੜ ਹੈ।

ਜਿਸ ਦਿੱਲੀ ਨੂੰ ਸਿੱਖਾਂ ਦੇ ਪੁਰਖਿਆਂ ਨੇ ਵਸਾਇਆ ਤੇ ਜਿਸ ਦਿੱਲੀ ਨੂੰ ਸਾਡੇ ਰਹਿਬਰਾਂ ਨੇ ਬਚਾਇਆ, ਓਸ ਦੇ ਏਅਰਪੋਰਟ ਦਾ ਨਾਂ ਵੀ ਸਿੱਖਾਂ ਦੀ ਨਸਲਕੁਸ਼ੀ ਕਰਨ ਵਾਲੀ ਔਰਤ ਦੇ ਨਾਂ ਤੇ ਹੈ। ਇਸ ਅਵਸਰ 'ਤੇ, ਇਸ ਦਾ ਨਾਂ ਬਦਲਿਆ ਜਾਵੇ। ਨੌਵੇਂ ਨਾਨਕ ਦੇ ਨਾਂ 'ਤੇ ਕੋਈ ਪ੍ਰਤਿਸ਼ਠਤ ਵਿਗਿਆਨਕ ਸੰਸਥਾ, ਮੈਨੇਜਮੈਂਟ ਸੰਸਥਾ, ਵਿਸ਼ਵ ਪੱਧਰੀ ਸਹੂਲਤਾਂ ਵਾਲਾ ਹਸਪਤਾਲ ਅਤੇ ਡਿਜ਼ੀਟਲ ਲਾਇਬ੍ਰੇਰੀਆਂ ਖੋਲ੍ਹੀਆਂ ਜਾਣ। ਅਜਿਹੇ ਕੁਝ ਕੁ ਜਤਨਾਂ ਕਾਰਨ ਹੀ ਇਹ ਸ਼ਤਾਬਦੀ ਆਪਣੇ ਆਪ ਨੂੰ ਪ੍ਰਸ਼ਟ ਕਰ ਸਕੇਗੀ।

-0-

# ਵਹਿਮਾਂ, ਭਰਮਾਂ, ਤੰਤ੍ਰ-ਮੰਤ੍ਰ-ਜੰਤ੍ਰ, ਜਾਦੂ-ਟੂਣੇ, ਅੰਧ-ਵਿਸ਼ਵਾਸਾਂ ਤੇ ਕਰਮਕਾਂਡਾਂ ਨੂੰ ਆਪਣੇ ਨੇੜੇ ਨਾ ਫਟਕਣ ਦਿਓ

**ਮੰਗਤ ਸਿੰਘ ਰਾਹੀ # 98882-91607**

ਸੰਨ 1761 ਵਿਚ ਅਬਦਾਲੀ ਦੇ ਹਮਲੇ ਸਮੇਂ ਦਲ ਖ਼ਾਲਸਾ ਅਤੇ ਮਰਹੱਟਿਆਂ ਵਿੱਚ ਇਹ ਫ਼ੈਸਲਾ ਹੋਇਆ ਕਿ ਦੋਵੇਂ ਧਿਰਾਂ ਰਲ ਕੇ ਅਬਦਾਲੀ ਦਾ ਟਾਕਰਾ ਕਰਨਗੀਆਂ। ਮੁਕਾਬਲੇ ਦਾ ਸਥਾਨ ਪੰਜਾਬ ਮਿੱਥਿਆ ਗਿਆ। ਪਰ ਮੁਕਾਬਲੇ ਤੋਂ ਤਿੰਨ ਦਿਨ ਪਹਿਲਾਂ ਮਰਹੱਟਿਆਂ ਦੇ ਰਾਜ ਜੋਤਸ਼ੀ ਨੇ ਦੱਸਿਆ ਕਿ ਆਉਣ ਵਾਲੇ ਤਿੰਨ ਦਿਨ ਉਨ੍ਹਾਂ ਲਈ ਬਹੁਤ ਬੁਰੇ ਹਨ ਤੇ ਲੜਾਈ ਵਿੱਚ ਉਨ੍ਹਾਂ ਦੀ ਹਾਰ ਯਕੀਨੀ ਹੈ। ਸੋ ਮਰਾਠੇ ਰਾਤੋ-ਰਾਤ ਉਥੋਂ ਖਿਸਕ ਗਏ। ਸਵੇਰੇ ਜਦ ਸ:ਜੱਸਾ ਸਿੰਘ ਆਹਲੂਵਾਲੀਆ, ਸ: ਚੜ੍ਹਤ ਸਿੰਘ ਤੇ ਹੋਰ ਸਰਦਾਰਾਂ ਨੇ ਦੇਖਿਆ ਕਿ ਮਰਾਠੇ ਤਾਂ ਪਤਰਾ ਵਾਚ ਗਏ ਹਨ ਤਾਂ ਉਹਨਾਂ ਨੇ ਵੀ ਅਬਦਾਲੀ ਦਾ ਟਾਕਰਾ ਕਰਨਾ ਠੀਕ ਨਾ ਸਮਝਿਆ ਤੇ ਅਬਦਾਲੀ ਨੂੰ ਬੇਰੋਕ-ਟੋਕ ਅੱਗੇ ਵਧਣ ਦਿੱਤਾ। ਦਿੱਲੀ ਵੱਲ ਨੂੰ ਜਾਂਦੇ ਅਬਦਾਲੀ ਦੀ ਫ਼ੌਜ ਦਾ ਟਾਕਰਾ ਤਿੰਨ ਦਿਨਾਂ ਬਾਅਦ ਪਾਨੀਪਤ ਦੇ ਸਥਾਨ 'ਤੇ ਮਰਾਠਿਆਂ ਨਾਲ ਹੋਇਆ। ਉਸ ਲੜਾਈ ਵਿੱਚ ਅਬਦਾਲੀ ਨੇ ਮਰਾਠਿਆਂ ਦਾ ਐਸਾ ਲੱਕ ਤੋੜਿਆ ਕਿ ਉਹ ਕਦੇ ਵੀ ਉੱਠਣ ਜੋਗੇ ਨਾ ਰਹੇ ਤੇ ਸਦਾ ਲਈ ਹਾਰ ਤੇ ਨਮੋਸ਼ੀ ਦੇ ਤਣਾਅ ਵਿਚ ਰਹੇ। ਹਾਲਾਂਕਿ ਸ: ਜੱਸਾ ਸਿੰਘ ਆਹਲੂਵਾਲੀਆ ਤੇ ਹੋਰ ਸਿੱਖ ਸਰਦਾਰਾਂ ਨੇ ਕਿਹਾ ਸੀ ਕਿ ਜੋਤਸ਼ੀ 'ਤੇ ਵਿਸ਼ਵਾਸ ਕਰਨ ਦੀ ਥਾਂ ਆਪਣੀ ਬਾਹਵਾਂ ਤੇ ਤਲਵਾਰ ਉੱਤੇ ਭਰੋਸਾ ਰੱਖ ਕੇ ਅਬਦਾਲੀ ਦਾ ਮੁਕਾਬਲਾ ਕਰਨਾ ਹੈ ਪਰ ਉਹਨਾਂ ਨੇ ਇੰਞ ਨਾ ਕੀਤਾ। ਜਦ ਅਬਦਾਲੀ ਸਿਰ 'ਤੇ ਚੜ੍ਹ ਆਇਆ ਤਾਂ ਮਰਾਠਾ ਸਰਦਾਰ ਕਹਿ ਉਠੇ ਕਿ ਦਲ ਖ਼ਾਲਸਾ ਠੀਕ ਹੀ ਕਹਿੰਦਾ ਸੀ। ਸਿਤਾਰਿਆਂ ਦੀ ਗਰਦਿਸ਼ ਤੇ ਗ੍ਰਹਿ ਨਖੱਤਰਾਂ 'ਤੇ ਵਿਸ਼ਵਾਸ ਨੇ ਮਰਾਠਿਆਂ ਨੂੰ ਸਦਾ ਲਈ ਤਣਾਅ-ਪਰੇਸ਼ਾਨੀ ਦੇ ਸਮੁੰਦਰ ਵਿਚ ਸੁੱਟ ਦਿੱਤਾ। ਗੁਰਬਾਣੀ ਅਨੁਸਾਰ ਜਿਉਂ-ਜਿਉਂ ਸ਼ੁੱਭ ਅਸ਼ੁੱਭ ਮਹੂਰਤਾਂ ਦੇ ਲੇਖੇ ਗਿਣਦੇ ਰਹੀਏ ਤਿਉਂ ਤਿਉਂ ਮਨੁੱਖ ਨੂੰ ਸਦਾ ਸਹਿਮ ਦਾ ਰੋਗ ਲੱਗਦਾ ਰਹਿੰਦਾ ਹੈ।

ਸ਼ੁੱਭ ਮਹੂਰਤ ਦੱਸਣ ਵਾਲੇ ਪੰਡਿਤ ਨੂੰ ਸਤਿਗੁਰੂ ਉਪਦੇਸ਼ ਕਰਦੇ ਹਨ ਕਿ ਤੂੰ ਲਗਨ ਮਹੂਰਤ ਗਿਣਦਾ ਹੈਂ, ਪਰ ਇਹ ਨਹੀਂ ਵਿਚਾਰਦਾ ਕਿ ਸ਼ੁੱਭ ਸਮਾਂ ਬਣਾਉਣ ਜਾਂ ਨਾ ਬਣਾਉਣ ਵਾਲਾ ਪਰਮਾਤਮਾ ਆਪ ਹੈ:

**ਸਾਹਾ ਗਣਹਿ ਨ ਕਰਹਿ ਬੀਚਾਰੁ॥**
**ਸਾਹੇ ਊਪਰਿ ਏਕੰਕਾਰੁ॥ (904)**

ਸਵਾਰਥ ਸਿੱਧੀ ਵਾਸਤੇ ਜੋਤਸ਼ੀ ਸੂਰਜ, ਚੰਦ, ਮੰਗਲ, ਬੁੱਧ, ਬ੍ਰਹਸਪਤੀ, ਸ਼ੁਕਰ, ਸ਼ਨਿਚਰ, ਰਾਹੂ ਕੇਤੂ ਆਦਿ ਨੌਂ ਗ੍ਰਹਿਆਂ ਦੇ ਸ਼ੁੱਭ-ਅਸ਼ੁੱਭ ਫਲ ਕਲਪ ਕੇ ਲੋਕਾਂ ਨੂੰ ਦੁੱਖ ਸੁੱਖ ਦੇ ਕਾਰਨ ਨਿਸ਼ਚਯ ਕਰਵਾਉਂਦੇ ਹਨ ਤੇ ਉਨ੍ਹਾਂ ਨੂੰ ਸਦਾ ਤਣਾਅ ਵਿਚ ਪਾਈ ਰੱਖਦੇ ਹਨ। ਪਰ ਗੁਰਬਾਣੀ ਅਨੁਸਾਰ ਅਕਾਲ ਪੁਰਖ ਨੇ ਆਪਣਾ ਨਾਮ ਬਖ਼ਸ਼ ਕੇ ਗ੍ਰਹਿ ਪਰੇ ਹਟਾ ਦਿੱਤੇ ਹਨ:

**ਸੂਖ ਸਹਜ ਆਨਦੁ ਘਣਾ ਹਰਿ ਕੀਰਤਨੁ ਗਾਉ॥**
**ਗਰਹ ਨਿਵਾਰੇ ਸਤਿਗੁਰੂ ਦੇ ਅਪਣਾ ਨਾਉ॥ (400)**

(ਮੈਂ ਪਰਮਾਤਮਾ ਦੀ ਸਿਫ਼ਤ-ਸਾਲਾਹ ਦਾ ਗੀਤ ਗਾਉਂਦਾ ਰਹਿੰਦਾ ਹਾਂ ਤੇ ਮੇਰੇ ਅੰਦਰ ਆਤਮਕ ਅਡੋਲਤਾ ਦਾ ਵੱਡਾ ਸੁੱਖ-ਅਨੰਦ ਬਣਿਆ ਰਹਿੰਦਾ ਹੈ। ਗੁਰੂ ਨੇ ਮੈਨੂੰ ਹਰਿ ਨਾਮ ਦੇ ਕੇ ਮੇਰੇ ਉਤੋਂ ਨੌਂ ਹੀ ਗ੍ਰਹਿਆਂ ਦੀਆਂ ਮੁਸੀਬਤਾਂ ਦੂਰ ਕਰ ਦਿੱਤੀਆਂ ਹਨ।)

ਅੱਜ ਕੱਲ੍ਹ ਦੇ ਪੜ੍ਹੇ-ਲਿਖੇ, ਅਗਾਂਹਵਧੂ ਤੇ ਸਾਇੰਸ ਦੇ ਯੁੱਧ ਵਿੱਚ ਵੀ ਅਧਿਕਤਰ ਲੋਕ ਟੂਣੇ-ਟਾਮਣ, ਧਾਗਾ-ਤਵੀਤ, ਵਹਿਮ-ਭਰਮ, ਰਾਹੂ-ਕੇਤੂ, ਸ਼ਨੀ, ਮੰਗਲੀਕ ਆਦਿ ਅੰਧ-ਵਿਸ਼ਵਾਸਾਂ ਦੇ ਭਰਮ ਪਾਖੰਡ ਪਾਲੀ ਬੈਠੇ ਹਨ ਤੇ ਰਾਹ ਜਾਂਦੇ ਤਣਾਅ ਵਿੱਚ ਫਸ ਕੇ ਖ਼ੁਆਰ ਹੋ ਰਹੇ ਹਨ। ਜੰਤਰਾਂ-ਮੰਤਰਾਂ-ਤੰਤਰਾਂ ਦੇ ਭਰਮ, ਕਬਰਾਂ, ਮੜ੍ਹੀਆਂ ਦੀ ਪੂਜਾ, ਖੀਰਾਂ ਸ਼ਰਾਬ ਦੇ ਚੜ੍ਹਾਵੇ, ਪਾਂਧੇ-ਪੱਤਰੀਆਂ, ਮਹੂਰਤਾਂ, ਸ਼ਗਨਾਂ-ਅਪਸ਼ਗਨਾਂ ਦੀ ਵਿਚਾਰ, ਭੂਤਾਂ-ਪ੍ਰੇਤਾਂ ਦੇ ਭਰਮ ਤੇ ਹੋਰ ਕਈ ਤਰ੍ਹਾਂ ਦੇ ਕਰਮ ਕਾਂਡਾਂ ਵਿੱਚ ਫਸ ਕੇ ਲੋਕਾਈ ਦੁਖੀ ਹੋ ਰਹੀ ਹੈ।

ਜੋ ਮਨੁੱਖ ਪਰਮਾਤਮਾ ਦਾ ਨਾਮ ਜਪਦਾ ਰਹਿੰਦਾ ਹੈ, ਉਹ ਹਰ ਵੇਲੇ ਸਦਾ ਵਿਕਾਰਾਂ ਵਲੋਂ ਸੁਚੇਤ ਰਹਿੰਦਾ ਹੈ। ਉਹ ਜੰਤਰ-ਮੰਤਰ-ਤੰਤਰ, ਨਜ਼ਰ ਲੱਗਣ ਆਦਿਕ ਦੇ ਪ੍ਰਭਾਵ ਹੇਠ ਨਹੀਂ ਆਉਂਦਾ। ਇਨ੍ਹਾਂ ਨੂੰ ਉਹ ਵਿਅਰਥ ਦੇ ਵਿਸ਼ਵਾਸ ਸਮਝਦਾ ਹੈ:

**ਰਾਮ ਨਾਮੁ ਜੋ ਜਨੁ ਜਪੈ ਅਨਦਿਨੁ ਸਦ ਜਾਗੈ॥**
**ਤੰਤੁ ਮੰਤੁ ਨਹ ਜੋਹਈ ਤਿਤੁ ਚਾਖੁ ਨ ਲਾਗੈ॥ (817)**

ਕਈ ਵਾਰੀ ਮਨੁੱਖ ਵਿਦਵਾਨ ਜੋਤਸ਼ੀਆਂ ਤੋਂ ਸ਼ਾਸਤਰਾਂ ਅਨੁਸਾਰ ਕਿਧਰੇ ਜਾਣ ਜਾਂ ਕਿਸੇ ਕਾਰਜ ਦੀ ਆਰੰਭਤਾ ਦਾ ਸੋਧਿਆ ਹੋਇਆ ਮਹੂਰਤ ਪਤਾ ਕਰਦਾ ਹੈ ਜਾਂ ਗ੍ਰਹਿ ਆਦਿਕਾਂ ਦੀ ਪੂਜਾ ਦਾ 'ਫਲ' ਕਿਸੇ ਗਧੇ ਜਾਂ ਕੁੱਤੇ ਦੀ ਆਵਾਜ਼ ਕਰਨ ਨਾਲ ਹੀ ਨਾਸ਼ ਹੋਇਆ ਮੰਨ ਲੈਂਦਾ ਹੈ ਅਤੇ ਜਾਣ ਵਾਲੀ ਜਗ੍ਹਾ 'ਤੇ ਸਮੇਂ ਸਿਰ ਨਾ ਪੁੱਜਣ ਕਰਕੇ ਵੱਡੇ ਦੁੱਖ ਤੇ ਗਿਲਾਨੀ ਦੇ ਸੰਤਾਪ ਨਾਲ ਤਣਾਅ ਸਹੇੜ ਲੈਂਦਾ ਹੈ। ਗੁਰਬਾਣੀ ਵਾਕ ਹੈ:

**ਪ੍ਰਭੂ ਹਮਾਰੈ ਸਾਸਤ੍ਰ ਸਉਣ॥**
**ਸੂਖ ਸਹਜ ਆਨੰਦ ਗ੍ਰਿਹ ਭਉਣ॥ (1137)**

ਹੇ ਭਾਈ! ਪ੍ਰਭੂ ਦਾ ਨਾਮ ਹੀ ਸਾਡੇ ਵਾਸਤੇ ਚੰਗਾ ਮਹੂਰਤ ਦੱਸਣ ਵਾਲਾ ਸ਼ਾਸਤ ਹੈ। ਜਿਸ ਹਿਰਦੇ ਵਿੱਚ ਪ੍ਰਭੂ ਦਾ ਨਾਮ ਵੱਸਦਾ ਹੈ ਉਸ ਹਿਰਦੇ ਘਰ ਵਿੱਚ ਸਦਾ ਆਤਿਮਕ ਅਡੋਲਤਾ ਦੇ ਸੁੱਖ ਅਨੰਦ ਹਨ।

ਜੇ ਕਿਸੇ ਪਿੰਡ ਜਾਂ ਗਲੀ ਦੇ ਚੌਰਾਹੇ ਵਿੱਚ ਕੋਈ ਲਾਲ ਕੱਪੜਾ, ਨਾਰੀਅਲ ਚੁਟਕੀ ਸੰਧੂਰ ਰੱਖਿਆ ਹੋਵੇ ਤਾਂ ਮਜਾਲ ਹੈ ਕੋਈ ਉਥੋਂ ਦੀ ਲੰਘ ਜਾਏ ਕਿਉਂਕਿ ਇਸ ਨੂੰ ਟੂਣਾ ਟਾਮਣ ਮੰਨਦੇ ਹਨ। ਹਾਲਾਂਕਿ ਨਾਰੀਅਲ ਰੋਜ਼ ਖਾਈਦਾ ਹੈ, ਕੱਪੜੇ ਨਾਲ ਸਾਫ਼ ਸਫ਼ਾਈ ਕਰੀਦੀ ਹੈ ਤੇ ਸੰਧੂਰ ਔਰਤਾਂ ਇਸਤੇਮਾਲ ਕਰਦੀਆਂ ਹਨ। ਜੇਕਰ ਪਿੰਡ ਵਿੱਚ ਕਿਸੇ ਦੀ ਮੱਝ ਗਲਘੋਟੂ ਦੀ ਬਿਮਾਰੀ ਨਾਲ ਮਰ ਜਾਏ ਤਾਂ ਬਜਾਏ ਡਾਕਟਰ ਲਿਆ ਕੇ ਇਲਾਜ ਕਰਵਾਉਣ ਦੇ ਬਾਬਿਆਂ ਤੋਂ ਪਾਣੀ ਕਰਾਉਣ ਲੱਗ ਪੈਂਦੇ ਹਨ। ਮੱਝ ਠੀਕ ਨਾ ਹੋਈ, ਮਰ ਗਈ ਤੇ ਤਣਾਅ ਸਹੇੜਿਆ। ਪਰ ਨਾਲ ਦੇ ਗੁਆਂਢੀ ਨੇ ਛੇਤੀ-ਛੇਤੀ ਡਾਕਟਰ ਤੋਂ ਇਲਾਜ ਕਰਵਾਇਆ ਤੇ ਮੱਝਾਂ ਬਚਾ ਲਈਆਂ। ਕਿਸੇ ਬੱਚੇ ਨੂੰ ਕੋਈ ਦਿਮਾਗ਼ੀ ਬੁਖਾਰ ਹੋ ਜਾਏ ਤੇ ਬੁਖਾਰ ਵਿੱਚ ਅਵਾ-ਤਵਾ ਬੋਲਣ ਲੱਗ ਪਵੇ ਤਾਂ ਬਜਾਏ ਉਸਦਾ ਡਾਕਟਰੀ ਇਲਾਜ ਕਰਵਾਉਣ ਦੇ, ਬਾਬਿਆਂ ਤੋਂ ਧੂਣੀਆਂ ਦਿਵਾ ਕੇ, ਚਿਮਟੇ ਮਰਵਾ ਕੇ ਵਿਚਾਰੇ ਮੁੰਡੇ ਨੂੰ ਮੌਤ ਦੇ ਹਵਾਲੇ ਕਰਵਾ ਕੇ ਆਪ ਤਣਾਅ ਦੇ ਚੁੰਗਲ ਵਿੱਚ ਫਸ ਜਾਂਦੇ ਹਨ। ਇਹ ਟੂਣੇ ਟਾਮਣ, ਡੋਲੀਆਂ ਖਿਡਾਉਣੀਆਂ, ਧਾਗੇ ਤਵੀਤ ਸਭ ਪਾਖੰਡ ਹੀ ਹਨ।

ਕਿਸੇ ਘਰ ਵਿੱਚ ਕੋਈ ਨੌਜਵਾਨ ਬੁੱਧਵਾਰ ਰਾਤੀਂ ਬੀਮਾਰ ਹੋ ਗਿਆ। ਜਦ ਵੀਰਵਾਰ ਸਵੇਰੇ ਸ਼ਹਿਰ ਡਾਕਟਰ ਕੋਲ ਲੈ ਕੇ ਚੱਲੇ ਤਾਂ ਉਸਦੀ ਵਹਿਮਾ-ਭਰਮਾਂ ਦੀ ਮਾਰੀ ਮਾਂ ਨੇ ਨਾ ਜਾਣ ਦਿੱਤਾ ਕਿ ਵੀਰਵਾਰ ਘਰੋਂ ਨਹੀਂ ਜਾਣ ਦੇਣਾ। ਮੁੰਡਾ ਸਾਰਾ ਦਿਨ ਤੜਪਦਾ ਰਿਹਾ ਤੇ ਉਸਦੀ ਮਾਂ ਕਾਲੇ ਧਾਗੇ ਬੰਨ੍ਹਦੀ ਰਹੀ ਕਿ ਬਾਬੇ ਦੀ ਰੱਖ ਹੈ। ਸ਼ੁੱਕਰਵਾਰ ਜਦ ਡਾਕਟਰ ਕੋਲ ਲੈ ਕੇ ਗਏ ਤਾਂ ਡਾਕਟਰ ਦੇਖ ਕੇ ਕਹਿਣ ਲੱਗਾ: ਦੋ ਦਿਨ ਇਸ ਨੂੰ ਮਾਰਨ ਲਈ ਘਰ ਰੱਖ ਛੱਡਿਆ ਤੇ ਉਸ ਦਾ ਬਚਾਅ ਨਾ ਹੋ ਸਕਿਆ। ਵਹਿਮੀ ਮਾਤਾ ਦੇ ਆਖੇ ਲੱਗ ਕੇ ਮੁੰਡਾ ਗਵਾ ਲਿਆ ਤੇ ਸਾਰਾ ਟੱਬਰ ਲਈ ਤਣਾਅ ਜੀਵਨ ਭਰ ਦਾ। ਇਹ ਤਣਾਅ ਅੰਧ-ਵਿਸ਼ਵਾਸ ਦੀ

**ਬਾਕੀ ਸਫਾ 21 'ਤੇ**

# ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ

**–ਰਮੇਸ਼ ਬੱਗਾ ਚੋਹਲਾ # 94631–32719**

ਧਰਮ ਦੀ ਕਾਰ ਅਤੇ ਸੁਚੱਜਾ (ਸਰਬੱਤ ਦੇ ਭਲੇ ਵਾਲਾ) ਵਿਹਾਰ ਸਿੱਖੀ ਜੀਵਨ–ਜਾਚ ਦਾ ਅਹਿਮ ਹਿੱਸਾ ਹੈ। ਇਹ ਕਾਰ ਤੇ ਵਿਹਾਰ ਸਿੱਖ ਨੂੰ ਜਿਥੇ ਗੁਰਬਾਣੀ ਨਾਲ ਜੋੜੀ ਰੱਖਦੇ ਹਨ,ਉੱਥੇ ਲੋੜ ਪੈਣ 'ਤੇ ਕੁਰਬਾਨੀ ਲਈ ਤੱਤਪਰ ਰਹਿਣ ਵਾਸਤੇ ਵੀ ਪ੍ਰੇਰਦੇ ਰਹਿੰਦੇ ਹਨ। ਰੱਬੀ ਬਖਸ਼ਿਸ਼ ਲਈ ਵੱਡੇ ਬਾਬੇ ਦੇ ਬੋਲ ਜਿਥੇ ਪ੍ਰੇਮ ਦੀ ਖੇਡ ਖੇਡਣ ਦਾ ਹੋਕਾ ਦਿੰਦੇ ਹਨ,ਉੱਥੇ ਇਸ ਉੱਚੀ ਅਤੇ ਸੁੱਚੀ ਖੇਡ ਦੀ ਨਿਰਵਿਘਨਤਾ ਲਈ ਕੁਰਬਾਨੀ ਦਾ ਜ਼ਜਬਾ ਵੀ ਜਗਾਉਂਦੇ ਹਨ। ਇਸ ਪਵਿੱਤਰ ਜ਼ਜਬੇ ਅਧੀਨ ਹੀ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਿਦਕੀ ਸਿੱਖ 'ਸੀਸ ਤਲੀ 'ਤੇ ਧਰ ਕੇ'ਆਪਣੇ ਧਾਰਮਿਕ ਅਤੇ ਰਾਜਨੀਤਕ ਨਿਸ਼ਾਨੇ ਪ੍ਰਾਪਤ ਕਰਦੇ ਰਹੇ ਹਨ। ਇਸ ਤਰ੍ਹਾਂ ਦੀ ਮਾਣ–ਮੱਤੀ ਪ੍ਰਾਪਤੀ ਕਰਨ ਵਾਲਿਆਂ ਵਿਚ ਹੀ ਸ਼ਾਮਿਲ ਹੈ ਦੋ ਸੂਰਮੇ ਸਿੱਖ ਭਾਈ ਸੁੱਖਾ ਸਿੰਘ ਮਾੜੀ ਕੰਬੋਕੀ ਅਤੇ ਭਾਈ ਮਹਿਤਾਬ ਸਿੰਘ ਮੀਰਾਂਕੋਟੀਏ ਦਾ ਨਾਂਅ ਜਿਨ੍ਹਾਂ ਮਣਾਂ–ਮੂੰਹੀਂ ਦਲੇਰੀ ਨਾਲ ਦਿਨ–ਦੀਵੀਂ ਮੱਸੇ ਰੰਗੜ ਦਾ ਸਿਰ ਵੱਢ ਕੇ ਇੱਕ ਨਵਾਂ ਇਤਿਹਾਸ ਰਚਿਆ ਸੀ। ਸਿੱਖ ਇਤਿਹਾਸ ਦਾ ਇਹ ਰਚਣ ਦੱਸਦਾ ਹੈ ਕਿ ਇੱਕ ਸਿੱਖ ਨੂੰ ਉਸ ਦਾ ਗੁਰੂ ਅਤੇ ਉਸ ਨਾਲ ਜੁੜੇ ਗੁਰਧਾਮ ਜਾਨ ਤੋਂ ਵੀ ਵੱਧ ਪਿਆਰੇ ਹੁੰਦੇ ਹਨ।

ਇਤਿਹਾਸਕ ਪੰਨੇ ਫਰੋਲਿਆਂ ਪਤਾ ਲੱਗਦਾ ਹੈ ਕਿ ਲਾਹੌਰ ਦੇ ਸੂਬੇਦਾਰ ਖ਼ਾਨ ਬਹਾਦਰ ਜ਼ਕਰੀਆਂ ਖਾਨ ਨੇ ਸਿੱਖੀ ਦਾ ਖੁਰਾ–ਖੋਜ ਮਿਟਾਉਣ ਦੀ ਪੱਕੀ ਠਾਣ ਲਈ ਸੀ। ਇਸ ਠਾਣਤਾ ਦਾ ਭਾਈਵਾਲ ਉਸ ਨੇ ਪਿੰਡ ਮਡਿਆਣੀ ਦੇ ਵਸਨੀਕ ਚੌਧਰੀ ਮੱਸੇ ਰੰਗੜ ਨੂੰ ਵੀ ਬਣਾ ਲਿਆ। ਆਪਣੀ ਸਿੱਖ ਵਿਰੋਧੀ ਨੀਤੀ ਅਧੀਨ ਉਸ ਨੇ ਮੱਸੇ ਨੂੰ ਥਾਪੜਾ ਦੇ ਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਬੇਅਦਬ ਕਰਨ ਲਈ ਭੇਜ ਦਿੱਤਾ। ਹਕੂਮਤ ਦੇ ਇਸ ਥਾਪੜੇ ਨਾਲ ਰੰਗੜ ਦੀ ਬੁੱਧੀ ਭ੍ਰਿਸ਼ਟ ਹੋ ਗਈ ਅਤੇ ਉਹ ਹੰਕਾਰ ਦੇ ਘੋੜੇ ਤੇ ਸਵਾਰ ਹੋ ਕੇ ਮਨਆਈਆਂ ਕਰਨ ਲੱਗਾ। ਪਵਿੱਤਰ ਦਰਬਾਰ ਸਾਹਿਬ ਵਿੱਚ ਮੰਜਾ ਡਾਹ ਕੇ ਉਸ ਨੀਚ ਨੇ ਹੁੱਕੇ ਦੀ ਗੁੜਗੁੜਾਹਟ ਪੈਦਾ ਕਰ ਦਿੱਤੀ ਅਤੇ ਨਾਲ ਹੀ ਦਾਰੂ ਦਾ ਦੌਰ ਵੀ ਚਲਾ ਦਿੱਤਾ। ਜ਼ਾਮ ਦੇ ਛਲਕਾਅ ਅਤੇ ਵੇਸਵਾ ਦੀ ਅਦਾ ਨੇ ਉਸ ਨੂੰ ਮਦਹੋਸ਼ ਕਰਕੇ ਰੱਖ ਦਿੱਤਾ ਅਤੇ ਉਹ ਖ਼ੁਦਾ ਦਾ ਖ਼ੌਫ਼ ਭੁਲਾ ਕੇ ਬਹਿ ਗਿਆ।

ਚੌਧਰੀ ਦਾ ਇਹ ਦੁਰਾਚਾਰੀ ਸਿਲਸਲਾ ਕੁੱਝ ਕੁ ਦਿਨ ਤੱਕ ਤਾਂ ਚੱਲਦਾ ਰਿਹਾ ਪਰ ਅਖੀਰ ਇਸ ਦੀ ਖ਼ਬਰ ਬੀਕਾਨੇਰ (ਰਾਜਸਥਾਨ) ਵਿਚ ਵਸਦੇ ਖ਼ਾਲਸੇ ਕੋਲ ਪਹੁੰਚ ਗਈ। ਇਹ ਖ਼ਬਰ ਪਹੁੰਚਾਉਣ ਵਾਲਾ ਪਿੰਡ ਕੰਗ ਦਾ ਵਾਸੀ ਭਾਈ ਬਲਾਕਾ ਸਿੰਘ



ਸੀ। ਬੇਅਦਬੀ ਦੀ ਖ਼ਬਰ ਸੁਣਦਿਆਂ ਹੀ ਸਿੰਘਾਂ ਦਾ ਖ਼ੂਨ ਖੌਲ੍ਹਣ ਲੱਗਾ। ਇਸ ਖੋਲ੍ਹੇ ਖ਼ੂਨ ਦੀ ਬਾਦੌਲਤ ਜਥੇਦਾਰ ਬੁੱਢਾ ਸਿੰਘ ਨੇ ਸਿੰਘਾਂ ਨੂੰ ਸੰਬੋਧਨ ਕਰਕੇ ਕਿਹਾ,

"ਖ਼ਾਲਸਾ ਜੀ ! ਵੈਰੀਆਂ ਨੇ ਸਾਡੇ ਗੁਰਧਾਮ 'ਤੇ ਕਬਜ਼ਾ ਕਰਕੇ ਗੁਰੂ–ਘਰ ਦੀ ਮਰਿਯਾਦਾ ਦਾ ਘਾਣ ਕਰ ਦਿੱਤਾ ਹੈ।ਜੇ ਅੱਜ ਅਸੀਂ ਇਸ ਮਰਿਯਾਦਾ ਨੂੰ ਕਾਇਮ ਨਾ ਰੱਖ ਸਕੇ ਤਾਂ ਆਪਣੇ ਗੁਰੂ ਨੂੰ ਮੂੰਹ ਦਿਖਾਉਣ ਦੇ ਕਾਬਿਲ ਨਹੀਂ ਰਹਾਂਗੇ। ਸੋ ਉੱਠੋ! ਕੋਈ ਸੂਰਮਾ ਜਿਹੜਾ ਉਸ ਦੁਸ਼ਟ ਰੰਗੜ ਦਾ ਸਿਰ ਵੱਢ ਕੇ ਗੁਰੂ ਰਾਮਦਾਸ ਪਾਤਸ਼ਾਹ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੇ।"

ਜਥੇਦਾਰ ਬੁੱਢਾ ਸਿੰਘ ਦੀ ਵੰਗਾਰ ਸੁਣ ਕੇ ਇਕੱਠ ਵਿਚੋਂ ਦੋ ਸੂਰਮੇ ਭਾਈ ਸੁੱਖਾ ਸਿੰਘ ਮਾੜੀ ਕੰਬੋਕੀ ਅਤੇ ਭਾਈ ਮਹਿਤਾਬ ਸਿੰਘ ਮੀਰਾਂਕੋਟੀਆ ਉੱਠ ਖੜ੍ਹੇ ਹੋਏ ਅਤੇ ਹੱਥ ਜੋੜਕੇ ਕਹਿਣ ਲੱਗੇ ਕਿ, 'ਜਥੇਦਾਰ ਜੀ ! ਇਸ ਸੇਵਾ ਦਾ ਮੌਕਾ ਸਾਨੂੰ ਬਖਸ਼ੋ, ਅਸੀਂ ਵਾਅਦਾ ਕਰਦੇ ਹਾਂ ਕਿ ਜਾਂ ਤਾਂ ਉਸ ਪਾਪੀ ਦਾ ਸਿਰ ਵੱਢ ਕੇ ਪੰਥ ਦੀ ਝੋਲੀ ਵਿਚ ਪਾ ਦੇਵਾਂਗੇ ਜਾਂ ਫਿਰ ਆਪਣੇ ਸਿਰ (ਸ਼ਹੀਦ ਹੋ ਕੇ) ਗੁਰੂ ਦੇ ਲੇਖੇ ਲਾ ਦੇਵਾਂਗੇ।'

ਜੇ ਕਰ ਸੀਸ ਲਗੇ ਗੁਰ ਅਰਥ।
ਧੰਨ ਜਨਮ ਧੰਨ ਮਰਣ ਸਮਰੱਥ।

(ਪ੍ਰਚੀਨ ਪੰਥ ਪ੍ਰਕਾਸ਼)

ਵਾਅਦਾ ਕਰਕੇ ਦੋਵਾਂ ਸੂਰਮਿਆਂ ਨੇ ਅਰਦਾਸਾ ਸੋਧਿਆ ਅਤੇ ਮੱਸੇ ਦੀ ਮੌਤ ਬਣਕੇ ਬੀਕਾਨੇਰ ਤੋਂ ਸ੍ਰੀ ਅੰਮ੍ਰਿਤਸਰ ਵੱਲ ਨੂੰ ਰਵਾਨਾ ਹੋ ਗਏ।

ਦੋਵਾਂ ਸਿੰਘਾਂ ਦੇ ਘੋੜੇ ਹਵਾ ਨਾਲ ਗੱਲਾਂ ਕਰਦੇ ਜਾ ਰਹੇ ਸਨ। ਰਸਤੇ ਵਿਚ ਇੱਕ ਖੂਹ 'ਤੇ ਠਹਿਰ ਕੇ ਦੋਵਾਂ ਨੇ ਜਲ ਛਕਿਆ ਅਤੇ ਮੱਸੇ ਨੂੰ ਮਜ਼ਾ ਚਖਾਉਣ ਦੀ ਵਿਉਤਬੰਦੀ ਕਰਨ ਲੱਗੇ। ਇਸ ਵਿਉਂਤਬੰਦੀ ਤਹਿਤ ਉਨ੍ਹਾਂ ਦੋਵਾਂ ਨੇ ਚੌਧਰੀਆਂ ਦਾ ਭੇਸ ਧਾਰਨ ਕੀਤਾ ਅਤੇ ਇਕ ਆਵੇ ਤੋਂ ਘੜੇ ਖ਼ੀਦ ਕੇ ਉਸ ਦੀਆਂ ਠੀਕਰੀਆਂ ਬਣਾ ਲਈਆਂ। ਇਹ ਠੀਕਰੀਆਂ ਥੈਲੀਆਂ ਵਿਚ ਭਰ ਕੇ ਉਹ ਆਪਣੀ ਮੰਜ਼ਿਲ ਵੱਲ ਵਧਣ ਲੱਗੇ। ਇਹ ਦਿਨ 11 ਅਗਸਤ 1740 ਦਾ ਹੈ।

ਘੋੜਿਆਂ 'ਤੇ ਲੱਦੀਆਂ ਥੈਲੀਆਂ ਅਤੇ ਢਿੱਲੀ ਜਿਹੀ ਪੁਸ਼ਾਕ ਤੋਂ ਉਹ ਕਿਸੇ ਪਿੰਡ ਦੇ ਚੌਧਰੀ ਜਾਂ ਨੰਬਰਦਾਰ ਲੱਗਦੇ ਸਨ। ਦੁਪਹਿਰ ਦਾ ਸਮਾਂ ਸੀ ਅਤੇ ਮੁਗ਼ਲ ਸਿਪਾਹੀ ਆਰਾਮ ਕਰ ਰਹੇ ਸਨ। ਜਿਹੜੇ ਜਾਗ ਰਹੇ ਸਨ ਉਨ੍ਹਾਂ ਨੂੰ ਵੀ ਇੰਝ ਲੱਗਾ ਕਿ ਇਹ ਕੋਈ ਚੌਧਰੀ ਹਨ ਜਿਹੜੇ ਮਾਮਲਾ ਤਾਰਨ ਆਏ ਹੋਣਗੇ। ਮਾਹੌਲ ਦਾ ਲਾਹਾ ਲੈ ਕੇ ਦੋਵੇਂ ਸਿੰਘ ਘੋੜਿਆਂ ਸਮੇਤ ਪ੍ਰਕਰਮਾ ਵਿਚ ਪਹੁੰਚ ਗਏ।

ਦਰਬਾਰ ਸਾਹਿਬ ਦੇ ਸਨਮੁੱਖ ਹੋ ਕੇ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਨੇ ਅਰਦਾਸ ਕੀਤੀ– 'ਧੰਨ ਧੰਨ ! ਗੁਰੂ ਰਾਮਦਾਸ ਪਾਤਸ਼ਾਹ ਸੇਵਕਾਂ ਦੀ ਲਾਜ ਰੱਖਣੀ ਅਤੇ ਬਖ਼ਸ਼ਿਸ ਕਰਨੀ ਕਿ ਅਸੀਂ ਆਪਣੇ ਮਨੋਰਥ ਵਿਚ ਕਾਮਯਾਬ ਹੋ ਕੇ ਕੀਤੇ ਹੋਏ ਵਾਅਦੇ ਨੂੰ ਨਿਭਾਅ ਸਕੀਏ। ਅਤੇ ਨਾਲ ਹੀ ਘੋੜਿਆਂ ਸਮੇਤ ਪ੍ਰਕਰਮਾ ਵਿਚਲੇ ਪ੍ਰਵੇਸ਼ ਦੀ ਖਿਮਾਂ ਵੀ ਮੰਗ ਲਈ।'

ਅਰਦਾਸ ਕਰਕੇ ਦੋਵੇਂ ਜਣੇ ਸ੍ਰੀ ਹਰਿਮੰਦਰ ਸਾਹਿਬ ਵੱਲ ਵੱਧਣ ਲੱਗੇ। ਦਰਬਾਰ ਵਿਚ ਪਹੁੰਚ ਕੇ ਸਿੰਘਾਂ ਨੇ ਦੇਖਿਆ ਕਿ ਜਿਥੇ ਕਦੇ ਰੱਬ ਦੀ ਕੀਰਤੀ ਗਾਈ ਜਾਂਦੀ ਸੀ ਉਸ ਸਥਾਨ 'ਤੇ ਮੱਸੇ ਦੀ ਮਸਤੀ ਚੱਲ ਰਹੀ ਸੀ। ਵੇਸਵਾ ਦਾ ਨਾਚ ਹੋ ਰਿਹਾ ਸੀ ਅਤੇ ਦਾਰੂ ਵਰਤ ਰਹੀ ਸੀ। ਹਕੂਮਤੀ ਸ਼ਹਿ 'ਤੇ ਰੰਘੜ ਖ਼ਾਲਸੇ ਦਾ ਖ਼ੌਫ ਭੁਲਾਈ ਬੈਠਾ ਸੀ।

ਦੋਵੇਂ ਸਿੰਘ ਚੌਧਰੀ ਦੇ ਪਲੰਘ ਕੋਲ ਪਹੁੰਚ ਗਏ ਅਤੇ ਕਹਿਣ ਲੱਗੇ ਕਿ 'ਬੜੇ ਸਮੇਂ ਦਾ ਹਿਸਾਬ ਬਕਾਇਆ ਸੀ ਜੋ ਕਰਨ ਵਾਸਤੇ ਆਏ ਹਾਂ।' ਇਹ ਕਹਿ ਕੇ ਉਨ੍ਹਾਂ ਦੋਵਾਂ ਨੇ ਥੈਲੀਆਂ ਪਲੰਘ ਹੇਠਾਂ ਸੁੱਟ ਦਿੱਤੀਆਂ। ਪਲੰਘ ਹੇਠਲੀਆਂ ਥੈਲੀਆਂ ਨੂੰ ਚੁੱਕਣ ਲਈ ਜਦੋਂ ਚੌਧਰੀ ਹੇਠਾਂ ਵੱਲ ਝੁਕਿਆ ਤਾਂ ਭਾਈ ਮਹਿਤਾਬ ਸਿੰਘ ਮੀਰਾਂਕੋਟੀਏ ਨੇ ਕ੍ਰਿਪਾਨ ਦੇ ਇੱਕ ਵਾਰ ਨਾਲ ਹੀ ਉਸ ਦਾ ਸਿਰ ਵੱਢ ਦਿੱਤਾ। ਖ਼ਾਲਸੇ ਦਾ ਇਹ ਕੌਤਕ ਦੇਖ ਕੇ ਵੇਸਵਾ ਨੂੰ ਨੱਚਣਾ ਭੁੱਲ ਗਿਆ ਅਤੇ ਸਾਜੀਆਂ ਦੀਆਂ ਸੁਰਾਂ ਗੁਆਚ ਗਈਆਂ। ਦਰਬਾਰ ਵਿਚ ਹਲਚਲ ਮੱਚ ਗਈ।

ਇਸ ਤੋਂ ਪਹਿਲਾਂ ਕਿ ਕਿਸੇ ਨੂੰ ਘਟਨਾ ਦੀ ਪੂਰੀ ਸਮਝ ਲੱਗਦੀ ਦੋਵਾਂ ਨੇ ਡਿੱਗੇ ਹੋਏ ਸਿਰ ਨੂੰ ਸੰਭਾਲ ਲਿਆ ਅਤੇ ਲਾਚੀ ਬੇਰੀ ਕੋਲ ਪਹੁੰਚ

ਗਏ। ਘੋੜਿਆਂ ਕੋਲ ਆ ਕੇ ਉਨ੍ਹਾਂ ਨੇ ਮੱਸੇ ਦਾ ਸਿਰ ਨੇਜ਼ੇ 'ਤੇ ਟੰਗ ਲਿਆ ਤੇ ਜੈਕਾਰੇ ਗਜ਼ਾਉਂਦੇ ਹੋਏ ਪ੍ਰਕਰਮਾ ਵਿਚੋਂ ਬਾਹਰ ਨਿਕਲ ਗਏ।

ਪਾਪਾਂ ਦਾ ਬੁਰਜ ਢਾਹ ਕੇ ਸਿਦਕੀ ਸਿੱਖਾਂ ਨੇ ਗੁਰੂ ਰਾਮਦਾਸ ਦਾ ਸ਼ੁਕਰਾਨਾ ਕੀਤਾ ਅਤੇ ਵਾਪਸੀ ਲਈ ਚਾਲੇ ਪਾ ਦਿੱਤੇ। ਬੀਕਾਨੇਰ ਪਹੁੰਚ ਕੇ ਸਿੰਘਾਂ ਨੇ ਸੱਜੇ ਹੋਏ ਦੀਵਾਨ ਵਿਚ 'ਮੱਸੇ ਦਾ ਸਿਰ' ਜਥੇਦਾਰ ਬੁੱਢਾ ਸਿੰਘ ਦੇ ਸਾਹਮਣੇ ਰੱਖ ਦਿੱਤਾ ਅਤੇ ਸਾਬਤ ਕਰ ਦਿੱਤਾ ਕਿ ਗੁਰ-ਅਸਥਾਨ ਸਿੱਖਾਂ ਨੂੰ ਆਪਣੀ ਜਾਨ ਤੋਂ ਵੀ ਵੱਧ ਪਿਆਰੇ ਹੁੰਦੇ ਹਨ। ਇਨ੍ਹਾਂ ਦੀ ਬੇਅਦਬੀ ਨੂੰ ਸਿੱਖ ਆਪਣੀ ਬੇਅਦਬੀ ਸਮਝਦਾ ਹੈ ਅਤੇ ਆਪਣਾ ਹੱਥ ਕ੍ਰਿਪਾਨ ਵੱਲ ਵਧਾ ਦਿੰਦਾ ਹੈ। ਧਰਮ (ਸੱਚ) ਦੀ ਖ਼ਾਤਰ ਵਧਿਆ ਇਹ ਹੱਥ ਕਈ ਵਾਰ ਵੱਡੀ ਕਰਾਮਾਤ ਵੀ ਕਰ ਦਿਖਾਉਂਦਾ ਹੈ। ਇਸ ਤਰ੍ਹਾਂ ਦੀਆਂ ਕਈ ਘਟਨਾਵਾਂ ਸਮੇਂ-ਸਮੇਂ ਸਿੱਖ ਇਤਿਹਾਸ ਦਾ ਅੰਗ ਬਣਦੀਆਂ ਆ ਰਹੀਆਂ ਹਨ।

ਇਸ ਬਹਾਦਰੀ ਵਾਲੇ ਕਾਰਨਾਮੇ ਤੋਂ ਬਾਅਦ ਮੱਸੇ ਦਾ ਪਰਿਵਾਰ ਖਾਨ ਬਹਾਦਰ ਜ਼ਕਰੀਆ ਖਾਨ ਦੇ ਦਰਬਾਰ ਵਿਚ ਪੇਸ਼ ਹੋਇਆ ਅਤੇ ਭੁੱਬਾਂ ਮਾਰ ਕੇ ਰੋਣ ਲੱਗਾ। ਖਾਨ ਨੇ ਅੰਮ੍ਰਿਤਸਰ ਦੇ ਨੇੜਲੇ ਚੌਧਰੀਆਂ ਨੂੰ ਦਰਬਾਰ ਵਿਚ ਬੁਲਾਇਆ ਅਤੇ ਚੌਧਰੀ ਮੱਸੇ ਦੇ ਕਾਤਲਾਂ ਦੀ ਸੂਹ ਲਾਉਣ ਦਾ ਹੁਕਮ ਦਿੱਤਾ। ਮੌਕੇ 'ਤੇ ਹਾਜ਼ਰ ਹਰਭਗਤ ਨਿਰੰਜਨੀਏ ਜੰਡਿਆਲੇ ਵਾਲੇ ਨੇ ਸੂਹ ਦਿੱਤੀ ਕਿ ਇਹ ਕਾਰਜ ਭਾਈ ਮਹਿਤਾਬ ਸਿੰਘ ਮੀਰਾਂ ਕੋਟੀਏ ਅਤੇ ਸੁੱਖਾ ਸਿੰਘ ਮਾੜੀ ਕੰਬੋਕੀ ਵਾਲੇ ਨੇ ਕੀਤਾ ਹੈ। ਨਿਰੰਜਨੀਏ ਦੀ ਮੁਖ਼ਬਰੀ ਦੇ ਮੁਤਾਬਿਕ ਫ਼ੌਜਦਾਰ ਨੂਰਦੀਨ ਦੀ ਅਗਵਾਈ ਹੇਠ ਫੌਜ ਨੇ ਪਿੰਡ ਮੀਰਾਂ ਕੋਟ ਨੂੰ ਘੇਰਾ ਪਾ ਲਿਆ। ਮਹਿਤਾਬ ਸਿੰਘ ਤਾਂ ਉੱਥੇ ਹੈ ਨਹੀਂ ਸੀ ਪਰ ਉਸ ਦਾ ਪੁੱਤਰ ਰਾਇ ਸਿੰਘ ਆਪਣੇ ਤਾਏ (ਭਾਈ ਸਾਹਿਬ ਦੇ ਪੱਗ ਵੱਟ ਭਰਾ) ਨੱਥੇ ਖਹਿਰੇ ਕੋਲ ਰਹਿ ਰਿਹਾ ਸੀ। ਨੂਰਦੀਨ ਨੇ ਨੱਥੇ ਖਹਿਰੇ ਨੂੰ ਕਿਹਾ ਕਿ ਉਹ ਰਾਇ ਸਿੰਘ ਨੂੰ ਉਸ ਦੇ ਹਵਾਲੇ ਕਰ ਦੇਵੇ ਪਰ ਨੱਥੇ ਨੇ ਭਾਈ ਮਹਿਤਾਬ ਸਿੰਘ ਨਾਲ ਵਟਾਈ ਹੋਈ ਪੱਗ ਨੂੰ ਦਾਗ ਨਹੀਂ ਲੱਗਣ ਦਿੱਤਾ। ਬਾਲਕ ਰਾਇ ਸਿੰਘ ਨੂੰ ਮੋਢਿਆਂ 'ਤੇ ਚੱਕ ਕੇ ਉਹ, ਆਪਣੇ ਤਿੰਨ-ਚਾਰ ਸਾਥੀਆਂ ਸਮੇਤ ਪਿਛਲੇ ਪਾਸਿਓਂ ਬਾਹਰ ਨਿਕਲ ਗਿਆ। ਸ਼ਾਹੀ ਫੌਜ਼ ਨੇ ਪਿੱਛਾ ਕਰਕੇ ਇਨ੍ਹਾਂ ਸਾਰਿਆਂ ਨੂੰ ਘੇਰ ਲਿਆ। ਘਮਸਾਨ ਦੀ ਲੜ੍ਹਾਈ ਵਿਚ ਨੱਥਾ ਖਹਿਰਾ ਅਤੇ ਉਸ ਦੇ ਸਾਥੀ ਸ਼ਹੀਦ ਹੋ ਗਏ ਅਤੇ ਰਾਇ ਸਿੰਘ ਸਖਤ ਜ਼ਖਮੀ ਹੋਣ ਕਰਕੇ ਬੇਹੋਸ਼ ਹੋ ਗਿਆ। ਫੌਜੀਆਂ ਨੇ ਉਸ ਨੂੰ ਵੀ ਮਰਿਆ ਹੋਇਆ ਸਮਝ ਕੇ ਛੱਡ ਦਿੱਤਾ। ਉਸ ਦੇ ਸਾਹ ਚੱਲਦੇ ਦੇਖ ਕੇ ਇਕ ਦਇਆਵਾਨ ਇਸਤਰੀ ਕੰਬੋ ਉਸ ਨੂੰ ਆਪਣੇ ਘਰ ਲੈ ਗਈ ਅਤੇ ਉਸ ਦੀ ਸੇਵਾ-ਸੰਭਾਲ ਨਾਲ ਉਹ ਤੰਦਰੁਸਤ ਹੋ ਗਿਆ।

ਇੱਕ ਦਿਨ ਆਪਣੇ ਪੁੱਤਰ ਨੂੰ ਮਿਲਣ ਲਈ ਭਾਈ ਮਹਿਤਾਬ ਸਿੰਘ ਪਿੰਡ ਮੀਰਾਂ ਕੋਟ ਆਇਆ, ਜਿਸ ਦੀ ਭਿਣਕ ਨਿਰੰਜਨੀਏ ਨੂੰ ਵੀ ਪੈ ਗਈ ਅਤੇ ਉਸ ਨੇ ਭਾਈ ਸਾਹਿਬ ਨੂੰ ਫੜਾ ਦਿੱਤਾ।

ਜੰਜੀਰਾਂ ਵਿਚ ਜਕੜ ਕੇ ਭਾਈ ਮਹਿਤਾਬ ਸਿੰਘ ਨੂੰ ਲਾਹੌਰ ਦਰਬਾਰ ਵਿਚ ਪੇਸ਼ ਕੀਤਾ ਗਿਆ। ਸਵਾਲ ਜਵਾਬ ਕਰਨ ਤੋਂ ਬਾਅਦ ਜ਼ਕਰੀਆ ਖਾਨ ਨੇ ਉਸ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਤਾਂ ਜੋ ਉਸ ਦੀ ਜਾਨ ਬਖ਼ਸ਼ੀ ਜਾ ਸਕੇ। ਸਿਦਕੀ ਸਿੱਖ ਨੇ ਜਾਨ ਬਚਾਉਣ ਦੀ ਬਜਾਏ ਜਾਨ ਕੁਰਬਾਨ ਕਰਨ ਨੂੰ ਤਰਜ਼ੀਹ ਦਿੱਤੀ। ਸਿੱਟੇ ਵਜੋਂ 1745 ਈ. (ਸੰਮਤ1802) ਨੂੰ ਜ਼ਾਲਮਾ ਨੇ ਉਸ ਨੂੰ ਚਰਖੜੀ 'ਤੇ ਚਾੜ ਕੇ ਸ਼ਹੀਦ ਕਰ ਦਿੱਤਾ ਅਤੇ ਉਸ ਦਾ ਸੀਸ ਵੱਢ ਕੇ ਲਾਹੌਰ ਦੀ ਹੀਰਾ ਮੰਡੀ ਵਿਚ ਟੰਗ ਦਿੱਤਾ ਗਿਆ।

ਮੱਸੇ ਦੀ ਮੌਤ ਤੋਂ ਬਾਅਦ ਭਾਈ ਸੁੱਖਾ ਸਿੰਘ ਮਾੜੀ ਕੰਬੋਕੀ ਵਾਲਾ ਸਿੱਖੀ ਦੀ ਚੜ੍ਹਦੀ ਕਲਾ ਅਤੇ ਖ਼ਾਲਸਾ ਰਾਜ ਦੀ ਕਾਇਮੀ ਲਈ ਲਗਾਤਾਰ ਸਰਗਰਮ ਰਿਹਾ। ਉਸ ਨੇ 1740 ਈ. ਤੋਂ ਲੈ ਕੇ 1753 ਈਂ ਤੱਕ ਆਪਣੀ ਜੁਝਾਰੂ ਭੂਮਿਕਾ ਨਿਭਾਈ। ਸੰਨ 1746 ਵਿਚ ਜਦੋਂ ਯਾਹੀਆ ਖਾਂ ਤੇ ਲਖਪਤ ਰਾਏ ਨੇ ਸਿੱਖਾਂ 'ਤੇ ਹਮਲਾ ਕੀਤਾ ਤਾਂ ਉਸ ਦਾ ਮੁਕਾਬਲਾ ਕਰਨ ਵਾਲੇ ਸੂਰਮੇ ਸਿੱਖਾਂ ਵਿਚ ਭਾਈ ਸੁੱਖਾ ਸਿੰਘ ਵੀ ਸ਼ਾਮਿਲ ਸੀ। ਉਹ ਲਖਪਤ ਰਾਏ ਦਾ ਖਾਤਮਾ ਕਰਨ ਦਾ ਚਾਹਵਾਨ ਸੀ ਪਰ ਲਖਪਤ ਉਸ ਦੇ ਹੱਥ ਨਹੀਂ ਆਇਆ। ਇਸ ਮੁਕਾਬਲੇ ਵਿਚ ਭਾਈ ਸਾਹਿਬ ਦੇ ਗੋਲ਼ੀ ਲੱਗਣ ਕਾਰਨ ਉਨ੍ਹਾਂ ਦੀ ਲੱਤ ਦੀ ਹੱਡੀ ਵੀ ਟੁੱਟ ਗਈ ਸੀ ਪਰ ਉਨ੍ਹਾਂ ਨੇ ਹਿੰਮਤ ਨਹੀਂ ਹਾਰੀ ਅਤੇ ਆਪਣੇ ਸਾਥੀਆਂ ਨਾਲ ਮਾਲਵੇ ਨੂੰ ਚਲਾ ਗਿਆ।

ਭਾਈ ਸੁੱਖਾ ਸਿੰਘ ਦੀ ਸੂਰਮਗਤੀ ਦੇ ਹੋਰ ਵੀ ਅਨੇਕਾਂ ਕਿੱਸੇ ਹਨ।1753 ਈ. ਵਿਚ ਉਸ ਨੇ ਆਪਣਾ ਅੰਤਮ ਯੁੱਧ ਮੀਰ ਮਨੂੰ ਨਾਲ ਕੀਤਾ। ਇਹ ਯੁੱਧ ਪਿੰਡ ਕੋਟ ਬੁੱਢਾ ਕੋਲ ਹੋਇਆ ਜਿਸ ਵਿਚ ਭਾਈ ਸੁੱਖਾ ਸਿੰਘ ਸ਼ਹਾਦਤ ਦਾ ਜ਼ਾਮ ਪੀ ਗਿਆ ਅਤੇ ਸਿੱਖ ਇਤਿਹਾਸ ਵਿਚ ਸਦਾ ਲਈ ਅਮਰ ਹੋ ਗਿਆ।

-0-

**ਸਫਾ 19 ਦਾ ਬਾਕੀ**

ਹੀ ਦੇਣ ਸੀ।

ਕਿਸੇ ਖ਼ਾਸ ਦਿਸ਼ਾ ਵੱਲ ਯਾਤਰਾ ਕਰਨ ਲਈ ਕੋਈ ਦਿਨ ਸੂਲ ਦੀ ਤਰ੍ਹਾਂ ਦੁੱਖ ਦੇਣ ਵਾਲਾ ਮੰਨਿਆ ਗਿਆ ਹੈ ਜਿਵੇਂ ਪੱਛਮ ਵੱਲ ਜਾਣ ਲਈ ਸ਼ੁੱਕਰ ਅਤੇ ਐਤਵਾਰ, ਉੱਤਰ ਲਈ ਮੰਗਲ ਅਤੇ ਬੁੱਧ, ਪੂਰਬ ਲਈ ਸ਼ਨਿਚਰ ਅਤੇ ਸੋਮ ਤੇ ਦੱਖਣ ਵੱਲ ਜਾਣ ਲਈ ਵੀਰਵਾਰ। ਪਰ ਜੇ ਇਨ੍ਹਾਂ ਦਿਨਾਂ ਵਿੱਚ ਜ਼ਰੂਰੀ ਜਾਣਾ ਪਵੇ ਤੇ ਮਨੁੱਖ ਨਾ ਜਾਏ ਤੇ ਨਾ ਜਾਣ ਕਾਰਨ ਉਸਦਾ ਆਰਥਿਕ ਤੌਰ 'ਤੇ ਨੁਕਸਾਨ ਹੋ ਜਾਏ ਤਾਂ ਉਹ ਤੇ ਤਣਾਅ ਵਿੱਚ ਆਪੇ ਹੀ ਆ ਗਿਆ ਨਾ।

ਸਾਰੀ ਦੁਨੀਆਂ ਇਸ ਵਿਅਰਥ ਦੇ ਤਣਾਅ ਵਿੱਚ ਫਸੀ ਹੈ ਕਿ ਗ੍ਰਹਿ, ਟੂਣੇ, ਟਾਮਣ, ਤੰਤ੍ਰ, ਮੰਤ੍ਰ, ਸਰਾਪ ਆਦਿ ਬੜੇ ਅਨਿਸ਼ਟਕਾਰੀ ਹਨ ਤੇ ਉਸਦਾ ਦੁੱਖ ਕਲੇਸ਼ ਵਧਾ ਕੇ ਉਸ ਨੂੰ ਨਾਸ ਕਰਨ ਦੇ ਸਮਰੱਥ ਹਨ। ਪਰ ਗੁਰੂ ਸਾਹਿਬ ਸਾਨੂੰ ਦਸਦੇ ਹਨ:

**ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ॥ (53)**

ਉਹ ਕਿਸੇ ਦੀ ਸਲਾਹ ਨਹੀਂ ਲੈਂਦਾ, ਜਦ ਉਹ ਉਸਾਰਦਾ ਹੈ ਨਾਂ ਹੀ ਉਹ ਕਿਸੇ ਦੀ ਸਲਾਹ ਲੈਂਦਾ ਹੈ, ਜਦ ਉਹ ਵਿਨਾਸ਼ ਕਰਦਾ ਹੈ। ਦੇਣ ਅਤੇ ਲੈਣ ਲਗਿਆ ਉਹ ਕਿਸੇ ਨਾਲ ਮਸ਼ਵਰਾ ਨਹੀਂ ਕਰਦਾ।

**ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ॥ (53)**

ਆਪਣੀ ਅਪਾਰ ਸ਼ਕਤੀ ਨੂੰ ਉਹ ਆਪ ਹੀ ਜਾਣਦਾ ਹੈ ਅਤੇ ਉਹ ਖ਼ੁਦ ਹੀ ਸਾਰੇ ਕਾਰਜ ਕਰਦਾ ਹੈ।

**ਸਭਨਾ ਵੇਖੈ ਨਦਰਿ ਕਰਿ ਜੈ ਭਾਵੈ ਤੈ ਦੇਇ ॥(53)**

ਆਪਣੀ ਨਿਗ੍ਹਾ ਨਾਲ ਉਹ ਸਾਰਿਆਂ ਨੂੰ ਦੇਖਦਾ ਹੈ, ਪਰੰਤੂ ਉਹ ਉਸ ਨੂੰ ਦਿੰਦਾ ਹੈ, ਜਿਸ ਉਤੇ ਉਸ ਦੀ ਖ਼ੁਸ਼ੀ ਹੁੰਦੀ ਹੈ।

**ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥**
**ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥(136)**

ਜਿਨ੍ਹਾਂ ਉੱਤੇ ਪ੍ਰਭੂ ਮਿਹਰ ਦੀ ਨਜ਼ਰ ਕਰਦਾ ਹੈ, ਉਹਨਾਂ ਵਾਸਤੇ ਸਾਰੇ ਮਹੀਨੇ, ਸਾਰੇ ਦਿਹਾੜੇ, ਸਾਰੇ ਹੀ ਮਹੂਰਤ ਸੁਲੱਖਣੇ ਹਨ।

**ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ॥(134)**

ਮੈਂ ਪਰਮਾਤਮਾ ਤੋਂ ਬਿਨਾਂ ਕਿਸੇ ਹੋਰ ਆਸਰੇ ਦੀ ਭਾਲ ਵਿਚ ਨਹੀਂ ਪੈਂਦਾ, ਮੈਂ ਕਿਤੇ ਸਮਾਧਾਂ ਤੇ ਮਸਾਣਾਂ ਵਿਚ ਵੀ ਨਹੀਂ ਜਾਂਦਾ।

ਗੁਰੂ ਸਾਹਿਬਾਨ ਦੇ ਉਪਦੇਸ਼ਾਂ 'ਤੇ ਚੱਲ ਕੇ ਮਨੁੱਖ ਚਿੰਤਾ-ਪਰੇਸ਼ਾਨੀਆਂ ਤੋਂ ਬਚਿਆ ਰਹਿੰਦਾ ਹੈ ਅਤੇ ਜੀਵਨ-ਸਫਰ ਆਤਮਿਕ ਅਨੰਦ ਵਿਚ ਬਤੀਤ ਕਰਦਾ ਹੈ।

ਸੋ, ਤਣਾਅ-ਰਹਿਤ ਜੀਵਨ ਜੀਊਣ ਦਾ ਛੇਵਾਂ ਸੂਤਰ ਹੈ:

**ਵਹਿਮਾਂ, ਭਰਮਾਂ, ਤੰਤ੍ਰ-ਮੰਤ੍ਰ-ਜੰਤ੍ਰ, ਜਾਦੂ-ਟੂਣੇ, ਅੰਧ-ਵਿਸ਼ਵਾਸਾਂ ਹਨ ਤੇ ਕਰਮਕਾਂਡਾਂ ਨੂੰ ਆਪਣੇ ਨੇੜੇ ਨਾ ਫਟਕਣ ਦੇਣਾ।**

-0-



# ਨੰਨੇ ਵਾਰਸ

## ਵਿਦਿਆਰਥੀ ਜੀਵਨ ਵਿਚ ਅਖ਼ਬਾਰਾਂ ਦੀ ਮਹੱਤਤਾ

ਗੁਰਪ੍ਰੀਤ ਕੌਰ

**-ਸਰਪੰਚ ਅਵਨੀਤ ਕੌਰ ਮਾਂਹਪੁਰ # 98150-99098**

ਪਿਆਰੇ ਬੱਚਿਓ। ਵਿਦਿਆਰਥੀ ਜੀਵਨ ਵਿਚ ਕਿਤਾਬਾਂ ਤੋਂ ਇਲਾਵਾ ਵਾਧੂ ਜਾਣਕਾਰੀ ਪ੍ਰਾਪਤ ਕਰਨਾ ਵੀ ਜ਼ਰੂਰੀ ਹੁੰਦਾ ਹੈ। ਸੰਬੰਧਿਤ ਕਿਤਾਬੀ ਪੜ੍ਹਾਈ ਤੋਂ ਇਲਾਵਾ ਜੇਕਰ ਅਸੀਂ ਹੋਰ ਦੇਸ਼ ਦੁਨੀਆ ਦੀ ਜਾਣਕਾਰੀ ਰੱਖਦੇ ਹਾਂ ਤਾਂ ਸਾਨੂੰ ਇਸ ਦੇ ਨੰਬਰ ਵੀ ਜ਼ਿਆਦਾ ਮਿਲਦੇ ਹਨ ਅਤੇ ਅਧਿਆਪਕਾਂ ਦੀ ਨਜ਼ਰ ਵਿਚ ਵੀ ਅਸੀਂ ਵੱਖਰੀ ਪਛਾਣ ਬਣਾਉਂਦੇ ਹਾਂ। ਜੇਕਰ ਅਸੀਂ ਕਿਤਾਬਾਂ ਤੋਂ ਇਲਾਵਾ ਆਪਣਾ ਥੋੜ੍ਹਾ ਜਿਹਾ ਸਮਾਂ ਅਖ਼ਬਾਰ ਪੜ੍ਹਨ ਵੱਲ ਲਗਾਈਏ ਤਾਂ ਸਾਡੇ ਗਿਆਨ ਵਿਚ ਬੇਹੱਦ ਵਾਧਾ ਹੋਵੇਗਾ, ਕਿਉਂਕਿ ਅਖ਼ਬਾਰਾਂ ਤੋਂ ਸਾਨੂੰ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਅਖ਼ਬਾਰਾਂ ਤੋਂ ਸਾਨੂੰ ਹਰ ਰੋਜ਼ ਹੋਣ ਵਾਲੀਆਂ ਘਟਨਾਵਾਂ , ਵੱਖ-ਵੱਖ ਦੇਸ਼ਾਂ ਦੇ ਨੇਤਾਵਾਂ ਤੇ ਉਨ੍ਹਾਂ ਦੇ ਨਾਵਾਂ ਬਾਰੇ, ਧਰਮ ਤੇ ਸੱਭਿਆਚਾਰ ਬਾਰੇ, ਸਿਹਤ ਬਾਰੇ, ਘਰੇਲੂ ਚੀਜ਼ਾਂ ਆਦਿ ਬਾਰੇ, ਪੜ੍ਹਾਈ ਤੋਂ ਪਿਛੋਂ ਕੈਰੀਅਰ ਬਣਾਉਣ ਬਾਰੇ ਤੇ ਪੁਰਾਤਨ ਇਤਿਹਾਸ ਨਾਲ ਸੰਬੰਧਿਤ ਜਾਣਕਾਰੀ, ਨਾਵਲ, ਕਹਾਣੀਆਂ ਤੇ ਬਾਲ ਸੰਸਾਰ 'ਚ ਹੋਰ ਅਨੇਕਾਂ ਤਰ੍ਹਾਂ ਦੀ ਜਾਣਕਾਰੀ ਭਰਪੂਰ ਬਹੁਤ ਸਾਰਾ ਕੀਮਤੀ ਖਜ਼ਾਨਾ ਮਿਲਦਾ ਹੈ। ਜੇਕਰ ਸਿਲੇਬਸ ਤੋਂ ਬਗੈਰ ਅਧਿਆਪਕ ਸਾਡੇ ਤੋਂ ਕੋਈ ਸਵਾਲ ਪੁੱਛਦਾ ਹੈ ਤਾਂ ਅਸੀਂ ਉਸ ਦਾ ਜਵਾਬ ਦੇਣ ਤੋਂ ਅਸਮਰਥ ਹੋ ਜਾਂਦੇ ਹਾਂ, ਪਰ ਜੇਕਰ ਅਸੀਂ ਵਾਧੂ ਜਾਣਕਾਰੀ ਰੱਖਦੇ ਹਾਂ ਤਾਂ ਅਸੀਂ ਉਸ ਦਾ ਜਵਾਬ ਝੱਟਪਟ ਦੇ ਸਕਦੇ ਹਾਂ।



ਅਖ਼ਬਾਰ ਸਾਡੇ ਗਿਆਨ ਦੀ ਚਾਬੀ ਹਨ। ਅਖ਼ਬਾਰ ਜਿਥੇ ਸਾਨੂੰ ਚੰਗੇਰੀ ਸਿੱਖਿਆ ਬਾਰੇ ਜਾਣਕਾਰੀ ਦਿੰਦੇ ਹਨ, ਉਥੇ ਹੀ ਸਾਨੂੰ ਚੰਗੇ ਅਤੇ ਮਾੜੇ ਆਚਰਨ ਵਾਲੇ ਲੋਕਾਂ ਬਾਰੇ ਪਤਾ ਲਗਦਾ ਹੈ। ਅਖ਼ਬਾਰ ਪੜ੍ਹਨ ਤੋਂ ਬਿਨਾਂ ਅਸੀਂ ਰੋਜ਼ਾਨਾ ਵਾਪਰਨ ਵਾਲੀਆਂ ਘਟਨਾਵਾਂ ਤੋਂ ਅਣਜਾਣ ਰਹਿ ਜਾਂਦੇ ਹਾਂ। ਅਖ਼ਬਾਰਾਂ ਰਾਹੀਂ ਸਾਨੂੰ ਖ਼ੂਨ ਦੇ ਡੂੰਘੇ ਰਿਸ਼ਤਿਆਂ ਵਿਚ ਪੈ ਰਹੀਆਂ ਤਰੇੜਾਂ ਬਾਰੇ ਪਤਾ ਲਗਦਾ ਹੈ। ਅਖ਼ਬਾਰ ਹੀ ਸਾਨੂੰ ਨਵੀਆਂ ਸੇਧਾਂ, ਡੂੰਘੀ ਸੋਚ ਤੇ ਗਿਆਨ ਭਰਪੂਰ ਬਣਾਉਂਦੇ ਹਨ। ਅਖ਼ਬਾਰ ਪੜ੍ਹਨ ਨਾਲ ਸਾਡਾ ਥੋੜ੍ਹਾ ਜਿਹਾ ਵਾਧੂ ਸਮਾਂ ਵੀ ਬਰਬਾਦ ਹੋਣ ਤੋਂ ਬਚਦਾ ਹੈ, ਕਿਉਂਕਿ ਸਾਡੇ ਕੋਲ ਐਨਾ ਜ਼ਿਆਦਾ ਸਮਾਂ ਨਹੀਂ ਹੁੰਦਾ ਕਿ ਅਸੀਂ ਕੋਈ ਕਿਤਾਬ ਜਾ ਨਾਵਲ ਪੜ੍ਹ ਸਕੀਏ। ਅਖ਼ਬਾਰ ਪੜ੍ਹਨ ਨਾਲ ਅਸੀਂ ਥੋੜੇ ਸਮੇਂ 'ਚ ਹੀ ਬਹੁਤ ਸਾਰੀ ਜਾਣਕਾਰੀ ਹਾਸਿਲ ਕਰ ਲੈਂਦੇ ਹਾਂ। ਅਖ਼ਬਾਰਾਂ ਰਾਹੀਂ ਸਾਨੂੰ ਬੁਰੇ ਕੰਮਾਂ ਤੋਂ ਬਚਣ ਅਤੇ ਵਧੀਆ ਉਸਾਰੂ ਕੰਮਾਂ ਤੇ ਸਮਾਜ ਭਲਾਈ ਦੇ ਕੰਮਾਂ ਨਾਲ ਜੁੜਨ ਦੀ ਪ੍ਰੇਰਨਾ ਮਿਲਦੀ ਹੈ। ਜੇਕਰ ਅਸੀਂ ਹਰ ਰੋਜ਼ ਅਖ਼ਬਾਰ ਪੜ੍ਹਨ ਦੀ ਆਦਤ ਪਾ ਲਈਏ ਤਾਂ ਇਸ ਨਾਲ ਜਿਥੇ ਸਾਡੀ ਜਾਣਕਾਰੀ ਵਿਚ ਬੇਹੱਦ ਵਾਧਾ ਹੋਵੇਗਾ ਉਥੇ ਹੀ ਸਾਡੇ ਮਨ ਅੰਦਰ ਬੁਰੇ ਕੰਮਾਂ ਨੂੰ ਖ਼ਤਮ ਕਰਨ ਦੀ ਤਾਂਘ ਪੈਦਾ ਹੋਵੇਗੀ। ਸੋ ਬੱਚਿਓ, ਪੜ੍ਹਾਈ ਦੇ ਨਾਲ-ਨਾਲ ਅਖ਼ਬਾਰ ਸਾਡੀ ਜ਼ਿੰਦਗੀ 'ਚ ਬੇਹੱਦ ਮਹੱਤਤਾ ਰੱਖਦੇ ਹਨ। -0-

## ਖ਼ੂਬਸੂਰਤੀ

ਹਰਪ੍ਰੀਤ ਕੌਰ

ਪਿਆਰੇ ਬੱਚਿਓ, ਇਕ ਵਾਰ ਦੀ ਗੱਲ ਹੈ ਕਿ ਜੰਗਲ ਵਿਚ ਪੰਛੀਆਂ ਦੀ ਖ਼ੂਬਸੂਰਤੀ ਲਈ ਆਪਸੀ ਖਿੱਚੋਤਾਣ ਸ਼ੁਰੂ ਹੋ ਗਈ। ਹਰੇਕ ਪੰਛੀ ਆਪਣੇ-ਆਪ ਨੂੰ ਜੰਗਲ ਦਾ ਸਭ ਤੋਂ ਵੱਧ ਖ਼ੂਬਸੂਰਤ ਪੰਛੀ ਸਿੱਧ ਕਰਨ ਲਈ ਆਪਣੀ-ਆਪਣੀ ਦਲੀਲ ਦੇਣ ਲੱਗਾ। ਕਈ ਵਾਰ ਉਹ ਇਕ-ਦੂਜੇ ਨੂੰ ਨਕਾਰਦੇ ਹੋਏ ਬਹਿਸ ਕਰਦੇ-ਕਰਦੇ ਲੜਨ ਲੱਗ ਪੈਂਦੇ। ਕੋਈ ਵੀ ਪੰਛੀ ਆਪਣੇ-ਆਪ ਨੂੰ ਘੱਟ ਨਾ ਸਮਝਦਾ ਹੋਇਆ ਪਿੱਛੇ ਹਟਣ ਲਈ ਤਿਆਰ ਨਹੀਂ ਸੀ। ਉਨ੍ਹਾਂ ਦੀ ਇਸ ਆਪਸੀ ਲੜਾਈ ਸਦਕਾ ਜੰਗਲ ਦਾ ਮਾਹੌਲ ਵੀ ਖਰਾਬ ਹੋਣ ਲੱਗਾ। ਕੁਝ ਸਮੇਂ ਬਾਅਦ ਇਨ੍ਹਾਂ ਪੰਛੀਆਂ ਦੀ ਆਪਸੀ ਲੜਾਈ ਦੀ ਖਬਰ ਜੰਗਲ ਦੇ ਰਾਜਾ ਸ਼ੇਰ ਤੱਕ ਪਹੁੰਚ ਗਈ। ਸ਼ੇਰ ਨੇ ਸਾਰੇ ਹੀ ਪੰਛੀਆਂ ਨੂੰ



ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਕੋਈ ਖਾਸ ਨਤੀਜਾ ਨਾ ਨਿਕਲਿਆ। ਅੰਤ ਸ਼ੇਰ ਨੇ ਸਮਝਦਾਰੀ ਤੋਂ ਕੰਮ ਲੈਂਦੇ ਹੋਏ ਸਾਰੇ ਹੀ ਪੰਛੀਆਂ ਨੂੰ ਬੁਲਾਇਆ ਤਾਂ ਜੋ ਜੰਗਲ ਦਾ ਮਾਹੌਲ ਖਰਾਬ ਨਾ ਹੋਵੇ ਤੇ ਉਨ੍ਹਾਂ ਵਿਚਕਾਰ ਲੱਗੀ ਜੰਗ ਨੂੰ ਜਲਦੀ ਤੋਂ ਜਲਦੀ ਸ਼ਾਂਤ ਕੀਤਾ ਜਾਵੇ। ਹੁਣ ਸ਼ੇਰ ਨੇ ਸਾਰੇ ਹੀ ਪੰਛੀਆਂ ਨੂੰ ਸਮਝਾਇਆ ਕਿ ਉਹ ਆਪਸ ਵਿਚ ਨਾ ਲੜਨ ਤੇ ਉਹ ਸਾਰੇ ਹੀ ਇਕ ਮਿਥੇ ਦਿਨ ਉਸ ਦੀ ਗੁਫਾ ਦੇ ਬਾਹਰ ਇਕੱਠੇ ਹੋ ਜਾਣ, ਉਥੇ ਸਾਰਿਆਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਹੀ ਸਭ ਤੋਂ ਵੱਧ ਖ਼ੂਬਸੂਰਤ ਪੰਛੀ ਦਾ ਨਾਂਅ ਘੋਸ਼ਿਤ ਕੀਤਾ ਜਾਵੇਗਾ। ਇਸ ਸਬੰਧੀ ਸ਼ੇਰ ਦੇ ਹੁਕਮ ਅਨੁਸਾਰ ਜੰਗਲ ਦੇ ਬਾਕੀ ਪੰਛੀਆਂ ਨੂੰ ਵੀ ਸੁਨੇਹਾ

ਭੇਜ ਦਿੱਤਾ ਗਿਆ।

ਆਖਰ ਉਹ ਦਿਨ ਆ ਹੀ ਗਿਆ, ਜਿਸ ਦਿਨ ਸਾਰੇ ਹੀ ਪੰਛੀਆਂ 'ਚੋਂ ਕਿਸੇ ਇਕ ਨੂੰ ਸਭ ਤੋਂ ਵੱਧ ਖ਼ੂਬਸੂਰਤ ਪੰਛੀ ਘੋਸ਼ਿਤ ਕੀਤਾ ਜਾਣਾ ਸੀ। ਹੁਣ ਜੰਗਲ ਦੇ ਰਾਜਾ ਸ਼ੇਰ ਦੀ ਹਾਜ਼ਰੀ ਵਿਚ ਸਾਰੇ ਹੀ ਪੰਛੀਆਂ ਨੇ ਆਪਣੀ-ਆਪਣੀ ਖ਼ੂਬਸੂਰਤੀ ਦਾ ਪ੍ਰਗਟਾਵਾ ਕੀਤਾ। ਕਿਸੇ ਨੇ ਆਪਣੇ ਖੰਭਾਂ ਦੀ, ਕਿਸੇ ਨੇ ਆਪਣੇ ਰੰਗ ਦੀ, ਕਿਸੇ ਨੇ ਆਪਣੀਆਂ ਅੱਖਾਂ ਦੀ, ਕਿਸੇ ਨੇ ਆਪਣੀਆਂ ਲੱਤਾਂ ਦੀ ਤੇ ਕਿਸੇ ਨੇ ਆਪਣੀ ਚਾਲ ਦੀ ਤਾਰੀਫ ਕੀਤੀ। ਸਾਰਿਆਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਸ਼ੇਰ ਸੋਚੀਂ ਪੈ ਗਿਆ। ਕੁਝ ਸਮੇਂ ਬਾਅਦ ਉਸ ਨੇ ਨਤੀਜਾ ਘੋਸ਼ਿਤ ਕਰਦੇ ਹੋਏ ਸਭ ਤੋਂ ਵੱਧ ਖ਼ੂਬਸੂਰਤ ਪੰਛੀ ਦੇ ਖਿਤਾਬ ਲਈ ਕੋਇਲ ਦਾ ਨਾਂਅ ਘੋਸ਼ਿਤ ਕਰ ਦਿੱਤਾ। ਜਿਉਂ ਹੀ ਸ਼ੇਰ ਦੇ ਮੂੰਹੋਂ ਕੋਇਲ ਦਾ ਨਾਂਅ ਨਿਕਲਿਆ ਤਾਂ ਬਾਕੀ ਸਾਰੇ ਪੰਛੀਆਂ ਵਿਚ ਘੁਸਰ-ਮੁਸਰ ਸ਼ੁਰੂ ਹੋ ਗਈ। ਉਨ੍ਹਾਂ ਵਿਚੋਂ ਕੁਝ ਪੰਛੀ, ਜਿਨ੍ਹਾਂ ਨੂੰ ਆਪਣੇ-ਆਪ 'ਤੇ ਵੱਧ ਘੁਮੰਡ ਸੀ, ਇਤਰਾਜ਼ ਪ੍ਰਗਟ ਕਰਦੇ ਹੋਏ ਕਹਿਣ ਲੱਗੇ ਕਿ ਕੋਇਲ ਦਾ ਰੰਗ ਤਾਂ ਉਨ੍ਹਾਂ 'ਚੋਂ ਸਭ ਤੋਂ ਵੱਧ ਕਾਲਾ ਹੈ ਅਤੇ ਉਸ ਦੇ ਖੰਭ ਵੀ ਉਨ੍ਹਾਂ ਨਾਲੋਂ ਵੱਧ ਖ਼ੂਬਸੂਰਤ ਨਹੀਂ ਹਨ, ਫਿਰ ਉਹ ਸਭ ਤੋਂ ਵੱਧ ਖ਼ੂਬਸੂਰਤ ਕਿਵੇਂ ਹੋ ਸਕਦੀ ਹੈ? ਸ਼ੇਰ ਨੇ ਉਨ੍ਹਾਂ ਨੂੰ ਸਮਝਾਉਂਦਿਆਂ ਉੱਤਰ ਦਿੱਤਾ ਕਿ ਖ਼ੂਬਸੂਰਤੀ ਬਾਹਰੀ ਦਿੱਖ ਤੋਂ ਨਹੀਂ, ਬਲਕਿ ਅੰਦਰਲੇ ਗੁਣਾਂ ਤੋਂ ਦੇਖੀ ਜਾਂਦੀ ਹੈ। ਕੋਇਲ ਨੂੰ ਤੁਹਾਡੇ ਸਭ 'ਚੋਂ ਬੋਲਣ ਦਾ ਸਲੀਕਾ ਹੈ, ਹਰ ਕੋਈ ਉਸ ਦੀ ਬੋਲੀ ਦਾ ਕਾਇਲ ਹੈ। ਜੋ ਦੂਜਿਆਂ ਨੂੰ ਆਦਰ-ਸਤਿਕਾਰ ਨਾਲ ਬੋਲਦਾ ਹੈ, ਪਿਆਰ ਭਰੇ ਮਿੱਠੇ ਗੀਤ ਸੁਣਾਉਂਦਾ ਹੈ, ਉਹੀ ਅਸਲ 'ਚ ਖ਼ੂਬਸੂਰਤ ਹੈ। ਹੁਣ ਸਾਰੇ ਹੀ ਪੰਛੀਆਂ ਕੋਲ ਇਸ ਦਾ ਕੋਈ ਜਵਾਬ ਨਹੀਂ ਸੀ।

-0-

## ਭੂਗੋਲਿਕ ਜਾਣਕਾਰੀ

* ਧਰਤੀ ਦੇ ਕੁੱਲ ਰਕਬੇ ਦਾ ਦੋ ਤਿਹਾਈ ਹਿੱਸਾ ਸਮੁੰਦਰਾਂ ਨੇ ਘੇਰਿਆ ਹੋਇਆ ਹੈ ।
* ਧਰਤੀ ਉੱਤੇ ਕੁੱਲ ਪਾਣੀ ਦਾ 97 ਫ਼ੀਸਦੀ ਪਾਣੀ ਸਮੁੰਦਰਾਂ ਵਿਚ ਹੀ ਹੈ।
* ਮਹਾਂਸਾਗਰਾਂ ਵਿਚ ਜੀਵਾਂ ਦੀਆਂ ਤਕਰੀਬਨ ਦਸ ਲੱਖ ਪ੍ਰਜਾਤੀਆਂ ਵਸਦੀਆਂ ਹਨ।
* ਸਮੁੰਦਰਾਂ ਦੀ ਸਭ ਤੋਂ ਡੂੰਘੀ ਜਗ੍ਹਾ ਪ੍ਰਸ਼ਾਂਤ ਮਹਾਂਸਾਗਰ ਵਿਚ ਹੈ ਅਤੇ 'ਮਾਰੀਆਨਾ ਖੱਡ' ਦੇ ਨਾਂਅ ਨਾਲ ਜਾਣੀ ਜਾਂਦੀ ਹੈ। ਧਰਤੀ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਵਰੇਸਟ ਇਸ ਖੱਡ ਵਿਚ ਪੂਰੀ ਤਰ੍ਹਾਂ ਡੁੱਬ ਸਕਦੀ ਹੈ ।
* ਧਰਤੀ ਉੱਤੇ ਫੁੱਟਦੇ ਜਵਾਲਾਮੁਖੀਆਂ ਵਿਚੋਂ 90 ਫ਼ੀਸਦੀ ਸਮੁੰਦਰ ਵਿਚ ਹੀ ਫੁੱਟਦੇ ਹਨ ।
* ਸਮੁੰਦਰ ਦੇ ਪਾਣੀ ਵਿਚ 20 ਮਿਲੀਅਨ ਟਨ ਸੋਨਾ ਘੁਲਿਆ ਹੋਇਆ ਹੈ।
* ਸਾਡੇ ਗ੍ਰਹਿ ਧਰਤੀ ਉੱਤੇ ਕੁੱਲ ਜੀਵਾਂ ਵਿਚੋਂ 94 ਫ਼ੀਸਦੀ ਸਮੁੰਦਰ ਵਿਚ ਹੀ ਵੱਸਦੇ ਹਨ ।
* ਧਰਤੀ ਉੱਪਰਲੀਆਂ ਪਹਾੜੀਆਂ ਦੀ ਤਰ੍ਹਾਂ ਸਮੁੰਦਰ ਦੇ ਹੇਠਲੇ ਤਲ ਉੱਤੇ ਵੀ ਪਹਾੜੀਆਂ ਮੌਜੂਦ ਹਨ। ਇਸ ਵਿਚ 'ਮਿਡ ਓਸ਼ਨਿਕ ਰਿਜ' ਨਾਂਅ ਦੀ ਪਹਾੜੀ ਸਭ ਤੋਂ ਵੱਡੀ ਹੈ ਜੋ ਕਿ ਧਰਤੀ ਉੱਪਰਲੀ ਸਭ ਤੋਂ ਵੱਡੀ ਪਹਾੜੀ ਤੋਂ ਵੀ ਲੰਮੀ ਹੈ।
* ਸਮੁੰਦਰ ਦੇ ਹੇਠਲੇ ਤਲ ਉੱਤੇ ਵੰਨ-ਸੁਵੰਨੀ ਕਲਾ ਦੀਆਂ ਮੂਰਤੀਆਂ ਮੌਜੂਦ ਹਨ ।
* ਧਰਤੀ ਦੇ ਜੀਵਾਂ ਲਈ ਸਾਹ ਲਈ ਲੋੜੀਂਦੀ ਕੁੱਲ ਆਕਸੀਜਨ ਦਾ ਅੱਧਾ ਹਿੱਸਾ ਸਮੁੰਦਰਾਂ ਤੋਂ ਹੀ ਨਿਕਲਦਾ ਹੈ ਅਤੇ ਮਨੁੱਖ ਦੁਆਰਾ ਭਿੰਨ-ਭਿੰਨ



ਕਿਰਿਆਵਾਂ ਦੁਆਰਾ ਪੈਦਾ ਕੀਤੀ ਕਾਰਬਨ ਡਾਈਆਕਸਾਈਡ ਦਾ ਤੀਜਾ ਹਿੱਸਾ ਸਮੁੰਦਰ ਹੀ ਸੋਖਦੇ ਹਨ।
* ਪ੍ਰਸ਼ਾਂਤ ਮਹਾਂਸਾਗਰ ਵਿਚ ਸ਼ਾਰਕ ਮੱਛੀਆਂ ਲਈ ਇਕ ਸੈਰਗਾਹ ਵੀ ਮੌਜੂਦ ਹੈ ਜਿਸ ਦਾ ਨਾਂਅ 'ਵਾਈਟ ਸ਼ਾਰਕ ਕੈਫੇ' ਹੈ ।
* ਸਮੁੰਦਰ ਦੇ ਹੇਠਲੇ ਤਲ ਉੱਤੇ ਪਾਣੀ ਦਾ ਦਬਾਅ ਪੰਜਾਹ ਜਹਾਜ਼ਾਂ ਦੇ ਭਾਰ ਦੇ ਬਰਾਬਰ ਹੈ।
* ਸਮੁੰਦਰ ਦਾ ਪਾਣੀ ਸੂਰਜ ਦੀਆਂ ਕਿਰਨਾਂ ਵਿਚੋਂ ਲਾਲ, ਪੀਲਾ, ਹਰਾ ਆਦਿ ਰੰਗ ਸੋਖ ਕੇ ਨੀਲੇ ਰੰਗ ਨੂੰ ਸਾਡੇ ਵੱਲ ਭੇਜ ਦਿੰਦਾ ਹੈ ਜਿਸ ਕਰਕੇ ਸਮੁੰਦਰ ਨੀਲੇ ਰੰਗ ਦੇ ਵਿਖਾਈ ਦਿੰਦੇ ਹਨ ।

-0-

## ਆਓ ਜਾਣੀਏ ਪਿੰਨ ਕੋਡ ਬਾਰੇ

**ਪ੍ਰਿੰ. ਅਵਤਾਰ ਸਿੰਘ ਕਰੀਰ**
**# 82838-00190.**

ਪਿਆਰੇ ਬੱਚਿਓ, ਭਾਰਤੀ ਡਾਕ ਵਿਭਾਗ ਵਲੋਂ ਹਰੇਕ ਚਿੱਠੀ-ਪੱਤਰ ਉੱਪਰ ਪਿੰਨ ਕੋਡ ਲਿਖਣ ਲਈ ਚਿੱਠੀ ਉੱਪਰ ਖ਼ਾਨਾ ਤਿਆਰ ਕੀਤਾ ਗਿਆ ਹੈ। ਇਸ ਨੂੰ ਅੰਗਰੇਜ਼ੀ ਵਿਚ ਪੋਸਟਲ ਇਨਡੈਕਸ ਨੰਬਰ ਕਿਹਾ ਜਾਂਦਾ ਹੈ। ਇਹ ਪਿੰਨ ਕੋਡ 15 ਅਗਸਤ, 1972 ਤੋਂ ਲਾਗੂ ਕੀਤਾ ਗਿਆ ਹੈ। ਇਹ ਪਿੰਨ ਕੋਡ 6 ਅੰਕਾਂ ਦਾ ਹੁੰਦਾ ਹੈ, ਇਸ ਪਿੰਨ ਕੋਡ ਨੰਬਰ ਨਾਲ ਚਿੱਠੀ ਪੱਤਰ ਬਹੁਤ ਹੀ ਆਸਾਨੀ ਨਾਲ ਇਕ ਥਾਂ ਤੋਂ ਦੂਜੀ ਥਾਂ ਪਹੁੰਚ ਜਾਂਦਾ ਹੈ।




ਬੱਚਿਓ, ਅਕਸਰ ਦੇਖਣ ਵਿਚ ਆਉਂਦਾ ਹੈ ਕਿ ਕਈ ਪਿੰਡਾਂ ਦੇ ਇਕੋ ਜਿਹੇ ਨਾਂਅ ਹੁੰਦੇ ਹਨ, ਜਿਵੇਂ ਤਲਵੰਡੀ 'ਮੋਗੇ' ਜ਼ਿਲ੍ਹੇ ਵਿਚ ਅਤੇ 'ਫ਼ਿਰੋਜ਼ਪੁਰ' ਜ਼ਿਲ੍ਹੇ ਵਿਚ ਵੀ ਹੈ। ਪਿੰਨ ਕੋਡ ਦੀ ਸਹਾਇਤਾ ਨਾਲ ਪਤਾ ਲੱਗ ਜਾਂਦਾ ਹੈ ਕਿ ਇਹ ਪੱਤਰ ਕਿਥੇ ਜਾਣਾ ਹੈ। ਡਾਕ ਵਿਭਾਗ ਨੇ ਪਿੰਨ ਕੋਡ 6 ਅੰਕਾਂ ਦਾ ਤਿਆਰ ਕੀਤਾ ਹੈ। ਇਸ ਦਾ ਹਰ ਅੰਕ ਇਕ ਖ਼ਾਸ ਖੇਤਰ ਲਈ ਨਿਰਧਾਰਤ ਕੀਤਾ ਹੋਇਆ ਹੈ। ਪੂਰੇ ਭਾਰਤ ਨੂੰ 9 ਜ਼ੋਨਾਂ ਵਿਚ ਵੰਡਿਆ ਗਿਆ ਹੈ। ਜਿਸ ਵਿਚ 8 ਜ਼ੋਨ ਭਾਰਤੀ ਰਾਜਾਂ ਲਈ ਅਤੇ 9ਵਾਂ ਜੋਨ ਫ਼ੌਜ ਲਈ ਰਾਖਵਾਂ ਰੱਖਿਆ ਹੋਇਆ ਹੈ।

ਜ਼ੋਨ ਨੰਬਰ 1 ਵਿਚ ਦਿੱਲੀ, ਹਰਿਆਣਾ, ਹਿਮਾਚਲ ਪ੍ਰਦੇਸ਼, ਪੰਜਾਬ, ਚੰਡੀਗੜ੍ਹ ਅਤੇ ਜੰਮੂ-ਕਸ਼ਮੀਰ ਆਉਂਦੇ ਹਨ। ਜ਼ੋਨ ਨੰਬਰ 2 ਵਿਚ ਉੱਤਰਾਖੰਡ ਅਤੇ ਉੱਤਰ ਪ੍ਰਦੇਸ਼। ਜ਼ੋਨ ਨੰਬਰ 3 ਵਿਚ ਰਾਜਸਥਾਨ, ਗੁਜਰਾਤ, ਦਮਨਦਿਊ ਤੇ ਦਾਦਰਾ ਨਗਰ ਹਵੇਲੀ। ਜ਼ੋਨ ਨੰਬਰ 4 ਵਿਚ ਮਹਾਰਾਸ਼ਟਰ, ਗੋਆ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ। ਜ਼ੋਨ ਨੰਬਰ 5 ਵਿਚ ਆਂਧਰਾ ਪ੍ਰਦੇਸ਼, ਕਰਨਾਟਕਾ, ਜ਼ੋਨ 6 ਵਿਚ ਤਾਮਿਲਨਾਡੂ, ਕੇਰਲਾ, ਪੁਡੂਚੇਰੀ, ਲਕਸ਼ਦੀਪ। ਜ਼ੋਨ ਨੰਬਰ 7 ਵਿਚ ਪੱਛਮੀ ਬੰਗਾਲ, ਓਡੀਸ਼ਾ, ਅਰੁਣਾਚਲ ਪ੍ਰਦੇਸ਼, ਨਾਗਾਲੈਂਡ, ਮਨੀਪੁਰ, ਮਿਜ਼ੋਰਮ, ਤ੍ਰਿਪੁਰਾ, ਮੇਘਾਲਿਆ, ਅੰਡੇਮਾਨ-ਨਿਕੋਬਾਰ ਦੀਪ ਸਮੂਹ, ਆਸਾਮ ਅਤੇ ਸਿੱਕਮ। ਜ਼ੋਨ ਨੰਬਰ 8 ਵਿਚ ਬਿਹਾਰ ਅਤੇ ਝਾਰਖੰਡ। ਜ਼ੋਨ ਨੰਬਰ 9 ਭਾਰਤੀ ਸੈਨਾ ਲਈ ਹੈ। ਪਿੰਨ ਕੋਡ ਦਾ ਪਹਿਲਾ ਅੰਕ ਜ਼ੋਨ ਲਈ ਜਿਵੇਂ ਕਿ ਪੰਜਾਬ ਨੰਬਰ 1 ਜ਼ੋਨ ਵਿਚ, ਦੂਜਾ ਅੰਕ ਸਬ ਜ਼ੋਨ ਲਈ, ਤੀਜਾ ਅੰਕ ਮੁੱਖ ਡਾਕ ਘਰ ਲਈ ਅਤੇ ਪਿਛਲੇ ਤਿੰਨ ਅੰਕ ਸੰਬੰਧਿਤ ਡਾਕ ਘਰ ਲਈ ਹਨ। ਉਦਾਹਰਨ ਦੇ ਤੌਰ 'ਤੇ 'ਮੋਗਾ' ਸ਼ਹਿਰ ਦਾ ਪਿੰਨ ਕੋਡ 142001 ਹੈ। ਸੋ, ਇਨ੍ਹਾਂ ਪਿੰਨ ਕੋਡ ਦੇ ਅਨੁਸਾਰ ਹੀ ਚਿੱਠੀ ਪੱਤਰਾਂ ਦੀ ਡਾਕ ਵਿਭਾਗ ਦੇ ਕਰਮਚਾਰੀ ਛਾਂਟੀ ਕਰ ਕੇ ਇਹ ਪੱਤਰ ਸੰਬੰਧਿਤ ਡਾਕ ਘਰਾਂ ਲਈ ਭੇਜਦੇ ਹਨ।

-0-

# ਨਾਗਾਸਾਕੀ ’ਤੇ 100 ਸੂਰਜਾਂ ਦਾ ਕਹਿਰ

**-ਫਰੈਂਕ ਡਬਲਯੂ ਚਿਨਾਕ**

**ਵਿਡੰਬਨਾ ਦੇਖੋ, ਪਰਮਾਣੂ ਬੰਬ ਡੇਗਣ ਲਈ ਨਿਰਧਾਰਤ ਜਿਨ੍ਹਾਂ ਚਾਰ ਸਥਾਨਾਂ ਦੀ ਸੂਚੀ ਅਮਰੀਕੀ ਯੁੱਧ ਮੰਤਰੀ ਹੈਨਰੀ ਐੱਚ. ਸਟਿਮਸਨ ਦੇ ਸਾਹਮਣੇ ਵਿਚਾਰ ਲਈ ਪੇਸ਼ ਕੀਤੀ ਗਈ ਸੀ ਉਸ ਵਿੱਚ ਨਾਗਾਸਾਕੀ ਦਾ ਨਾਮ ਨਹੀਂ ਸੀ। ਫਿਰ ਮੰਦਭਾਗੀ ਗੱਲ ਇਹ ਹੋਈ ਕਿ ਬਾਕੀ ਦੁਨੀਆ ਵਾਂਗ, ਜਪਾਨ ਵਿੱਚ ਵੀ ਸਾਰਿਆਂ ਦਾ ਧਿਆਨ ਹੀਰੋਸ਼ੀਮਾ 'ਤੇ ਹੀ ਕੇਂਦਰਤ ਹੋ ਕੇ ਰਹਿ ਗਿਆ। ਨਾਗਾਸਾਕੀ ਦੇ ਮਹਾਵਿਨਾਸ਼ ਨੂੰ ਭੁਲਾ ਦਿੱਤਾ ਗਿਆ। ਨਾਗਾਸਾਕੀ ਦੇ ਬੁੱਧੀਜੀਵੀ ਅੱਜ ਵੀ ਇਹ ਗਿਲਾ ਕਰਦੇ ਸੁਣੇ ਜਾ ਸਕਦੇ ਹਨ, “ਐਟਮ ਬੰਬ ਦਾ ਸ਼ਿਕਾਰ ਹੋਣਾ ਤਾਂ ਬੁਰਾ ਹੈ ਹੀ ਪਰ ਦੂਸਰੇ ਨੰਬਰ 'ਤੇ ਐਟਮ ਬੰਬ ਦਾ ਸ਼ਿਕਾਰ ਹੋਣਾ ਉਸ ਤੋਂ ਵੀ ਬੁਰਾ ਹੈ।” ਇੱਥੇ ਨਾਗਾਸਾਕੀ ਦੇ ਕਲਪਨਾ ਤੋਂ ਵੀ ਬਾਹਰੇ ਮਹਾਵਿਨਾਸ਼ ਦੁਖਾਂਤ ਦਾ ਬੇਹੱਦ ਸੰਜੀਦਾ ਚਿਤਰਨ ਪੇਸ਼ ਹੈ।**

**ਪੰਜਾਬੀ ਰੂਪ: ਸਤਪਾਲ ਭੀਖੀ 98761-55530**

ਸਰਕਾਰੀ ਕੈਲੰਡਰਾਂ 'ਤੇ ਤਰੀਕ ਬਦਲ ਚੁੱਕੀ ਸੀ। 9 ਅਗਸਤ 1945 । 8 ਅਗਸਤ ਦੀ ਰਾਤ ਅਜੇ ਕੁਝ ਦੇਰ ਪਹਿਲਾਂ ਖ਼ਤਮ ਹੋਈ ਸੀ। 3 ਵੱਜ ਕੇ 56 ਮਿੰਟ ਹੋਏ ਸਨ। ਤਿਰਾਨ ਦੀਪ ਦੀ ਦੋ ਮੀਲ ਲੰਬੀ ਹਵਾਈ ਪੱਟੀ ਮਹਾਵਿਨਾਸ਼ ਦੇ ਦੂਤ ਨੂੰ ਵਧਾਈ ਦੇਣ ਲਈ ਮੌਨ ਉਡੀਕ ਵਿੱਚ ਸੀ। ਬੀ-29 ਜਹਾਜ਼ ਨੂੰ ਉੱਡਣ ਵਾਸਤੇ ਇਸ ਲੰਬਾਈ ਦੇ ਹਰ ਇੰਚ ਦੀ ਜ਼ਰੂਰਤ ਸੀ। ਇਸ ਜਹਾਜ਼ 'ਤੇ ਸਿਰਫ਼ ਇੱਕ ਬੰਬ ਲੱਦਿਆ ਹੋਇਆ ਸੀ। ਇਹ ਬੰਬ ਕਿਸੇ ਬਹੁਤ ਵੱਡੇ ਤਰਬੂਜ਼ ਵਾਂਗ ਸੀ। ਇਹਦਾ ਵਜ਼ਨ 10 ਹਜ਼ਾਰ ਪੌਂਡ ਸੀ। ਇਸ ਤੋਂ ਬਿਨਾਂ ਪ੍ਰਸ਼ਾਂਤ ਸਾਗਰੀ ਇਸ ਜਹਾਜ਼ਾਂ ਦੇ ਅੱਡੇ ਤੋਂ ਜਪਾਨ ਤੱਕ ਅਤੇ ਵਾਪਸੀ ਯਾਤਰਾ ਤੱਕ 3400 ਮੀਲ ਦੀ ਦੂਰੀ ਤੈਅ ਕਰਨ ਵਾਸਤੇ ਜ਼ਰੂਰਤ ਅਨੁਸਾਰ ਕਈ ਟਨ ਤੇਲ ਵੀ ਇਸ ਨਾਲ ਸੀ।

ਇਸ ਬੀ-29 ਉੱਤੇ ਜੋ ਬੰਬ ਲੱਦਿਆ ਹੋਇਆ ਸੀ, ਉਹ ਪਰਮਾਣੂ ਬੰਬ ਸੀ। ਜਪਾਨ ਨੇ ਐਲਾਨ ਕੀਤਾ ਸੀ ਕਿ ਉਹ ਆਪਣੀ ਧਰਤੀ 'ਤੇ ਦੁਸ਼ਮਣ ਦੇ ਆਉਣ 'ਤੇ ਵੀ ਆਖ਼ਰੀ ਖਾਈ, ਆਖ਼ਰੀ ਇੰਚ ਤੱਕ ਯੁੱਧ ਜਾਰੀ ਰੱਖੇਗਾ। ਅਮਰੀਕਾ ਨੇ ਜਪਾਨ ਦੀ ਇਸ ਚੁਣੌਤੀ ਦਾ ਜਵਾਬ ਪਰਮਾਣੂ ਨਾਲ ਦੇਣ ਦਾ ਫ਼ੈਸਲਾ ਕਰ ਲਿਆ ਸੀ।

ਛੇ ਅਗਸਤ ਨੂੰ ਪਹਿਲਾ ਪਰਮਾਣੂ ਬੰਬ ਹੀਰੋਸ਼ੀਮਾ 'ਤੇ ਸੁੱਟਿਆ ਗਿਆ। ਅੱਜ ਦੇ ਇਸ ਦੂਸਰੇ ਪਰਮਾਣੂ ਬੰਬ ਦਾ ਨਿਸ਼ਾਨਾ 4 ਲੱਖ ਦੀ ਆਬਾਦੀ ਵਾਲਾ ਉਦਯੋਗ ਨਗਰ ਕੋਕੁਰਾ ਸੀ। ਉੱਥੇ ਜਾਪਾਨ ਦੀਆਂ ਸਭ ਤੋਂ ਵੱਡੀਆਂ ਤੇ ਸਭ ਤੋਂ ਜ਼ਿਆਦਾ ਗੋਲਾ ਬਾਰੂਦ ਬਣਾਉਣ ਵਾਲੀਆਂ ਫੈਕਟਰੀਆਂ ਵੀ ਸਨ।

ਹੌਲੀ ਹੌਲੀ ਉੱਡਦਾ ਹੋਇਆ ਬੀ-29 ਜਹਾਜ਼ ਬੱਦਲਾਂ ਤੋਂ ਉੱਪਰ ਉੱਠ ਗਿਆ ਤੇ ਮੇਜਰ ਚਾਰਲਸ ਸਵੀਨੀ ਨੇ ਸੁਖ ਦਾ ਸਾਹ ਲਿਆ। ਅਚਾਨਕ ਮੇਜਰ ਚੀਕਿਆ, ''ਪਾਵਰ ਟੂ''। ਇਸ ਦਾ ਮਤਲਬ ਸੀ ਕਿ ਉਹ ਜਹਾਜ਼ ਦੀ ਉਡਾਣ ਲਈ ਨਿਰਧਾਰਤ ਉਚਾਈ ਤੱਕ ਲੈ ਕੇ ਜਾਣ ਵਾਲੀ ਸ਼ਕਤੀ ਅਤੇ ਰਫ਼ਤਾਰ ਦੀ ਮੰਗ ਕਰ ਰਿਹਾ ਸੀ।

ਜਹਾਜ਼ 7000 ਫੁੱਟ ਦੀ ਉਚਾਈ 'ਤੇ ਪਹੁੰਚ ਕੇ ਸਿੱਧਾ ਅੱਗੇ ਵਧਣ ਲੱਗਿਆ। ਜਹਾਜ਼ ਵਿੱਚ ਸਵਾਰ 13 ਵਿਅਕਤੀ ਆਪਣੇ ਸਥਾਨ 'ਤੇ ਡਟੇ ਬੈਠੇ ਸਨ। ਰਫ਼ਤਾਰ ਸੀ 220 ਮੀਲ ਪ੍ਰਤੀ ਘੰਟਾ।

ਸਵੇਰੇ 9 ਵੱਜ ਕੇ 50 ਮਿੰਟ 'ਤੇ ਕੋਕੁਰਾ ਨਗਰ ਨਜ਼ਰ ਆਉਣ ਲੱਗਿਆ। ਇਸ ਸਮੇਂ ਬੀ-29 ਜਹਾਜ਼ 31000 ਫੁੱਟ ਦੀ ਉਚਾਈ 'ਤੇ ਉੱਡ ਰਿਹਾ ਸੀ। ਬਸ ਇਸੇ ਉਚਾਈ ਤੋਂ ਡੇਗਿਆ ਜਾਣਾ ਸੀ ਬੰਬ। ਨਗਰ ਦੇ ਉੱਪਰ ਬੱਦਲ ਫੈਲੇ ਹੋਏ ਸਨ।

ਬੀਹਨ ਚੀਖਿਆ, ''ਮੈਨੂੰ ਅਸਲਾਖਾਨਾ ਕਿਤੇ ਨਜ਼ਰ ਨਹੀਂ ਆ ਰਿਹਾ। ਇੱਕ ਵਾਰ ਫਿਰ ਘੁੰਮ ਕੇ ਆਪਾਂ ਨੂੰ ਆਪਣੇ ਨਿਸ਼ਾਨੇ ਦੇ ਉੱਪਰ ਦੀ ਲੰਘਣਾ ਪਵੇਗਾ।”

ਸਵੀਨੀ ਇੰਟਰਕਾਮ 'ਤੇ ਬੋਲ ਉੱਠਿਆ, ''ਬੰਬ ਨਹੀਂ ਡੇਗਣਾ, ਫਿਰ ਸੁਣ ਲਓ, ਬੰਬ ਨਾ ਡੇਗਿਓ। ਅਸੀਂ ਦੂਜੀ ਦਿਸ਼ਾ ਤੋਂ ਨਿਸ਼ਾਨੇ 'ਤੇ ਪਹੁੰਚਣ ਦੀ ਕੋਸ਼ਿਸ਼ ਕਰਾਂਗੇ।”

ਕੁਝ ਕੁ ਮਿੰਟ ਬਾਅਦ ਹੀ ਸਵੀਨੀ ਪੂਰਬ ਵਾਲੇ ਪਾਸੇ ਤੋਂ ਆ ਕੇ ਸ਼ਹਿਰ ਉੱਤੇ ਉਡਾਣ ਭਰਨ ਲੱਗਿਆ ਪਰ ਅੰਤਿਮ ਪਲਾਂ ਵਿੱਚ ਸ਼ਹਿਰ 'ਤੇ ਫੈਲੇ ਹੋਏ ਧੂੰਏਂ ਨੇ ਇੱਕ ਵਾਰ ਫਿਰ ਸਭ ਗੜਬੜ ਕਰ ਦਿੱਤਾ ਸੀ।

ਹੇਠਾਂ ਜਹਾਜ਼ਾਂ ਨੂੰ ਵਿੰਨ੍ਹਣ ਵਾਲੀਆਂ ਤੋਪਾਂ ਖ਼ਤਰਨਾਕ ਹੱਦ ਤੱਕ ਸ਼ੁਰੂ ਹੋ ਗਈਆਂ ਸਨ। ਸਵੀਨੀ ਨੂੰ ਪਤਾ ਸੀ ਕਿ ਕੋਕੁਰਾ ਦੀ ਰੱਖਿਆ



ਵਾਸਤੇ ਸਾਰੇ ਜਪਾਨੀ ਸਾਮਰਾਜ ਦੇ ਨਿਪੁੰਨ ਤੋਪਚੀ ਤਾਇਨਾਤ ਕੀਤੇ ਗਏ ਹਨ। ਉਸ ਨੇ ਅੰਤਿਮ ਯਤਨ ਲਈ ਚਿਤਾਵਨੀ ਦਿੱਤੀ, ''ਅਸੀਂ ਇੱਕ ਵਾਰ ਫੇਰ ਕੋਸ਼ਿਸ਼ ਕਰਾਂਗੇ ਉੱਤਰ ਵਾਲੇ ਪਾਸੇ ਤੋਂ ਆ ਕੇ।"

ਪਰ ਤੀਸਰੀ ਵਾਰ ਵੀ ਸਫ਼ਲਤਾ ਨਹੀਂ ਮਿਲੀ।

ਤਦੇ ਸਾਰਜੈਂਟ ਕੁਹਾਰੇਕ ਦੀ ਆਵਾਜ਼ ਸੁਣਾਈ ਦਿੱਤੀ, "ਤੇਲ ਘਟਦਾ ਜਾ ਰਿਹਾ ਹੈ। ਹੁਣ ਆਪਣੇ ਕੋਲ ਸਿਰਫ਼ ਇੰਨਾ ਕੁ ਤੇਲ ਬਚਿਆ ਹੈ ਕਿ ਅਸੀਂ ਵਾਪਸ ਜਾ ਸਕੀਏ।"

ਸਵੀਨੀ ਫ਼ੈਸਲਾ ਕਰ ਚੁੱਕਿਆ ਸੀ ਕਿ ਉਹ ਪਰਮਾਣੂ ਬੰਬ ਨੂੰ ਲੈ ਕੇ ਵਾਪਸ ਨਹੀਂ ਮੁੜੇਗਾ। ਇੱਥੋਂ ਅਸਫ਼ਲ ਹੋਣ 'ਤੇ ਇੱਕ ਹੋਰ ਨਿਸ਼ਾਨਾ ਸਾਧਿਆ ਜਾ ਸਕਦਾ ਸੀ। ਏਸ਼ਵਰਥ ਤੋਂ ਪੁੱਛਿਆ ਗਿਆ ਤਾਂ ਉਸ ਨੇ ਵੀ ਸਹਿਮਤੀ ਦੇ ਦਿੱਤੀ। ਸਵੀਨੀ ਨੇ ਸੱਜੇ ਪਾਸੇ ਝੁਕ ਕੇ ਜਹਾਜ਼ ਨੂੰ ਇਕਦਮ ਮੋੜ ਦਿੱਤਾ ਤੇ ਐਲਾਨ ਕਰ ਦਿੱਤਾ, ''ਆਪਾਂ ਨਾਗਾਸਾਕੀ ਵੱਲ ਵਧ ਰਹੇ ਹਾਂ।'' ਉਸ ਸਾਲ ਗਰਮੀ 'ਚ ਜਪਾਨ ਦੇ ਵੱਡੇ ਵੱਡੇ ਸ਼ਹਿਰ ਅਮਰੀਕੀ ਹਵਾਈ ਹਮਲੇ ਦੀ ਜ਼ਦ ਵਿੱਚ ਆ ਚੁੱਕੇ ਸਨ ਪਰ ਇਹ ਸਾਰੀ ਵਿਨਾਸ਼ ਲੀਲਾ ਦੇ ਵਿੱਚ ਨਾਗਾਸਾਕੀ ਲਗਭਗ ਅਛੂਤਾ ਹੀ ਬਚਿਆ ਹੋਇਆ ਸੀ। ਹਾਲਾਂਕਿ ਇੱਥੇ ਵੀ ਕਈ ਅਜਿਹੇ ਸਥਾਨ ਸਨ ਜਿਨ੍ਹਾਂ ਨੂੰ ਅਮਰੀਕੀ ਹਵਾਬਾਜ਼ ਦੁਨੀਆ ਦੇ ਨਕਸ਼ੇ ਤੋਂ ਮਿਟਾ ਦੇਣਾ ਚਾਹੁੰਦੇ ਸਨ। ਮਿਤਸੂਬਿਸ਼ੀ ਦਾ ਜੰਗੀ ਸਾਮਾਨ ਦਾ ਕਾਰਖਾਨਾ ਇੱਥੇ ਹੀ ਸੀ, ਜਿਸ 'ਚ ਬਣੇ ਤਾਰਪੀਡੋ ਪਰਲ ਹਾਰਬਰ ਦੇ ਸਰਬਨਾਸ਼ ਦਾ ਕਾਰਨ ਸਾਬਤ ਹੋਏ ਸਨ।

ਉਸੇ ਸਵੇਰ 29 ਸਾਲਾ ਅਧਿਆਪਕਾ ਤੀ ਅਦਾਚੀ ਜਿਸ ਦਾ ਪਤੀ ਇਸ ਯੁੱਧ ਵਿੱਚ ਮਾਰਿਆ ਗਿਆ ਸੀ, ਨਾਸ਼ਤੇ ਦੀ ਮੇਜ਼ 'ਤੇ ਬੈਠੀ ਆਪਣੇ ਰੇਡੀਓ ਨਾਲ ਛੇੜਛਾੜ ਕਰ ਰਹੀ ਸੀ। ਤਦੇ ਉਸ ਦੇ ਕੰਨਾਂ ਵਿੱਚ ਕਿਸੇ ਅਮਰੀਕੀ ਰੇਡੀਓ ਪ੍ਰਸਾਰਨ ਕੇਂਦਰ ਤੋਂ ਪ੍ਰਸਾਰਤ ਹੋ ਰਹੇ ਇਹ ਸ਼ਬਦ ਪਏ, ''ਛੇ ਅਗਸਤ ਨੂੰ ਸਵੇਰੇ 8 ਵੱਜ ਕੇ 15 ਮਿੰਟ 'ਤੇ ਹੀਰੋਸ਼ੀਮਾ ਨਗਰ 'ਤੇ ਇੱਕ ਨਵਾਂ ਬੰਬ ਡੇਗਿਆ ਗਿਆ। ਕਈ ਹਜ਼ਾਰ ਲੋਕ ਮਾਰੇ ਗਏ। ਇਨ੍ਹਾਂ ਲੋਕਾਂ ਦੇ ਸਰੀਰ ਅਥਾਹ ਸ਼ਕਤੀ ਵਾਲੇ ਬੰਬਾਂ ਦੇ ਵਿਸਫੋਟ ਦੇ ਭਬੂਕੇ ਨਾਲ ਪਲਾਂ ਛਿਣਾਂ ਵਿੱਚ ਹੀ ਖ਼ਤਮ ਹੋ ਗਏ। ਜੇਕਰ ਜਪਾਨੀ ਸੈਨਾਵਾਂ ਨੇ ਤੁਰੰਤ ਅੰਤਿਮ ਸਮਰਪਣ ਨਾ ਕੀਤਾ ਤਾਂ ਮਹਾਵਿਨਾਸ਼ ਦਾ ਇਹ ਕਾਰਜ ਜਾਰੀ ਰੱਖਿਆ ਜਾਵੇਗਾ...।"

ਸ਼੍ਰੀਮਤੀ ਅਦਾਚੀ ਦਾ ਸਾਰਾ ਸਰੀਰ ਕੰਬ ਗਿਆ। ਉਸ ਨੂੰ ਯਾਦ ਆਇਆ ਕਿ ਬੀਤੀ ਸ਼ਾਮ ਦੁਸ਼ਮਣ ਪੱਖ ਨੇ ਨਾਗਾਸਾਕੀ ਸ਼ਹਿਰ ਵਿੱਚ ਪਰਚੇ ਵੰਡੇ ਸਨ ਜਿਸ ਵਿੱਚ ਸ਼ਹਿਰ ਵਾਸੀਆਂ ਨੂੰ ਨਗਰ ਖਾਲੀ ਕਰ ਦੇਣ ਦੀ ਸਲਾਹ ਦਿੱਤੀ ਗਈ ਸੀ। ਉਨ੍ਹਾਂ ਚ ਲਿਖਿਆ ਸੀ, "ਅਪਰੈਲ 'ਚ ਨਾਗਾਸਾਕੀ 'ਚ ਫੁੱਲਾਂ ਦੀ ਬਹਾਰ ਸੀ। ਅਗਸਤ ਵਿੱਚ ਨਾਗਾਸਾਕੀ 'ਤੇ ਅੱਗ ਦੇ ਫੁਹਾਰੇ ਹੋਣਗੇ।"

ਮੇਜਰ ਸਵੀਨੀ ਦੇ ਚਿਹਰੇ 'ਤੇ ਭਿਆਨਕ ਤਣਾਓ ਦੀਆਂ ਰੇਖਾਵਾਂ ਉੱਭਰ ਆਈਆਂ। ਜੇਕਰ ਉਨ੍ਹਾਂ ਨੇ ਓਕਿਤਾਬਾਂ ਵਾਪਸ ਪਹੁੰਚਣਾ ਸੀ ਤਾਂ ਉਹ ਨਾਗਾਸਾਕੀ ਉੱਤੇ ਸਿਰਫ਼ ਇੱਕ ਚੱਕਰ ਕੱਢ ਸਕਦੇ ਸਨ। ਇਸ ਤੋਂ ਜ਼ਿਆਦਾ ਤੇਲ ਉਨ੍ਹਾਂ ਕੋਲ ਨਹੀਂ ਸੀ। ਸਵੀਨੀ ਨੇ ਕਮਾਂਡਰ ਏਸ਼ਵਰਥ ਨੂੰ ਸਮੱਸਿਆ ਦੀ ਜਾਣਕਾਰੀ ਦਿੱਤੀ, ''ਬੀਹਨ ਦਾ ਖ਼ਿਆਲ ਹੈ ਕਿ ਖੁੱਲ੍ਹੀਆਂ ਅੱਖਾਂ ਨਾਲ ਦੇਖ ਕੇ ਨਿਸ਼ਾਨੇ 'ਤੇ ਬੰਬ ਸੁੱਟਣਾ ਮੁਸ਼ਕਿਲ ਹੈ। ਮੇਰਾ ਵਿਚਾਰ ਹੈ ਕਿ ਬੰਬ ਨੂੰ ਰਡਾਰ ਦੀ ਮਦਦ ਨਾਲ ਡੇਗਿਆ ਜਾ ਸਕਦਾ ਹੈ।

ਏਸ਼ਵਰਥ ਨੇ ਬੀਹਨ ਨੂੰ ਪੁੱਛਿਆ, "ਰਡਾਰ ਦੀ ਮਦਦ ਨਾਲ ਨਿਸ਼ਾਨਾ ਕਿੰਨਾ ਸਿੱਧਾ ਜਾ ਸਕਦਾ ਹੈ, ਬੀਹਨ?"

"ਮੈਂ ਗਰੰਟੀ ਕਰ ਸਕਦਾ ਹਾਂ ਸਰ, ਬੰਬ ਨਿਸ਼ਾਨੇ ਦੇ ਕੇਂਦਰ ਬਿੰਦੂ ਦੇ ਇੱਕ ਹਜ਼ਾਰ ਫੁੱਟ ਦੇ ਦਾਇਰੇ ਤੋਂ ਬਾਹਰ ਨਹੀਂ ਜਾ ਸਕਦਾ।" ਸਵੀਨੀ ਨੇ ਉੱਤਰ ਦਿੱਤਾ। "ਓ.ਕੇ. ਸਵੀਨੀ, ਬੰਬ ਨੂੰ ਰਡਾਰ ਦੀ ਮਦਦ ਨਾਲ ਹੀ ਸੁੱਟੋ।" ਏਸ਼ਵਰਥ ਨੇ ਪਲ ਭਰ ਸੋਚਿਆ ਤੇ ਆਗਿਆ ਦੇ ਦਿੱਤੀ।

ਅਚਾਨਕ ਬੀਹਨ ਚੀਖਿਆ, ''ਰਡਾਰ 'ਤੇ ਸ਼ਹਿਰ ਨਜ਼ਰ ਆ ਰਿਹਾ ਹੈ। ਔਹ ਰਿਹਾ ਨਿਸ਼ਾਨਾ... ਔਹ ਰਿਹਾ ਮਿਤਸੂਬਿਸ਼ੀ ਦਾ ਕਾਰਖਾਨਾ...।'' ਸਵੀਨੀ ਨੇ ਜਹਾਜ਼ ਦੀ ਵਾਗਡੋਰ ਤਤਕਾਲੀ ਬੰਬ ਚਾਲਕ ਦੇ ਹਵਾਲੇ ਕਰ ਦਿੱਤੀ।

ਬੀਹਨ ਨੇ ਬਿਨਾਂ ਝਿਜਕ ਬੰਬ ਡੇਗਣ ਵਾਲੇ ਸਵੈਚਾਲਿਤ ਉਪਕਰਨਾਂ ਨੂੰ ਚਾਲੂ ਕਰ ਦਿੱਤਾ ਤੇ ਕੁਝ ਪਲਾਂ ਵਿੱਚ ਹੀ ਬੇਹੱਦ ਭਾਰਾ ਬੰਬ ਤੇਜ਼ੀ ਨਾਲ ਧਰਤੀ ਵੱਲ ਵਧਦਾ ਜਾ ਰਿਹਾ ਸੀ।

ਬੀ-29 ਤੋਂ ਜਿਵੇਂ ਹੀ ਬੰਬ ਡਿੱਗਿਆ ਉਹਦੇ ਅੰਦਰ ਫਿੱਟ ਕੀਤੇ ਗਏ ਸਵੈਚਾਲਕ ਯੰਤਰ, ਉਪਕਰਨ ਕਿਰਿਆਸ਼ੀਲ ਹੋ ਉੱਠੇ। 52 ਸੈਕਿੰਡ ਤੱਕ ਨਿਰੰਤਰ ਡਿੱਗਦੇ ਰਹਿਣ ਤੋਂ ਬਾਅਦ, ਬੰਬ ਧਰਤੀ ਦੇ ਤਲ ਤੋਂ 500 ਫੁੱਟ ਦੀ ਉਚਾਈ 'ਤੇ ਫਟ ਗਿਆ। ਸਮਾਂ ਸੀ 11 ਵੱਜ ਕੇ 2 ਮਿੰਟ।

ਵਿਸਫੋਟ ਤੋਂ ਬਾਅਦ ਧਰਤੀ ਦੇ ਨੇੜੇ ਜਿਹੇ ਅੱਗ ਦਾ ਇੱਕ ਵੱਡਾ ਸਾਰਾ ਗੋਲ਼ਾ ਲਟਕ ਗਿਆ। ਇਸ ਗੋਲੇ ਦੇ ਕੇਂਦਰ ਵਿੱਚ ਤਾਪਮਾਨ ਸੀ 100 ਕਰੋੜ ਡਿਗਰੀ ਸੈਂਟੀਗਰੇਡ। ਇੱਕ ਮੀਲ ਦੂਰ ਤੋਂ ਦੇਖਣ 'ਤੇ ਵੀ ਇਸ ਅੱਗ ਦੇ ਗੋਲ਼ੇ ਦੀ ਚਮਕ, ਸੂਰਜ ਦੀ ਚਮਕ ਤੋਂ 100 ਗੁਣਾ ਜ਼ਿਆਦਾ ਸੀ। ਇੱਕ ਸੈਕਿੰਡ ਦੇ ਅੰਦਰ ਹੀ ਗੋਲ਼ੇ ਦਾ ਵਿਆਸ 200 ਗਜ਼ ਹੋ ਚੁੱਕਾ ਸੀ ਅਤੇ ਨਿਰੰਤਰ ਫੈਲਦਾ ਹੋਇਆ ਇਹ ਗੋਲ਼ਾ ਤੇਜ਼ੀ ਨਾਲ ਸਾਰੇ ਸ਼ਹਿਰ ਨੂੰ ਨਿਗਲਣ ਜਾ ਰਿਹਾ ਸੀ।

ਨਾਗਾਸਾਕੀ ਦਾ ਸਾਗਰੀ ਤੱਟ ਅੱਗ ਦੀ ਲਪੇਟ ਵਿੱਚ ਆਏ ਨਗਰ ਦੇ ਪਰਛਾਵਿਆਂ ਤੋਂ ਵੀ ਸੁਰਖ਼ ਹੋ ਚੁੱਕਿਆ ਸੀ। ਪਾਣੀ 'ਚ ਤੈਰਦੀਆਂ ਤੇ ਬੰਦਰਗਾਹ ਵਿੱਚ ਖੜ੍ਹੀਆਂ ਅਨੇਕਾਂ ਕਿਸ਼ਤੀਆਂ ਨੂੰ ਅੱਗ ਲੱਗ ਗਈ ਸੀ। 30000 ਹਜ਼ਾਰ ਫੁੱਟ ਦੇ ਦਾਇਰੇ ਵਿੱਚ ਮੌਜੂਦ ਕੋਈ ਵਿਅਕਤੀ ਇਹ ਜਾਣ ਹੀ ਨਹੀਂ ਸਕਿਆ ਕਿ ਕੀ ਹੋ ਗਿਆ ਹੈ। ਵਾਪਰੀ ਘਟਨਾ ਨੂੰ ਜਾਣਨ, ਮਹਿਸੂਸ ਕਰਨ ਤੋਂ ਪਹਿਲਾਂ ਹੀ ਉਹ ਖ਼ਤਮ ਹੋ ਚੁੱਕੇ ਸਨ।

ਇੱਕ ਟੈਲੀਫੋਨ ਲਾਈਨਮੈਨ ਸੇਈਚੀ ਮੁਰਾਸਾਕੀ 20 ਫੁੱਟ ਉੱਚੇ ਖੰਭੇ 'ਤੇ ਚੜ੍ਹਿਆ ਕੰਮ ਕਰ ਰਿਹਾ ਸੀ। ਅਚਾਨਕ 100 ਸੂਰਜ ਚਮਕੇ ਤੇ ਉਹ ਉਸ ਗਰਮੀ 'ਚ ਹੀ ਝੁਲਸ ਕੇ ਰਾਖ ਹੋ ਗਿਆ।

ਅੱਠ ਸਾਲ ਦਾ ਇੱਕ ਬੱਚਾ ਆਪਣੇ ਛੇ ਹੋਰ ਮਿੱਤਰਾਂ ਦੇ ਨਾਲ ਲੁਕਣਮੀਟੀ ਖੇਡ ਰਿਹਾ ਸੀ। ਇੱਕ ਸੈਕਿੰਡ ਵਿੱਚ ਉਸ ਦਾ ਨਾਮੋ-ਨਿਸ਼ਾਨ ਤੱਕ ਮਿਟ ਗਿਆ।

ਉਰਾਕਾਮੀ ਜੇਲ੍ਹ ਵਿੱਚ 95 ਕੈਦੀ ਅਤੇ 15 ਗਾਰਡ ਮਾਰੇ ਗਏ। ਜੇਲ੍ਹ ਦੀ ਮਜ਼ਬੂਤ ਇਮਾਰਤ ਦਾ ਨਿਸ਼ਾਨ ਵੀ ਨਹੀਂ ਬਚ ਸਕਿਆ। ਅੰਨ੍ਹੇ ਗੂੰਗੇ ਬੱਚਿਆਂ ਦੀ ਸੰਸਥਾ 'ਚ 42 ਬੱਚੇ ਸਨ ਜੋ ਵਿਸਫੋਟ ਦੀ ਚਮਕ ਨੂੰ ਨਾ ਦੇਖ ਸਕਦੇ ਸਨ ਤੇ ਨਾ ਹੀ ਧਮਾਕਾ ਸੁਣ ਸਕਦੇ ਸਨ। ਉਹ ਜਿੱਥੇ ਜਿੱਥੇ ਜਿਸ ਸਥਿਤੀ ਵਿੱਚ ਸੀ, ਉੱਥੇ ਉਸੇ ਸਥਿਤੀ ਵਿੱਚ ਹੀ ਕੋਲੇ ਦਾ ਬੁੱਤ ਬਣ ਕੇ ਰਹਿ ਗਏ। ਸਾਰੇ ਸ਼ਹਿਰ ਵਿੱਚ ਝੁਲਸਣ ਮੱਚਣ ਵਾਲੀਆਂ ਇਕਾਈਆਂ ਦਹਾਈਆਂ ਬਣਦੀਆਂ ਗਈਆਂ, ਦਹਾਈਆਂ ਸੈਂਕੜਿਆਂ 'ਚ ਬਦਲੀਆਂ, ਸੈਂਕੜੇ ਹਜ਼ਾਰਾਂ 'ਚ, ਹਜ਼ਾਰ ਦਹਿ ਹਜ਼ਾਰਾਂ 'ਚ ਬਦਲਦੇ ਤੁਰੇ ਗਏ।

ਨਾਗਾਸਾਕੀ ਸ਼ਹਿਰ ਵਿੱਚ ਉਸ ਸਮੇਂ 50 ਹਜ਼ਾਰ ਇਮਾਰਤਾਂ ਸਨ ਜਿਨ੍ਹਾਂ 'ਚੋਂ ਘੱਟ ਤੋਂ ਘੱਟ 20 ਹਜ਼ਾਰ ਇਮਾਰਤਾਂ ਪੂਰੀ ਤਰ੍ਹਾਂ ਤਬਾਹ ਹੋ ਗਈਆਂ। ਜਪਾਨੀ ਅਧਿਕਾਰੀਆਂ ਅਨੁਸਾਰ ਇਸ ਮੌਕੇ 74800 ਵਿਅਕਤੀਆਂ ਦੀਆਂ ਜਾਨਾਂ ਗਈਆਂ ਅਤੇ 75000 ਲੋਕ ਪੂਰੀ ਤਰ੍ਹਾਂ ਜ਼ਖ਼ਮੀ ਹੋ ਗਏ।

ਇਸ ਮਹਾਵਿਨਾਸ਼ ਦੀ ਤੇਜ਼ ਰਫ਼ਤਾਰ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ 11 ਸਾਲ ਦਾ ਇੱਕ ਬੱਚਾ ਕੋਇਚੀ 11 ਵਜੇ ਦੇ ਲਗਭਗ ਕੁਝ ਹੋਰ ਬੱਚਿਆਂ ਨਾਲ ਤੈਰਨ ਵਾਲੀ ਪੋਸ਼ਾਕ ਪਾ ਕੇ ਉਰਾਕਾਮੀ ਨਦੀ ਦੇ ਕੰਡੇ 'ਤੇ ਖੜ੍ਹਾ ਸੀ। ਉਹ ਬੱਚੇ ਇੱਕ ਛੋਟੀ ਜਿਹੀ ਘੰਟੀ ਨੂੰ ਪਾਣੀ ਵਿੱਚ ਸੁੱਟ ਦਿੰਦੇ ਸਨ ਅਤੇ ਫਿਰ ਡੁਬਕੀ ਮਾਰ ਕੇ ਖੋਜ ਕੇ ਲਿਆਉਣ ਦੀ ਕੋਸ਼ਿਸ਼ ਕਰਦੇ ਸਨ। ਸਭ ਤੋਂ ਪਹਿਲਾਂ ਘੰਟੀ ਭਾਲ ਕੇ ਲਿਆਉਣ ਵਾਲਾ ਜੇਤੂ ਹੁੰਦਾ ਸੀ। ਇਸ ਵਾਰ ਘੰਟੀ ਖੋਜਣ ਦੀ ਵਾਰੀ ਕੋਇਚੀ ਦੀ ਸੀ। ਉਸ ਨੇ ਪਾਣੀ 'ਚ ਛਾਲ ਮਾਰੀ ਅਤੇ ਲਗਭਗ ਇੱਕ ਮਿੰਟ ਪਾਣੀ ਵਿੱਚ ਰਿਹਾ।

# ਪਾਣੀਆਂ ਨੂੰ ਕੁਦਰਤੀ ਦਰਿਆਈ ਮਾਰਗ ਵੱਲੋਂ ਮੋੜਨਾ

ਪੂਰਬੀ ਪੰਜਾਬ ਵਿਚ ਸਤਲੁਜ, ਬਿਆਸ ਤੇ ਰਾਵੀ ਤੋਂ ਇਲਾਵਾ ਮੌਸਮੀ ਦਰਿਆ ਘੱਗਰ ਵੀ ਵਹਿੰਦਾ ਹੈ। ਦਰਿਆਵਾਂ ਦੇ ਪਾਣੀ ਨੂੰ ਸਰਹੰਦ ਨਹਿਰ, ਸਰਹੰਦ ਫ਼ੀਡਰ, ਈਸਟਰਨ ਕੈਨਾਲ, ਅਪਰ ਬਾਰੀ ਦੁਆਬ ਨਹਿਰ ਭਾਖੜਾ ਤੇ ਬਿਸਤ ਦੁਆਬ ਵਰਗੀਆਂ ਨਹਿਰਾਂ ਦੇ ਤਾਣੇ-ਪੇਟੇ ਰਾਹੀਂ ਸਿੰਚਾਈ ਲਈ ਵਰਤਿਆ ਜਾਂਦਾ ਹੈ। ਤਾਂ ਫਿਰ ਪੰਜਾਬ ਦੇ ਧਰਤੀ ਹੇਠਲੇ ਪਾਣੀ ਦਾ ਪੱਧਰ ਘਟਦਾ ਕਿਉਂ ਜਾ ਰਿਹਾ ਹੈ? ਇਹਦੇ ਦੋ ਕਾਰਣ ਹਨ:

1. (1947) ਤੋਂ ਪਹਿਲਾਂ ਬਸ ਇੱਕੋ ਨਹਿਰ ਸੀ – ਬੀਕਾਨੇਰ ਫ਼ੀਡਰ।ਇਹ ਪੰਜਾਬ ਦੇ ਕੁਝ ਪਾਣੀ ਨੂੰ ਰਾਜਸਥਾਨ ਪਹੁੰਚਾਉਂਦੀ ਸੀ, ਜਿਹਦਾ ਮੁਆਵਜ਼ਾ ਵੀ ਮਿਲ਼ਦਾ ਸੀ। (1947) ਤੋਂ ਲੈ ਕੇ ਹੁਣ ਤਕ ਪੰਜਾਬ ਦਾ ਕੋਈ 75% ਪਾਣੀ ਨਹਿਰਾਂ ਰਾਹੀਂ ਰਾਜਸਥਾਨ ਹਰਿਆਣੇ ਤੇ ਦਿੱਲੀ ਨੂੰ ਜਾ ਰਿਹਾ ਹੈ, ਜਿਹਦਾ ਪੰਜਾਬ ਨੂੰ ਧੇਲਾ ਵੀ ਨਹੀਂ ਮਿਲ਼ਦਾ।

ਅਸੀਂ ਜਾਣਦੇ ਕਿ ਪੰਜਾਬ ਕੋਲ਼ ਇੱਕੋ ਹੀ ਕੁਦਰਤੀ ਵਸੀਲਾ ਹੈ- ਉਹ ਹੈ ਪਾਣੀ। ਦੂਜੇ ਰਾਜਾਂ ਦੇ ਕੁਦਰਤੀ ਵਸੀਲਿਆਂ ਲਈ ਪੰਜਾਬ ਨੂੰ ਮੁੱਲ ਤਾਰਨਾ ਪੈਂਦਾ ਹੈ, ਜਦੋਂ ਕਿ ਪੰਜਾਬ ਨੂੰ ਆਪਣੇ ਪਾਣੀ ਦਾ ਕੁਝ ਵੀ ਨਹੀਂ ਮਿਲ਼ਦਾ।ਇਸ ਨਾਲ਼ ਪੰਜਾਬ ਰੇਗਿਸਤਾਨ ਬਣਨ ਦੇ ਰਾਹ ਹੀ ਨਹੀਂ ਪੈ ਰਿਹਾ, ਸਗੋਂ ਇਹ ਗ਼ਰੀਬੀ ਦੀ ਦਲਦਲ ਵਿੱਚ ਵੀ ਧੱਸ ਰਿਹਾ ਹੈ।

2. ਪਿਛਲੇ ਕਈ ਸਾਲਾਂ ਤੋਂ ਨਹਿਰਾਂ ਰਾਹੀਂ ਸਿੰਚਾਈ ਦਾ ਢਾਂਚਾ ਢੇਰੀ ਹੋ ਰਿਹਾ ਹੈ। ਇਹਦੇ ਬਹੁਤ ਸਾਰੇ ਕਾਰਣ ਹਨ।ਪਹਿਲਾ ਤਾਂ ਇਹ ਕਿ ਕਣਕ-ਧਾਨ ਦੀ ਖੇਤੀ ਕਾਰਣ ਪਾਣੀ ਦੀ ਮੰਗ ਵਧ ਗਈ, ਪਰ ਨਹਿਰੀ ਪਾਣੀ ਦੀ ਸਪਲਾਈ ਘਟ ਗਈ। ਇਸੇ ਕਰਕੇ ਦਰਿਆਈ ਪਾਣੀ ਦੇ ਹੱਕਦਾਰ ਪਿੰਡਾਂ ਦੇ ਕਿਸਾਨਾਂ ਨੇ ਵੀ ਧਰਤੀ ਹੇਠਲਾ ਪਾਣੀ ਵਰਤਣਾ ਸ਼ੁਰੂ ਕਰ ਦਿੱਤਾ। ਦੂਜਾ, ਕਦੇ-ਕਦਾਈਂ ਪਿੱਛੋਂ ਨਹਿਰਾਂ ਦੇ ਅੰਦਰ ਪਾਣੀ ਦਾ ਵਹਾਉ ਇਕਦਮ ਵਧਣ ਨਾਲ਼ ਪੈਦਾ ਹੋਣ ਵਾਲ਼ੀ ਹੜ੍ਹਾਂ ਵਰਗੀ ਸਥਿਤੀ ਨਾਲ਼ ਨਿਪਟਣ ਲਈ ਕਿਸਾਨ ਸਮਰੱਥ ਨਹੀਂ ਸੀ; ਸੋ ਮਹਿਕਮੇ ਨੇ ਮੋਘੇ ਛੋਟੇ ਕਰ ਪਾਣੀ ਦਾ ਵਹਾਉ ਹੋਰ ਘੱਟ ਕਰ ਦਿੱਤਾ। ਝੋਨੇ ਦੀ ਖੇਤੀ ਲਈ ਜ਼ਮੀਨ ਤਿਆਰ ਕਰਦਿਆਂ ਜਾਂ ਜ਼ਮੀਨ ਦਾ ਰਕਬਾ ਵੱਡਾ ਕਰਨ ਦੇ ਚੱਕਰ ਵਿਚ ਖਾਲ਼ਾਂ ਢਹਿ ਗਈਆਂ। ਨਹਿਰੀ ਪਾਣੀਆਂ ਦੀ ਵਰਤੋਂ ਸੰਬੰਧੀ ਵਿਵੇਕਹੀਣ ਨੀਤੀਆਂ ਦੇ ਨਾਲ਼-ਨਾਲ਼ ਮੁਫ਼ਤ ਬਿਜਲੀ ਦੀ ਲੋਕ-ਲੁਭਾਉ ਸਹੂਲਤ ਕਰਕੇ ਕਿਸਾਨਾਂ ਨੂੰ ਜਿਵੇਂ ਧਰਤੀ ਉੱਪਰਲੇ ਪਾਣੀ ਦੇ ਸੋਮਿਆਂ ਨੂੰ ਵਰਤਣ ਦੀ ਬਜਾਏ ਆਪਣੇ ਭੂਮੀਗਤ ਜਲ-ਸਰੋਤ ਨੂੰ ਖ਼ਤਮ ਕਰਨ ਲਾ ਦਿੱਤਾ ਗਿਆ।

ਮਿਸਾਲ ਵਜੋਂ 750 ਕਿਲੋਮੀਟਰ ਲੰਬੀ ਬਿਸਤ ਨਹਿਰ ਦਾ ਮਿਥਿਆ ਤੀਜਾ ਹਿੱਸਾ ਵੀ ਸਿੰਚਾਈ ਲਈ ਨਹੀਂ ਵਰਤਿਆ ਜਾ ਰਿਹਾ, ਜਦੋਂ ਕਿ ਇਸ ਰਕਬੇ ਵਿਚ ਆਉਂਦੇ ਕਿਸਾਨ ਧਰਤੀ ਹੇਠਲੇ ਪਾਣੀ ਨੂੰ ਅੰਨ੍ਹੇਵਾਹ ਕੱਢ ਕੇ ਵਰਤੀ ਜਾ ਰਹੇ ਹਨ।

ਪੰਜਾਬ ਦੇ ਦੱਖਣ ਪੱਛਮੀ ਨਹਿਰੀ ਭਾਗਾਂ ਵਿਚ ਸੇਮ ਆਣ ਕਰ ਕੇ ਭੂਮੀਗਤ ਪਾਣੀ ਦੇ ਸਲੂਣੇ ਹੋਣਾ ਵੀ ਸਮੱਸਿਆ ਹੈ।ਇਨ੍ਹਾਂ ਹਿੱਸਿਆਂ ਵਿਚ ਸਰਹੰਦ ਨਹਿਰ ਨਾਲ਼ ਲੱਗਦੇ ਤੇ ਸਿੰਜੇ ਜਾਂਦੇ ਜ਼ਿਲੇ ਮੁਕਤਸਰ, ਫ਼ਾਜ਼ਿਲਕਾ, ਬਠਿੰਡਾ ਤੇ ਫ਼ਰੀਦਕੋਟ ਸ਼ਾਮਿਲ ਹਨ। ਸੇਮ ਉਦੋਂ ਆਉਂਦੀ ਹੈ, ਜਦੋਂ ਪਾਣੀ ਦਾ ਪੱਧਰ ਵਧ ਕੇ ਪੌਦਿਆਂ ਦੇ ਜੜ੍ਹ ਖੇਤਰ ਨੂੰ ਸਿੰਜਣ ਲੱਗਦਾ ਹੈ ਜਿਸ ਨਾਲ਼ ਫਿਰ ਹਵਾ ਦੀ ਗਰਦਿਸ਼ ਵਿਚ ਰੁਕਾਵਟ ਆਉਂਦੀ ਹੈ।ਰਸਾਇਣਾਂ ਨਾਲ਼ ਪਲੀਤ ਹੋਏ ਪਾਣੀ ਦੇ ਘਟੀਆ ਮਿਆਰ ਨਾਲ਼ ਨੁਕਸਾਨ ਹੋਰ ਵੀ ਵਧ ਜਾਂਦਾ ਹੈ। ਇਨ੍ਹਾਂ ਇਲਾਕਿਆਂ ਵਿਚ ਕਿੰਨੇ ਹੀ ਪਿੰਡ ਕੋਈ ਵੀ ਫ਼ਸਲ ਉਗਾਉਣ ਦੇ ਕਾਬਲ ਨਹੀਂ ਰਹੇ ਤੇ ਨਾ ਹੀ ਉਨ੍ਹਾਂ ਕੋਲ਼ ਪੀਣ ਵਾਲ਼ੇ ਪਾਣੀ ਦਾ ਕੋਈ ਸੋਮਾ ਹੀ ਹੈ।

**ਹੱਲ**

ਇਹ ਬੜਾ ਗੁੰਝਲਦਾਰ ਪਰ ਪੰਜਾਬ ਦੇ ਵਾਤਾਵਰਣ ਲਈ ਸਭ ਤੋਂ ਜ਼ਰੂਰੀ ਵਿਸ਼ਾ ਹੈ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਕੀ ਤੁਹਾਡੇ ਖੇਤ ਨਹਿਰੀ ਸਿੰਚਾਈ ਦੇ ਰਕਬੇ ਵਿਚ ਆਉਂਦੇ ਹਨ ਜਾਂ ਨਹੀਂ? ਜੇ ਹਾਂ, ਤਾਂ ਇਨ੍ਹਾਂ ਦੀ ਮੌਜੂਦਾ ਸਥਿਤੀ ਕੀ ਹੈ? ਜੇ ਕਰ ਸਿਸਟਮ ਟੁੱਟ ਚੁੱਕਾ ਹੈ, ਤਾਂ ਇਸ ਮੁੱਦੇ ਨੂੰ ਪੰਚਾਇਤ ਦੇ ਦਖ਼ਲ ਨਾਲ਼ ਸਰਕਾਰ ਕੋਲ਼ ਉਠਾਇਆ ਜਾਣਾ ਚਾਹੀਦਾ ਹੈ।ਇਹੋ ਇਸ ਦਾ ਇੱਕੋ-ਇਕ ਹੱਲ ਹੈ। ਨਾਬਾਰਡ ਵਰਗੀਆਂ ਸਰਕਾਰੀ ਸੰਸਥਾਵਾਂ ਦੀਆਂ ਸਕੀਮਾਂ ਰਾਹੀਂ ਪੰਜਾਬ ਦਾ ਸਿੰਚਾਈ ਤੇ ਮਿੱਟੀ ਪਾਣੀ ਸੰਭਾਲ਼ ਮਹਿਕਮਾ ਨਹਿਰੀ ਪਾਣੀ ਦੀ ਵੰਡ ਦੇ ਢਾਂਚੇ ਦੀ ਮੁੜ ਉਸਾਰੀ ਲਈ 90% ਸਬਸਿਡੀ ਦਿੰਦਾ ਹੈ। ਨਹਿਰੀ ਸਿਸਟਮ ਨੂੰ ਬਹਾਲ ਕੀਤਾ ਜਾਵੇ, ਤਾਂ ਕਿ ਖੇਤਾਂ ਦੀ ਸੁਚੱਜੇ ਢੰਗ ਨਾਲ਼ ਸਿੰਚਾਈ ਹੋ ਸਕੇ।

ਨਹਿਰੀ ਸਿਸਟਮ ਦਾ ਵਹਾਉ ਘੱਟ ਕਰਨ ਦੀ ਬਹਾਏ ਪਾਣੀ ਦੇ ਰਿਸਾਉ ਤੇ ਵਾਧੂ ਪਾਣੀ ਦੇ ਭੰਡਾਰਨ ਲਈ ਸੁਚੱਜੇ ਡਰੇਨ, ਸੇਮ ਨਾਲ਼ੇ ਤੇ ਢਾਬਾਂ ਤਿਆਰ ਕਰਨ ਨਾਲ਼ ਦੂਹਰਾ ਫ਼ਾਇਦਾ ਹੋਵੇਗਾ। ਇਕ ਤਾਂ ਪਾਣੀ ਦੀ ਸਪਲਾਈ ਵਧੇਗੀ ਤੇ ਦੂਜਾ ਜ਼ਮੀਨੀ ਪਾਣੀ ਦਾ ਪੱਧਰ ਉੱਚਾ ਉੱਠੇਗਾ।

ਨਹਿਰੀ ਪਾਣੀ ਦੀ ਗ਼ੈਰਕਾਨੂੰਨੀ ਵੰਡ ਤੇ ਪੰਜਾਬ ਦੇ ਹੱਕਾਂ ਦੇ ਕੇਂਦਰ ਨਾਲ਼ ਚਲਦੇ ਕਾਨੂੰਨੀ ਕੇਸਾਂ ਬਾਰੇ ਤੁਸੀਂ ਆਪ ਵੀ ਜਾਣੂ ਹੋਵੋ।

ਪੰਜਾਬ ਦੀ ਤਕਦੀਰ ਬਦਲਣ ਲਈ ਤੁਸੀਂ ਇੰਜੀਨੀਅਰਿੰਗ, ਜਲ ਵਿਗਿਆਨ, ਸਿੰਚਾਈ ਤਕਨਾਲੋਜੀ ਤੇ ਕਾਨੂੰਨ ਵਗ਼ੈਰਾ ਖੇਤਰਾਂ ਵਿਚ ਉੱਚ-ਸਿੱਖਿਆ ਹਾਸਿਲ ਕਰ ਸਕਦੇ ਹੋ।

**ਨਵਾਂ ਨਰੋਆ ਪੰਜਾਬ ਪੁਸਤਕ ਵਿਚੋਂ**

---

ਜਿਉਂ ਹੀ ਉਸ ਨੇ ਪਾਣੀ ਦੀ ਤਹਿ ਉੱਤੇ ਆ ਕੇ ਸਿਰ ਕੱਢਿਆ, ਉਹ ਹੈਰਾਨ ਹੋ ਗਿਆ। ਉਸ ਦੇ ਸਾਰੇ ਸਾਥੀ ਨਦੀ ਦੇ ਕਿਨਾਰੇ ਰੇਤ ਉੱਤੇ ਮਰੇ ਪਏ ਸਨ।

ਨਾਗਸਾਕੀ ਬੰਬ ਵਿਸਫੋਟ ਵਿੱਚ ਜੋ ਲੋਕ ਬਚ ਗਏ ਸਨ ਉਹ ਮਹਿਜ਼ ਇਤਫ਼ਾਕ ਹੀ ਸੀ। ਇੱਕ ਵਿਅਕਤੀ ਤਿੰਨ ਫੁੱਟ ਦੀ ਇੱਕ ਕੰਧ ਦੇ ਪਿੱਛੇ ਓਕੜੂ ਬੈਠਾ ਆਪਣੇ ਘਰ ਦੀ ਫੁਲਵਾੜੀ ਗੁੱਡ ਰਿਹਾ ਸੀ। ਉਸ ਦੇ ਕੋਲ ਹੀ ਉਸ ਦੀ ਪਤਨੀ ਖੜ੍ਹੀ ਕੁਝ ਰਾਵਾਂ ਦੇ ਰਹੀ ਸੀ। ਜਦ ਵਿਸਫੋਟ ਹੋਇਆ ਤਾਂ ਉਸ ਦੀ ਪਤਨੀ ਅਚਾਨਕ ਬੋਲਦੇ ਬੋਲਦੇ ਚੁੱਪ ਹੋ ਗਈ। ਵਿਸਫੋਟ ਦੀ ਗਰਮੀ ਦਾ ਭਬੂਕਾ ਉਹਦੀ ਕੰਧ ਉੱਪਰ ਦੀ ਲੰਘ ਗਿਆ ਸੀ ਤੇ ਨਾਲ ਹੀ ਉਸ ਦੀ ਪਤਨੀ ਨੂੰ ਵੀ ਲੈ ਗਿਆ ਸੀ।

ਸ਼ਹਿਰ ਦੇ ਇੱਕ ਵਪਾਰਕ ਖੇਤਰ ਵਿੱਚ ਇੱਕ ਵਪਾਰੀ ਆਪਣੀ ਸੈਕਟਰੀ ਤੋਂ ਕੁਝ ਕਾਗਜ਼ ਲੈ ਰਿਹਾ ਸੀ। ਕੁਝ ਕਾਗਜ਼ ਮੇਜ਼ ਦੇ ਥੱਲੇ ਡਿੱਗ ਗਏ। ਜਿਉਂ ਹੀ ਉਹ ਕਾਗਜ਼ ਚੁੱਕਣ ਮੇਜ਼ ਦੇ ਥੱਲੇ ਝੁਕਿਆ, ਕਮਰੇ ਦੀਆਂ ਕੰਧਾਂ ਟੁੱਟ ਕੇ ਡਿੱਗ ਪਈਆਂ। ਜਦ ਮਲਬਾ ਹਟਾਇਆ ਗਿਆ ਤਾਂ ਵਪਾਰੀ ਮੇਜ਼ ਦੇ ਥੱਲੇ ਜਿਉਂਦਾ ਸੀ ਅਤੇ ਉਸ ਦੀ ਸੈਕਟਰੀ ਮਰ ਚੁੱਕੀ ਸੀ।

ਯੁੱਧ ਮੰਤਰੀ ਅਤੇ ਹੋਰ ਸੈਨਿਕ ਅਧਿਕਾਰੀ ਅਜੇ ਵੀ ਆਤਮ ਸਮਰਪਣ ਕਰਨ ਦੇ ਪੱਖ ਵਿੱਚ ਨਹੀਂ ਸਨ ਪਰ ਪ੍ਰਧਾਨ ਮੰਤਰੀ ਕਾਂਤਾਰੋਂ ਸੁਜ਼ੁਕੀ ਨੇ ਬੰਬ ਵਿਸਫੋਟ ਦੇ ਕੁਝ ਹੀ ਘੰਟਿਆਂ ਬਾਅਦ ਸੰਕਟਕਾਲੀ ਮੀਟਿੰਗ ਬੁਲਾਈ। ਜਪਾਨੀ ਪਰੰਪਰਾ ਤੋਂ ਹਟ ਕੇ ਸਮਰਾਟ ਖ਼ੁਦ ਉਸ ਬੈਠਕ ਵਿੱਚ ਸ਼ਾਮਿਲ ਹੋਇਆ ਤੇ ਐਲਾਨ ਕੀਤਾ, "ਮੈਂ ਤੁਰੰਤ ਯੁੱਧ ਸਮਾਪਤ ਕਰ ਦੇਣ ਦਾ ਫ਼ੈਸਲਾ ਕਰ ਲਿਆ ਹੈ।" ਸਮਰਾਟ ਦਾ ਫ਼ੈਸਲਾ ਸੁਣ ਕੇ ਕਈ ਜਨਰਲਾਂ ਨੇ ਆਤਮ-ਹੱਤਿਆਵਾਂ ਕਰ ਲਈਆਂ ਪਰ ਸਮਰਾਟ ਆਪਣੇ ਫ਼ੈਸਲੇ 'ਤੇ ਅਡੋਲ ਰਿਹਾ। ਛੇ ਦਿਨ ਬਾਅਦ 15 ਅਗਸਤ ਨੂੰ ਜਪਾਨ ਨੇ ਬਿਨਾਂ ਸ਼ਰਤ ਆਤਮ ਸਮਰਪਣ ਕਰ ਦਿੱਤਾ।

-0-

# ਬੱਚੇ ਨੂੰ ਸਰਬਪੱਖੀ ਬਣਾਉਂਦੀਆਂ ਹਨ ਸਹਿ ਪਾਠਕ੍ਰਮ ਕਿਰਿਆਵਾਂ

**-ਡਾ. ਕੁਲਦੀਪ ਸਿੰਘ ਬਨੂੜ**

ਜੇ ਬੱਚੇ ਦੇ ਆਲੇ-ਦੁਆਲੇ ਇਕੱਲੀ ਸਿੱਖਿਆ ਦੇ ਚੱਕਰਵਿਊ ਦੀ ਰਚਨਾ ਕਰ ਕੇ ਸਕੂਲੀ ਸਿੱਖਿਆ ਵਿੱਚੋਂ ਸਹਿ-ਪਾਠਕ੍ਰਮ ਕਿਰਿਆਵਾਂ ਨੂੰ ਮਨਫ਼ੀ ਕਰ ਦਿੱਤਾ ਜਾਵੇ ਤਾਂ ਬਹੁਤੇ ਸਕੂਲੀ ਬੱਚਿਆਂ ਦੀ ਗਿਣਤੀ ਸਕੂਲ 'ਚ ਆਉਣ ਤੋਂ ਕਤਰਾਵੇਗੀ, ਭਾਵੇਂ ਇਨ੍ਹਾਂ ਵਿੱਚੋਂ ਕੁਝ ਬੱਚੇ ਮਾਪਿਆਂ ਦੀਆਂ ਝਿੜਕਾਂ ਦੇ ਡਰ ਕਰਕੇ ਸਕੂਲ ਵਿਚ ਆਉਣਗੇ ਪਰ ਮਾਨਸਿਕ ਤੌਰ 'ਤੇ ਸਕੂਲ 'ਚ ਆਉਣ ਲਈ ਰਾਜ਼ੀ ਨਹੀਂ ਹੁੰਦੇ।

ਸਕੂਲੀ ਸਿੱਖਿਆ ਵਿਦਿਆਰਥੀ ਜੀਵਨ (Student Life) ਦੇ ਬੁਨਿਆਦੀ ਢਾਂਚੇ ਦੀ ਨੀਂਹ ਨੂੰ ਮਜ਼ਬੂਤ ਕਰਨ 'ਚ ਅਹਿਮ ਰੋਲ ਅਦਾ ਕਰਦੀ ਹੈ। ਅਕਸਰ ਮਾਤਾ-ਪਿਤਾ ਆਪਣੇ ਬੱਚੇ ਨੂੰ ਸਿਰਫ਼ ਪੜ੍ਹਾਈ ਦੇ ਆਲੇ-ਦੁਆਲੇ ਕੇਂਦਰਿਤ ਕਰਨ ਲਈ ਮਾਹੌਲ ਦੀ ਸਿਰਜਣਾ ਕਰਦੇ ਹਨ। ਜੇ ਬੱਚੇ ਦੇ ਆਲੇ-ਦੁਆਲੇ ਇਕੱਲੀ ਸਿੱਖਿਆ ਦੇ ਚੱਕਰਵਿਊ ਦੀ ਰਚਨਾ ਕਰ ਕੇ ਸਕੂਲੀ ਸਿੱਖਿਆ ਵਿੱਚੋਂ ਸਹਿ-ਪਾਠਕ੍ਰਮ ਕਿਰਿਆਵਾਂ ਨੂੰ ਮਨਫ਼ੀ ਕਰ ਦਿੱਤਾ ਜਾਵੇ ਤਾਂ ਬਹੁਤੇ ਸਕੂਲੀ ਬੱਚਿਆਂ ਦੀ ਗਿਣਤੀ ਸਕੂਲ 'ਚ ਆਉਣ ਤੋਂ ਕਤਰਾਵੇਗੀ, ਭਾਵੇਂ ਇਨ੍ਹਾਂ ਵਿੱਚੋਂ ਕੁਝ ਬੱਚੇ ਮਾਪਿਆਂ ਦੀਆਂ ਝਿੜਕਾਂ ਦੇ ਡਰ ਕਰਕੇ ਸਕੂਲ ਵਿਚ ਆਉਣਗੇ ਪਰ ਮਾਨਸਿਕ ਤੌਰ 'ਤੇ ਸਕੂਲ 'ਚ ਆਉਣ ਲਈ ਰਾਜ਼ੀ ਨਹੀਂ ਹੁੰਦੇ। ਫਿਰ ਅਜਿਹੇ ਬੱਚੇ ਹੌਲੀ-ਹੌਲੀ ਸਕੂਲੀ ਪੜ੍ਹਾਈ ਛੱਡ ਜਾਂਦੇ ਹਨ। ਇਸ ਤਰ੍ਹਾਂ ਅਸੀਂ ਬੱਚੇ ਨੂੰ ਜਬਰੀ ਸਿੱਖਿਆ ਲੈਣ ਲਈ ਮਜਬੂਰ ਤਾਂ ਕਰ ਸਕਦੇ ਹਾਂ ਪਰ ਬੱਚੇ ਨੂੰ ਉਤਸ਼ਾਹਿਤ ਨਹੀਂ ਕਰ ਸਕਦੇ। ਇਸ ਤਰ੍ਹਾਂ ਬੱਚੇ ਦਾ ਸਰਬਪੱਖੀ ਵਿਕਾਸ (All-round development of the child) ਹੋਣ ਤੋਂ ਰਹਿ ਜਾਂਦਾ ਹੈ।

ਅੱਜ ਦੇ ਯੁੱਗ 'ਚ ਖੇਡਾਂ ਦਾ ਘੇਰਾ ਕਾਫ਼ੀ ਵਿਸ਼ਾਲ ਹੈ। ਜੇ ਕੋਈ ਬੱਚਾ ਖੇਡਾਂ ਦੇ ਖੇਤਰ 'ਚ ਰੁਚੀ ਰੱਖਦਾ ਹੈ ਤਾਂ ਉਹ ਖੇਡਾਂ ਦੇ ਖੇਤਰ ਵਿਚ ਅੰਤਰ-ਰਾਸ਼ਟਰੀ ਪੱਧਰ 'ਤੇ ਜਿੱਤਾਂ ਦਰਜ ਕਰ ਕੇ ਆਪਣੇ ਦੇਸ਼ ਦਾ ਨਾਂ ਰੋਸ਼ਨ ਕਰਨ ਦੇ ਨਾਲ-ਨਾਲ ਦੌਲਤ ਤੇ ਸ਼ੋਹਰਤ ਵੀ ਕਮਾ ਸਕਦਾ ਹੈ। ਜੇ ਅਸੀਂ ਕ੍ਰਿਕਟ ਵਰਗੀ ਖੇਡ ਵੱਲ ਨਿਗ੍ਹਾ ਮਾਰੀਏ ਤਾਂ ਅਸੀਂ ਦੇਖਦੇ ਹਾਂ ਕਿ ਮਿਹਨਤੀ ਕ੍ਰਿਕਟਰ ਅਰਬਾਂਪਤੀ ਹਨ। ਇਸੇ ਤਰ੍ਹਾਂ ਅਨੇਕਾਂ ਹੀ ਖੇਡਾਂ ਹਨ, ਜਿਨ੍ਹਾਂ 'ਚ ਖਿਡਾਰੀ ਸਖ਼ਤ ਮਿਹਨਤ ਕਰ ਕੇ ਭਵਿੱਖ ਨੂੰ ਉੱਜਵਲ ਬਣਾ ਸਕਦੇ ਹਨ। ਸੰਗੀਤ ਦੇ ਖੇਤਰ 'ਚ ਮਿਹਨਤ ਕਰ ਕੇ ਨਾਮਣਾ ਖੱਟਣ ਵਾਲੇ ਗਾਇਕ ਇਕ-ਇਕ ਸ਼ੋਅ ਕਰਨ ਦਾ ਲੱਖਾਂ-ਕਰੋੜਾਂ ਰੁਪਏ ਲੈਂਦੇ ਹਨ। ਭਾਰਤ 'ਚ ਐੱਨਸੀਈਆਰਟੀ ਦੇ ਇਕ ਸਰਵੇਖਣ ਅਨੁਸਾਰ ਟੀਮ ਆਧਾਰਿਤ ਗਤੀਵਿਧੀਆਂ 'ਚ ਭਾਗ ਨਾ ਲੈਣ ਵਾਲੇ ਬੱਚਿਆਂ ਦੇ ਮੁਕਾਬਲੇ ਭਾਗ ਲੈਣ ਵਾਲੇ ਬੱਚੇ 68 ਫ਼ੀਸਦੀ ਬਿਹਤਰ ਅੰਤਰ-ਵਿਅਕਤੀਗਤ ਸੰਚਾਰ ਹੁਨਰ ਦਾ ਪ੍ਰਦਰਸ਼ਨ ਕਰਦੇ ਹਨ। ਬੀਐੱਸਈ ਦੇ ਇਕ ਸਰਵੇਖਣ ਅਨੁਸਾਰ ਸਹਿ-ਪਾਠਕ੍ਰਮ ਕਿਰਿਆਵਾਂ 'ਚ ਭਾਗ ਲੈਣ ਵਾਲੇ 35 ਫ਼ੀਸਦੀ ਬੱਚੇ ਆਪਣਾ ਕਰੀਅਰ ਇਨ੍ਹਾਂ ਕਿਰਿਆਵਾਂ ਵਿੱਚੋਂ ਹੀ ਚੁਣਦੇ ਹਨ।

**ਮਾਨਸਿਕ ਤਣਾਅ ਘੱਟ ਕਰਨ ਲਈ ਲਾਹੇਵੰਦ**

ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ ਅਹਿਮਦਾਬਾਦ ਦੇ ਸਰਵੇਖਣ ਅਨੁਸਾਰ ਜਿਹੜੇ ਬੱਚੇ ਇਨ੍ਹਾਂ ਕਿਰਿਆਵਾਂ 'ਚ ਭਾਗ ਨਹੀਂ ਲੈਂਦੇ, ਉਨ੍ਹਾਂ ਦੇ ਮੁਕਾਬਲੇ ਭਾਗ ਲੈਣ ਵਾਲੇ ਬੱਚਿਆਂ 'ਚ 40 ਫ਼ੀਸਦੀ ਤੋਂ ਜ਼ਿਆਦਾ ਬੱਚਿਆਂ 'ਚ ਲੋਕਾਂ ਨਾਲ ਗੱਲਬਾਤ ਕਰਨ ਤੇ ਅਗਵਾਈ ਕਰਨ ਦੇ ਗੁਣ ਹੁੰਦੇ ਹਨ। ਭਾਰਤੀ ਖੋਜ ਜਰਨਲ ਆਫ ਸਾਇਕੈਟਰੀ ਦੇ ਸਰਵੇਖਣ ਅਨੁਸਾਰ ਸਹਿ-ਪਾਠਕ੍ਰਮ ਕਿਰਿਆਵਾਂ ਵਿਚ ਭਾਗ ਨਾ ਲੈਣ ਵਾਲੇ ਬੱਚਿਆਂ ਦੇ ਮੁਕਾਬਲੇ ਭਾਗ ਲੈਣ ਵਾਲੇ ਬੱਚਿਆਂ 'ਚੋਂ 25 ਫ਼ੀਸਦੀ ਬੱਚੇ ਚਿੰਤਾ ਤੇ ਮਾਨਸਿਕ ਦਬਾਅ ਦੇ ਘੱਟ ਸ਼ਿਕਾਰ ਹੁੰਦੇ ਹਨ। ਸਹਿ-ਪਾਠਕ੍ਰਮ ਕਿਰਿਆਵਾਂ 'ਚ ਭਾਗ ਲੈਣ ਵਾਲੇ ਬੱਚਿਆਂ ਦੇ ਜੀਵਨ 'ਚ ਅਨੇਕਾਂ ਸਮਾਜਿਕ ਗੁਣ ਉਤਪੰਨ ਹੁੰਦੇ ਹਨ, ਜਿਸ ਵਿਚ ਇਹ ਗਤੀਵਿਧੀਆਂ ਬੱਚੇ ਵਿਚ ਆਤਮ-ਵਿਸ਼ਵਾਸ ਪੈਦਾ ਕਰਦੀਆਂ ਹਨ। ਜਿਸ ਨਾਲ ਬੱਚਾ ਪੜ੍ਹਾਈ ਵਿਚ ਵੀ ਖ਼ੁਦ ਨੂੰ ਬਿਹਤਰ ਬਣਾਉਣ ਲਈ ਦ੍ਰਿੜ੍ਹ ਹੁੰਦਾ ਹੈ। ਜੇ ਬੱਚਾ ਪੜ੍ਹਾਈ ਨੂੰ ਲੈ ਕੇ ਤਣਾਅ ਮਹਿਸੂਸ ਕਰਦਾ ਹੈ ਤਾਂ ਇਹ ਕਿਰਿਆਵਾਂ ਬੱਚੇ ਦੇ ਮਾਨਸਿਕ ਤਣਾਅ ਨੂੰ ਘੱਟ ਕਰਨ ਲਈ ਲਾਹੇਵੰਦ ਹੁੰਦੀਆਂ ਹਨ। ਇਹ ਕਿਰਿਆਵਾਂ ਬੱਚੇ ਨੂੰ ਕਰੀਅਰ ਬਣਾਉਣ ਲਈ ਮਾਰਗ-ਦਰਸ਼ਨ ਕਰਦੀਆਂ ਹਨ, ਸਾਥੀਆਂ ਨਾਲ ਮਿਲ ਕੇ ਕੰਮ ਕਰਨ ਦੀ ਪ੍ਰਵਿਰਤੀ ਨੂੰ ਜਨਮ ਦਿੰਦੀਆਂ ਹਨ ਤੇ ਈਰਖਾ ਭਾਵਨਾ ਨੂੰ ਖ਼ਤਮ ਕਰਦੀਆਂ ਹਨ। ਸਹਿ-ਪਾਠਕ੍ਰਮ ਕਿਰਿਆਵਾਂ ਬੱਚੇ ਦੇ ਭਵਿੱਖ ਲਈ ਅਨੇਕਾਂ ਹੀ ਰਸਤੇ ਖੋਲ੍ਹਦੀਆਂ ਹਨ।

**ਰੁਚੀ ਅਨੁਸਾਰ ਹੁਨਰ ਨੂੰ ਨਿਖਾਰਨ ਦੀ ਲੋੜ**

ਸਿੱਖਿਆ ਸ਼ਾਸਤਰੀਆਂ ਦਾ ਮੰਨਣਾ ਹੈ ਕਿ ਜੇ ਅਸੀਂ ਬੱਚੇ ਦਾ ਸਰਬਪੱਖੀ ਵਿਕਾਸ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਸਹਿ-ਪਾਠਕ੍ਰਮ ਕਿਰਿਆਵਾਂ 'ਤੇ ਬਰਾਬਰ ਫੋਕਸ ਕਰਨਾ ਪਵੇਗਾ। ਸਕੂਲੀ ਬੱਚੇ ਦੇ ਪਾਠਕ੍ਰਮ ਵਿਚ ਖੇਡਾਂ, ਐੱਨਸੀਸੀ, ਐੱਨਐੱਸਐੱਸ, ਸਕਾਊਟ ਐਂਡ ਗਾਈਡ, ਆਰਟ, ਫ਼ੈਸ਼ਨ ਡਿਜ਼ਾਈਨਿੰਗ, ਗ੍ਰਾਫਿਕ ਡਿਜ਼ਾਈਨਿੰਗ, ਹਾਈਕਿੰਗ, ਸੰਗੀਤ, ਡਾਂਸ, ਐਕਟਿੰਗ, ਫੋਟੋਗ੍ਰਾਫੀ ਆਦਿ ਕਿਰਿਆਵਾਂ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ। ਹਰ ਬੱਚਾ ਡਾਕਟਰ ਜਾਂ ਇੰਜੀਨੀਅਰ ਹੀ ਬਣਨ ਦੀ ਇੱਛਾ ਜਾਂ ਹੁਨਰ ਨਹੀਂ ਰੱਖਦਾ ਹੁੰਦਾ ਪਰ ਉਹ ਨਿਵੇਕਲੇ ਹੁਨਰ ਦਾ ਮਾਲਕ ਹੁੰਦਾ ਹੈ। ਸਾਨੂੰ ਸਿਰਫ਼ ਬੱਚੇ ਦੀ ਰੁਚੀ ਅਨੁਸਾਰ ਉਸ ਦੇ ਹੁਨਰ ਨੂੰ ਸਹੀ ਸਮੇਂ 'ਤੇ ਨਿਖਾਰਨ ਦੀ ਲੋੜ ਹੁੰਦੀ ਹੈ। ਜੇ ਕੋਈ ਬੱਚਾ ਆਪਣੀ ਰੁਚੀ ਅਨੁਸਾਰ ਕਿਰਿਆਵਾਂ ਨੂੰ ਕਰਨ 'ਚ ਦਿਲਚਸਪੀ ਲੈਂਦਾ ਹੈ ਤਾਂ ਉਹ ਉਸ ਖੇਤਰ ਵਿਚ ਬਿਹਤਰ ਮੌਕੇ ਤਲਾਸ਼ ਸਕਦਾ ਹੈ।

**ਅਧਿਆਪਕ ਤੇ ਮਾਪੇ ਸਮਝਣ ਆਪਣਾ ਫ਼ਰਜ਼**

ਜੇ ਅਸੀਂ ਬੱਚੇ ਦਾ ਸਰਬਪੱਖੀ ਵਿਕਾਸ ਕਰਨਾ ਚਾਹੁੰਦੇ ਹਾਂ ਤਾਂ ਸਹਿ-ਪਾਠਕ੍ਰਮ ਕਿਰਿਆਵਾਂ ਨੂੰ ਸਕੂਲੀ ਪਾਠਕ੍ਰਮ 'ਚ ਅਮਲੀ ਜਾਮਾ ਪਹਿਨਾਉਣਾ ਪਵੇਗਾ। ਅੱਜ ਨਿੱਜੀ ਤੇ ਸਰਕਾਰੀ ਸਕੂਲਾਂ 'ਚ ਸਹਿ-ਪਾਠਕ੍ਰਮ ਕਿਰਿਆਵਾਂ ਨੂੰ ਤਰਜੀਹ ਦੇ ਕੇ ਬੱਚਿਆਂ ਦੇ ਹੁਨਰ ਨੂੰ ਨਿਖਾਰਨ ਦੀ ਲੋੜ ਹੈ। ਅਕਸਰ ਨਿੱਜੀ ਅਦਾਰੇ ਬੱਚਿਆਂ ਦੇ ਮਾਪਿਆਂ ਨੂੰ ਖ਼ੁਸ਼ ਕਰਨ ਲਈ ਸਿਰਫ਼ ਪੜ੍ਹਾਈ ਦੇ ਤਾਣੇ-ਬਾਣੇ ਵਿਚ ਉਲਝੇ ਰਹਿੰਦੇ ਹਨ, ਜਿਸ ਕਰਕੇ ਮਾਪੇ ਆਪਣੇ ਬੱਚਿਆਂ ਲਈ ਅਜਿਹੇ ਸਕੂਲਾਂ ਨੂੰ ਤਰਜੀਹ ਦਿੰਦੇ ਹਨ। ਅਜਿਹੇ ਨਿੱਜੀ ਸਕੂਲਾਂ ਦੀ ਬਰਾਬਰੀ ਕਰਨ ਲਈ ਸਰਕਾਰੀ ਸਕੂਲ ਵੀ ਇਹੋ ਜਿਹੇ ਸਕੂਲਾਂ ਦੀ ਰੀਸ ਕਰਦੇ ਹਨ। ਕਈ ਵਾਰੀ ਸਰਕਾਰੀ ਸਕੂਲਾਂ ਵਿਚ ਸਰੋਤਾਂ ਦੀ ਘਾਟ ਕਰਕੇ ਵੀ ਅਜਿਹੀਆਂ ਗਤੀਵਿਧੀਆਂ ਤੋਂ ਬੱਚੇ ਵਾਂਝੇ ਰਹਿ ਜਾਂਦੇ ਹਨ, ਜਿਸ ਨਾਲ ਲੱਖਾਂ ਵਿਦਿਆਰਥੀਆਂ ਦੇ ਹੁਨਰ ਨੂੰ ਪਲੇਟਫਾਰਮ ਨਾ ਮਿਲਣ ਕਰਕੇ ਆਪਣੀਆਂ ਮਨਪਸੰਦ ਗਤੀਵਿਧੀਆਂ ਕਰਨ ਤੋਂ ਵਿਹੂਣੇ ਰਹਿ ਜਾਂਦੇ ਹਨ।

ਆਖ਼ਰ ਇਹੀ ਕਹਿ ਸਕਦੇ ਹਾਂ ਕਿ ਬੱਚਿਆਂ ਦੀ ਕਾਬਲੀਅਤ ਨੂੰ ਪਛਾਣਨ ਲਈ ਸਕੂਲਾਂ 'ਚ ਸਹਿ-ਪਾਠਕ੍ਰਮ ਕਿਰਿਆਵਾਂ ਨੂੰ ਕਰਵਾਉਣ ਲਈ ਸੰਸਥਾਵਾਂ, ਮਾਪਿਆਂ ਤੇ ਅਧਿਆਪਕ ਵਰਗ ਨੂੰ ਆਪਣੀ ਬਣਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ, ਤਾਂ ਜੋ ਸਮਾਜ ਦਾ ਹਰ ਬੱਚਾ ਆਪਣੇ ਹੁਨਰ ਨੂੰ ਨਿਖਾਰ ਕੇ ਭਵਿੱਖ ਨੂੰ ਉੱਜਵਲ ਬਣਾ ਸਕੇ।

-0-

# ਜਦੋਂ 10 ਸਾਲ ਬਾਅਦ ਕਤਲ ਕੇਸ ਹੱਲ ਹੋਇਆ



ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ) ਪੰਡੋਰੀ ਸਿੱਧਵਾਂ 9501100062

ਜਦੋਂ ਵੀ ਕੋਈ ਮੁਜ਼ਰਿਮ ਜ਼ੁਰਮ ਕਰਦਾ ਹੈ ਤਾਂ ਉਸ ਨੂੰ ਇਹ ਵਹਿਮ ਹੁੰਦਾ ਹੈ ਕਿ ਪੁਲਿਸ ਉਸ ਨੂੰ ਪਕੜ ਨਹੀਂ ਸਕੇਗੀ। ਛੋਟੇ ਮੋਟੇ ਕੇਸ ਤਾਂ ਭਾਵੇਂ ਪੁਲਿਸ ਦੀ ਨਜ਼ਰ ਤੋਂ ਬਚ ਜਾਣ, ਪਰ ਕਤਲ ਵਰਗਾ ਗੁਨਾਹੇ ਅਜ਼ੀਮ ਟਰੇਸ ਹੋ ਹੀ ਜਾਂਦਾ ਹੈ। ਪਿਛਲੇ ਕੁਝ ਹਫਤਿਆਂ 'ਚ ਅਜਿਹੇ ਹੀ ਦੋ ਕਤਲ ਕਾਂਡ ਹੋਏ ਹਨ। ਇੱਕ ਵਿੱਚ ਸੋਨਮ ਨਾਮਕ ਔਰਤ ਨੇ ਹਨੀਮੂਨ ਦੌਰਾਨ ਮੇਘਾਲਿਆ ਵਿਖੇ ਆਪਣੇ ਪਤੀ ਰਾਜਾ ਰਘੂਵੰਸ਼ੀ ਦਾ ਆਪਣੇ ਪ੍ਰੇਮੀ ਹੱਥੋਂ ਕਤਲ ਕਰਵਾ ਦਿੱਤਾ ਸੀ ਤੇ ਦੂਸਰੇ ਕੇਸ ਵਿੱਚ ਹਰਿਆਣਾ ਦੀ ਮਾਡਲ ਸ਼ੀਤਲ ਨੂੰ ਉਸ ਦੇ ਪ੍ਰੇਮੀ ਸੁਨੀਲ ਨੇ ਕਤਲ ਕਰ ਦਿੱਤਾ ਸੀ। ਫਿਰ ਉਸ ਨੇ ਸ਼ੀਤਲ ਦੀ ਲਾਸ਼ ਇੱਕ ਨਹਿਰ ਵਿੱਚ ਰੋੜ੍ਹ ਦਿੱਤੀ ਤੇ ਕਾਰ ਵੀ ਨਹਿਰ ਵਿੱਚ ਸੁੱਟ ਦਿੱਤੀ ਤਾਂ ਜੋ ਪੁਲਿਸ ਨੂੰ ਯਕੀਨ ਦਵਾਇਆ ਜਾ ਸਕੇ ਕਿ ਐਕਸੀਡੈਂਟ ਹੋਇਆ ਹੈ। ਇਨ੍ਹਾਂ ਦੋਵਾਂ ਕੇਸਾਂ ਵਿੱਚ ਮੁਜ਼ਰਿਮਾਂ ਨੇ ਕਈ ਹਫਤਿਆਂ ਦੀ ਸੋਚ ਵਿਚਾਰ ਤੋਂ ਬਾਅਦ ਕਤਲ ਕੀਤੇ ਸਨ ਪਰ ਸਾਰੀ ਚਲਾਕੀ ਧਰੀ ਦੀ ਧਰੀ ਰਹਿ ਗਈ।

ਮੇਰੀ ਨੌਕਰੀ ਦੌਰਾਨ ਵੀ ਅਜਿਹੇ ਦੋ ਕੇਸ ਟਰੇਸ ਹੋਏ ਸਨ। 1994-95 ਵਿੱਚ ਮੈਂ ਰੋਪੜ ਜਿਲ੍ਹੇ ਦੇ ਕਿਸੇ ਥਾਣੇ ਵਿਖੇ ਐਸ.ਐਚ.ਉ. ਲੱਗਾ ਹੋਇਆ ਸੀ ਕਿ ਇੱਕ ਪਿੰਡ ਦੇ ਚੰਗੇ ਖਾਂਦੇ-ਪੀਂਦੇ ਪਰਿਵਾਰ ਦੇ ਨੌਜਵਾਨ ਲੜਕੇ ਦਾ ਕਤਲ ਹੋ ਗਿਆ ਤੇ ਲਾਸ਼ ਕਈ ਦਿਨਾਂ ਬਾਅਦ ਨਹਿਰ ਵਿੱਚੋਂ ਮਿਲੀ ਸੀ। ਉਸ ਕੇਸ ਵਿੱਚ ਅਸੀਂ ਵਾਹ ਜਹਾਨ ਦੀ ਲਾ ਲਈ ਪਰ ਕਾਤਲ ਨਾ ਲੱਭੇ। ਅਸਲ ਵਿੱਚ ਕਤਲ ਦਾ ਕੋਈ ਕਾਰਨ ਹੀ ਨਹੀਂ ਸੀ ਕਿਉਂਕਿ ਉਹ ਪਰਿਵਾਰ ਆਪਣੇ ਕੰਮ ਨਾਲ ਕੰਮ ਰੱਖਣ ਵਾਲਾ ਸੀ। ਉਨ੍ਹਾਂ ਦੀ ਕਿਸੇ ਨਾਲ ਕੋਈ ਦੁਸ਼ਮਣੀ ਵੀ ਨਹੀਂ ਸੀ ਤੇ ਨਾ ਹੀ ਉਨ੍ਹਾਂ ਨੇ ਕਿਸੇ 'ਤੇ ਸ਼ੱਕ ਜਾਹਰ ਕੀਤਾ। ਆਖਰ ਦੋ ਤਿੰਨ ਮਹੀਨੇ ਟੱਕਰਾਂ ਮਾਰਨ ਤੋਂ ਬਾਅਦ ਕੇਸ ਠੰਡੇ ਬਸਤੇ ਵਿੱਚ ਪਾ ਦਿੱਤਾ ਗਿਆ। ਕਤਲ ਤੋਂ ਪੰਜ ਕੁ ਮਹੀਨੇ ਬਾਅਦ ਸਿਆਲ ਦੀ ਇੱਕ ਸ਼ਾਮ ਦੋ ਬੰਦੇ ਮੋਰਿੰਡੇ ਅੱਡੇ ਵਿੱਚ ਠੇਕੇ ਤੋਂ ਸ਼ਰਾਬ ਲੈਣ ਲਈ ਆਏ। ਉਸ ਸਮੇਂ ਦੇਸੀ ਸ਼ਰਾਬ ਦੀ ਬੋਤਲ ਤੀਹ ਚਾਲੀ ਰੁਪਏ ਦੀ ਹੁੰਦੀ ਸੀ ਤੇ ਉਨ੍ਹਾਂ ਕੋਲ ਦਸ ਰੁਪਏ ਘੱਟ ਸੀ। ਠੇਕੇ ਦੇ ਕਰਿੰਦੇ ਨੇ ਬੋਤਲ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਉਨ੍ਹਾਂ ਵਿੱਚੋਂ ਇੱਕ ਬੋਲਿਆ, "ਦੇਣੀ ਬੋਤਲ ਕਿ ਫਲਾਣੇ ਪਿੰਡ ਵਾਲੇ ਰਾਮ ਸਿੰਘ (ਕਾਲਪਨਿਕ ਨਾਮ) ਦੇ ਮੁੰਡੇ ਵਾਲਾ ਹਾਲ ਕਰੀਏ?" ਇਲਾਕੇ ਦੇ ਮਸ਼ਹੂਰ ਕਤਲ ਬਾਰੇ ਸੁਣ ਕੇ ਕਰਿੰਦੇ ਦੇ ਕੰਨ ਖੜੇ ਹੋ ਗਏ। ਉਸ ਨੇ ਬੋਤਲ ਦੇ ਕੇ ਖਹਿੜਾ ਛੁਡਾਇਆ ਤੇ ਉਨ੍ਹਾਂ ਦੇ ਜਾਂਦੇ ਸਾਰ ਥਾਣੇ ਵੱਲ ਸ਼ੂਟ ਵੱਟ ਦਿੱਤੀ।

ਖਬਰ ਸੁਣ ਕੇ ਪੁਲਿਸ ਨੇ ਦੋਵਾਂ ਨੂੰ ਅਹਾਤੇ ਵਿੱਚੋਂ ਗ੍ਰਿਫਤਾਰ ਕਰ ਲਿਆ ਤੇ ਕੇਸ ਹੱਲ ਹੋ ਗਿਆ। ਤਫਤੀਸ਼ ਤੋਂ ਇਹ ਗੱਲ ਸਾਹਮਣੇ ਆਈ ਕਿ ਕਤਲ ਹੋਣ ਵਾਲੇ ਲੜਕੇ ਦਾ ਪਰਿਵਾਰ ਬਹੁਤ ਹੀ ਲਾਲਚੀ ਕਿਸਮ ਦਾ ਸੀ ਤੇ ਲੜਕਾ ਦਹੇਜ਼ ਘੱਟ ਲਿਆਉਣ ਕਾਰਨ ਆਪਣੀ ਨਵ ਵਿਆਹੀ ਪਤਨੀ ਨਾਲ ਕੁੱਟ ਮਾਰ ਕਰਦਾ ਰਹਿੰਦਾ ਸੀ। ਪਰਿਵਾਰ ਵੱਲੋਂ ਰੋਜ਼ਾਨਾ ਦੀ ਕੀਤੀ ਜਾਂਦੀ ਲਾਹ ਪਾਹ ਕਾਰਨ ਲੜਕੀ ਦਾ ਝੁਕਾਉ ਘਰ ਵਿੱਚ ਕਈ ਸਾਲਾਂ ਤੋਂ ਕੰਮ ਕਰ ਰਹੇ ਨੌਕਰ ਵੱਲ ਹੋ ਗਿਆ ਜੋ ਪਿਆਰ ਵਿੱਚ ਬਦਲ ਗਿਆ। ਇੱਕ ਦਿਨ ਪਤੀ ਨੇ ਜਦੋਂ ਉਸ ਨੂੰ ਕੁਝ ਜਿਆਦਾ ਹੀ ਕੁੱਟਿਆ ਤਾਂ ਦੁਖੀ ਹੋਈ ਲੜਕੀ ਨੇ ਆਪਣੇ ਪ੍ਰੇਮੀ ਨੂੰ ਉਸ ਦਾ ਫਸਤਾ ਵੱਢਣ ਲਈ ਕਹਿ ਦਿੱਤਾ। ਉਨ੍ਹਾਂ ਦੀ ਜ਼ਮੀਨ ਭਾਖੜਾ ਨਹਿਰ ਦੇ ਨਾਲ ਲੱਗਦੀ ਸੀ। ਪ੍ਰੇਮੀ ਨੇ ਇੱਕ ਦਿਨ ਆਪਣੇ ਕਰੀਬੀ ਦੋਸਤ ਨਾਲ ਮਿਲ ਕੇ ਸ਼ਾਮ ਦੇ ਘੁਸਮੁਸੇ ਵਿੱਚ ਪਤੀ ਦੀ ਗਲ ਘੁੱਟ ਕੇ ਹੱਤਿਆ ਕਰ ਦਿੱਤੀ ਤੇ ਲਾਸ਼ ਨਹਿਰ ਵਿੱਚ ਸੁੱਟ ਦਿੱਤੀ। ਕਿਸੇ ਨੂੰ ਕੰਨੋ ਕੰਨ ਖਬਰ ਨਾ ਹੋਈ ਤੇ ਨਾ ਹੀ ਪ੍ਰੇਮੀ 'ਤੇ ਕਿਸੇ ਨੂੰ ਸ਼ੱਕ ਹੋਇਆ। ਜੇ ਉਹ ਠੇਕੇ 'ਤੇ ਫੜ੍ਹ ਨਾ ਮਾਰਦੇ ਤਾਂ ਸ਼ਾਇਦ ਕਤਲ ਦਾ ਪਤਾ ਵੀ ਨਹੀਂ ਸੀ ਲੱਗਣਾ।

ਇਸ ਕਤਲ ਤੋਂ ਕਈ ਸਾਲ ਬਾਅਦ ਮੈਂ ਇੱਕ ਸਬ ਡਵੀਜ਼ਨ ਵਿਖੇ ਡੀ.ਐਸ.ਪੀ. ਲੱਗਾ ਹੋਇਆ ਸੀ। ਇੱਕ ਦਿਨ ਮੈਂ ਆਪਣੇ ਦਫਤਰ ਬੈਠਾ ਹੋਇਆ ਸੀ ਕਿ ਹਰੀਪੁਰ ਪਿੰਡ (ਕਾਲਪਨਿਕ ਨਾਮ) ਦਾ ਸਰਪੰਚ ਇੱਕ ਬੰਦੇ ਨੂੰ ਲੈ ਕੇ ਦਫਤਰ ਆ ਗਿਆ। ਉਸ ਬੰਦੇ ਦੇ ਹਵਾਸ ਉੱਡੇ ਹੋਏ ਸਨ ਤੇ ਉਹ ਅਰਦਲੀ ਵੱਲੋਂ ਲਿਆਂਦਾ ਪਾਣੀ ਦਾ ਗਲਾਸ ਗਟਾਗੱਟ ਪੀ ਗਿਆ। ਮੈਂ ਸਰਪੰਚ



ਨੂੰ ਐਵੇਂ ਮਖੌਲ ਕੀਤਾ ਕਿ ਇਹ ਵਿਅਕਤੀ ਐਨਾ ਘਬਰਾਇਆ ਹੋਇਆ ਕਿਉਂ ਹੈ? ਕੋਈ ਕਤਲ ਕੁਤਲ ਤਾਂ ਨਹੀਂ ਹੋ ਗਿਆ? ਸਰਪੰਚ ਨੇ ਦੱਸਿਆ ਕਿ ਇਹ ਆਪਣਾ ਪੁਰਾਣਾ ਘਰ ਢਾਹ ਕੇ ਨਵਾਂ ਬਣਾਉਣ ਲਈ ਨੀਹਾਂ ਪੁੱਟ ਰਿਹਾ ਸੀ ਕਿ ਵਿਹੜੇ ਵਿੱਚੋਂ ਇਨਸਾਨੀ ਪਿੰਜਰ ਨਿਕਲਿਆ ਹੈ।ਅਸੀਂ ਫੌਰਨ ਮੌਕੇ 'ਤੇ ਪਹੁੰਚ ਗਏ ਤੇ ਵੇਖਿਆ ਕਿ ਇੱਕ ਪਿੰਜਰ ਪਿਆ ਸੀ ਜਿਸ ਦੇ ਹੱਥ ਪਲਾਸਟਿਕ ਦੀਆਂ ਰੱਸੀਆਂ ਨਾਲ ਪਿੱਛੇ ਬੰਨ੍ਹੇ ਹੋਏ ਸਨ ਜੋ ਅਜੇ ਵੀ ਪੂਰੀ ਤਰਾਂ ਨਾਲ ਗਲੀਆਂ ਨਹੀਂ ਸਨ। ਅਸਲ ਵਿੱਚ ਉਹ ਪਿੰਜਰ ਇਸ ਕਾਰਨ ਖਿਲਰਨੋ ਬਚ ਗਿਆ ਕਿਉਂਕਿ ਨੀਹਾਂ ਦੀ ਪੁਟਾਈ ਮਜ਼ਦੂਰ ਕਹੀਆਂ ਨਾਲ ਕਰ ਰਹੇ ਸਨ। ਜੇ ਅੱਜ ਵਾਂਗ ਜੇ.ਸੀ.ਬੀ. ਮਸ਼ੀਨ ਹੁੰਦੀ ਤਾਂ ਉਸ ਦਾ ਪਤਾ ਵੀ ਨਹੀਂ ਸੀ ਲੱਗਣਾ।

ਪੁੱਛ ਗਿੱਛ ਕਰਨ 'ਤੇ ਉਸ ਵਿਅਕਤੀ ਨੇ ਦੱਸਿਆ ਕਿ ਇਹ ਮਕਾਨ ਉਸ ਨੇ ਅੱਠ ਨੌਂ ਸਾਲ ਪਹਿਲਾਂ ਦੋ ਭੈਣਾਂ ਨਾਮੋ ਤੇ ਸ਼ਾਮੋ (ਕਾਲਪਨਿਕ ਨਾਮ) ਕੋਲੋਂ ਖਰੀਦਿਆ ਸੀ। ਇਸ 'ਤੇ ਸਰਪੰਚ ਮੈਨੂੰ ਇੱਕ ਪਾਸੇ ਲੈ ਗਿਆ ਤੇ ਭੇਤ ਵਾਲੀ ਗੱਲ ਦੱਸੀ ਕਿ ਇਸ ਘਰ ਵਿੱਚ ਨਾਮੋ, ਸ਼ਾਮੋ, ਉਨ੍ਹਾਂ ਦੀ ਮਾਂ ਅਤੇ 17-18 ਸਾਲ ਦਾ ਭਰਾ ਅੰਬਾ (ਕਾਲਪਨਿਕ ਨਾਮ) ਰਹਿੰਦੇ ਹੁੰਦੇ ਸਨ। ਉਨ੍ਹਾਂ ਦੀ 8-10 ਏਕੜ ਜ਼ਮੀਨ ਵੀ ਸੀ ਤੇ ਬਾਪ ਦੀ ਬਹੁਤ ਪਹਿਲਾਂ ਮੌਤ ਹੋ ਗਈ ਸੀ। ਨਾਮੋ ਤੇ ਸ਼ਾਮੋ ਵੱਡੀਆਂ ਸਨ ਤੇ ਮਾੜੇ ਕਿਰਦਾਰ ਦੀਆਂ ਸਨ। ਅੰਬਾ ਭਾਵੇਂ ਛੋਟਾ ਸੀ ਪਰ ਪਿੰਡ

ਬਾਕੀ ਸਫਾ 35 'ਤੇ

**ਕਾਵਿ ਕਿਆਰੀ**

# ਸੁਣ ਊਧਮ ਸਿੰਘ ਵੀਰਿਆ

ਡਾ. ਅਮਨਪ੍ਰੀਤ ਸਿੰਘ

ਸੁਣ ਉਧਮ ਸਿੰਘ ਵੀਰਿਆ, ਤੂੰ ਮੁੜ ਫਿਰ ਵਤਨੀਂ ਆ।
ਸਾਰੇ ਪੰਜਾਬ ਨੂੰ ਜਲਿਆਂ ਵਾਲਾ ਬਾਗ਼, ਲੀਡਰਾਂ ਨੇ ਦਿੱਤਾ ਬਣਾ।

ਸਭੇ ਜਨਰਲ ਡਾਇਰ ਬਣੇ, ਹੁਣ ਹੁਕਮ ਰਹੇ ਨੇ ਚੜ੍ਹਾ।
ਆੜ ਬੇਰੋਜ਼ਗਾਰੀ ਦੀ ਮਰ ਰਹੇ, ਤੇਰੇ ਉਹ ਵੀਰ ਭਰਾ।

ਪਾੜਨ ਸਰੂਪ ਪਾਵਨ ਗ੍ਰੰਥ ਦੇ, ਲਈਆਂ ਕਸਮਾਂ ਉਨ੍ਹਾਂ ਖਾ।
ਨਾ ਹੀ ਲਿਆਂਦੀ ਸ਼ਾਂਤੀ, ਨਾ ਕੋਈ ਲੇਵੇ ਸੁੱਖ ਦਾ ਸਾਹ।

ਏਥੇ ਡੇਰੇ ਵੱਧਦੇ ਜਾਂਵਦੇ, ਸਭ ਵੋਟਾਂ ਵਾਲੇ ਨੇ ਖੂਹ
ਮਰਦੇ ਕਿਸਾਨ ਪੰਜਾਬ ਦੇ, ਚੁੰਨੀ ਪੱਗ ਤੇ ਲੱਗਿਆ ਲਹੂ।

ਦਿਨ ਦਿਹਾੜੇ ਹੋਏ ਲਾਪਤਾ, ਕੱਢ ਕਿਡਨੀਆਂ ਵੇਚਦੇ ਲੋਕ।
ਡਾਕਟਰ ਦਾ ਧੰਦਾ ਬਣ ਗਿਆ, ਮੁਕ ਗਏ ਛੋਟੇ ਉਦਯੋਗ।

ਏਥੇ ਮੁੱਕਿਆ ਨਾਂ ਈਮਾਨ ਦਾ, ਹੈ ਮਿਲਾਵਟ ਦਾ ਦੌਰ।
ਏਥੇ ਪਾਣੀ ਮੁੱਕ ਗਿਆ ਵੀਰਿਆ, ਧਰਤੀ ਦੱਸ ਪਈ ਰੋ।

ਰੁੱਖ ਨਾ ਦਿਸਦੇ ਬਾਹਲੇ, ਨਾ ਚਿੜੀਆਂ ਦੀ ਕੋਈ ਉਡਾਰ।
ਪ੍ਰਵਾਸੀਆਂ ਕਬਜ਼ਾ ਕਰ ਲਿਆ, ਪੰਜਾਬੀ ਤੁਰ ਪਏ ਬਾਹਰ।

ਦੁੱਖ ਕਿਸੇ ਦਾ ਨਾ ਜਾਣਦੇ, ਕਿਸੇ ਨਾ ਦਿੰਦੇ ਭੇਤ।
ਮਾਰ ਮੁਕਾ ਕੇ ਸੁੱਟ ਗਿਆ, ਕਿਸੇ ਬੇਗਾਨੇ ਦੇ ਖੇਤ।

ਇੱਥੇ ਚਿੱਟਾ ਵਿਕਦਾ ਵੀਰਿਆ ਭੁੱਕੀ ਅਫੀਮ ਦੇ ਠੇਕੇਦਾਰ
ਏਥੇ ਜਿਸਮ ਫਿਰੋਸ਼ੀ ਚੱਲ ਪਈ, ਤੇ ਕਲੱਬਾਂ 'ਚ ਨਚਾਰ।

ਬਾਬਾ ਬੋਲਦਾ ਰਹਿ ਗਿਆ, ਬਸ! ਗੁਰੂ ਘਰਾਂ ਦੇ ਵਿੱਚ।
ਗੋਲਕ ਚੁੱਕ ਕੇ ਲੈ ਗਏ, ਵੱਡੇ ਢਿੱਡਾਂ ਵਾਲੇ ਰਿੱਛ।

ਨਾ ਕੋਈ ਸੁਣੀਂ ਪੁਕਾਰ ਹੈ, ਕਿਸੇ ਗ਼ਰੀਬ ਕੋਲ਼ ਖਲੋ
ਹੋਰ ਨਾ ਸਕਾਂ ਦੱਸ ਮੈਂ, ਬਸ! ਆਪ ਹੀ ਤੂੰ ਨੇੜੇ ਹੋ।

ਪੜੇ ਲਿਖੇ ਨੇ ਮਰੇ ਰਹੇ, ਲਈਆਂ ਗਲਾਂ 'ਚ ਡਿਗਰੀਆਂ ਪਾ
ਅਨਪੜ੍ਹ ਜਾਂ ਪੰਜ ਪਾਸ ਨੇ, ਲਏ ਮੁਲਕ ਨੂੰ ਉਹ ਚਲਾ।

ਭਰ ਭਰ ਟੈਕਸ ਓ ਵਸੂਲਦੇ, ਲੱਦੇ ਗਾਂਧੀ ਵਾਲੇ ਨੋਟ।
ਨਾ ਹੁਣ ਬਚਣ ਘਰ ਆਲ੍ਹਣੇ, ਨਾ ਹੀ ਬਚਦੇ ਨੇ ਬੋਟ ।

ਚੱਲ ਹੁਣ ਨਾ ਛੱਡੀਏ ਓਡਵਾਇਰ ਨੂੰ, ਡਾਇਰ ਨੂੰ ਪਾਰ ਬੁਲਾ
ਹੁਣ ਤੂੰ ਲੰਡਨੋਂ ਪਰਤ ਕੇ, ਕਦੇ ਵਿੱਚ ਪੰਜਾਬ ਦੇ ਆ।

ਮਿੱਟੀ ਛੋਹ ਪੰਜਾਬ ਦੀ, ਕਰ ਲੈਂ ਹੁਣ ਕੋਲ ਇਕਰਾਰ
ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ, ਤਕੜੇ ਕਰੋ ਬਾਲ।

-0-

# ਅਮਰ ਤੋਂ ਅਮਰਦਾਸ ਹੋਇਆ

**ਪਰਵਿੰਦਰ ਕੌਰ ਸੁੱਖ ਲੁਧਿਆਣਾ # 81960-63335**

ਪਿੰਡ ਬਾਸਰਕੇ ਘਰ ਤੇਜਭਾਨ ਜੀ ਦੇ,
ਪੈਦਾ ਪੁੱਤਰ ਸੀ ਇੱਕ ਹੈ ਖਾਸ ਹੋਇਆ।
ਲਾਡਾਂ ਨਾਲ ਪਾਲਿਆ ਜਿਸ ਨੂੰ ਸੀ,
ਉਹ ਅਮਰ ਤੋਂ ਅਮਰਦਾਸ ਹੋਇਆ।
ਸਿੱਖੀ ਮਾਪਿਆਂ ਤੋਂ ਕਰਨੀ ਹੈ ਕਿੰਝ ਸੇਵਾ,
ਸੇਵਾ ਭਾਵਨਾ ਦਾ ਦਿਲ 'ਚ ਅਹਿਸਾਸ ਹੋਇਆ।
ਜਦੋਂ ਆਖਿਆ ਸਾਧੂ ਨੇ ਨਿਗੁਰਾ ਹੈ ਤੂੰ,
ਉਹਦਾ ਮਨ ਸੀ ਬਹੁਤ ਉਦਾਸ ਹੋਇਆ।
ਤੀਰਥ ਯਾਤਰਾ ਤੇ ਦਾਨ ਪੁੰਨ ਕਰਦੇ,
ਪਰ ਲੱਗਦੇ ਬੜਾ ਨਿਦਾਨ ਸੀ ਉਹ
ਗੁਰੂ ਧਾਰਿਆ ਨਹੀਂ ਸੀ ਕਦੇ ਉਹਨਾਂ,
ਗਿਆਨ ਤੋਂ, ਹੈ ਅਣਜਾਣ ਸੀ ਉਹ।
ਗਏ ਯਾਤਰਾ ਸਾਧੂ ਨੂੰ ਲੈ ਆਏ,
ਜਾਪੇ ਇੰਝ ਜਿਵੇਂ ਮਹਿਮਾਨ ਸੀ ਉਹ।
ਨਿਗੁਰੇ ਦਾ ਸੰਗ ਮਾੜਾ ਹੈ ਕਹੇ ਸਾਧੂ,
ਚੁੱਪ ਚਾਪ ਸੁਣ ਰਹੇ ਫੁਰਮਾਨ ਸੀ ਉਹ।
ਅੰਮ੍ਰਿਤ ਵੇਲਾ ਸੀ ਹੱਥੀ ਦੁੱਧ ਰਿੜਕੇ,
ਮੁੱਖ ਵਿੱਚੋਂ ਪੜੇ ਗੁਰਬਾਣੀ ਅਮਰੋ।
ਸੁਣ ਕੇ ਅਮਰਦਾਸ ਜੀ ਪੁੱਛ ਬੈਠੇ,
ਐਨੀ ਮਿੱਠੀ ਹੈ ਕਿਸਦੀ ਬਾਣੀ ਅਮਰੋ।
ਕਿਸਨੇ ਬਖਸ਼ੀ ਹੈ ਐਸੀ ਦਾਤ ਤੈਨੂੰ,
ਮੈਨੂੰ ਦੱਸਦੇ ਖੋਲ ਕਹਾਣੀ ਅਮਰੋ।
ਮੈਂ ਵੀ ਚਾਹੁੰਦਾ ਹਾਂ ਲੱਗ ਜਾਵਾਂ ਲੜ ਉਹਦੇ,
ਮੇਰੀ ਚਾਹੁੰਦੀ ਹੈ ਜਿੰਦ ਨਿਮਾਣੀ ਅਮਰੋ।
36 ਵਰਿਆਂ ਦੇ ਗੁਰੂ ਅੰਗਦ ਸਾਹਿਬ ਜੀ ਸੀ,
ਆਪਦੀ ਉਮਰ 62 ਸਾਲ ਹੈ ਸੀ।
ਹੋ ਕੇ ਨੀਵੇਂ ਕੁੜਮ ਦੀ ਕੀਤੀ ਸੇਵਾ,
ਬਣੀ ਜੱਗ ਤੇ ਐਸੀ ਮਿਸਾਲ ਹੈ ਸੀ।
ਅੱਧੀ ਰਾਤ ਉਠ ਕਰਦੇ ਸੀ ਗੁਰੂ ਸੇਵਾ,
ਭਾਵਨਾ ਆਪਦੀ ਬੜੀ ਕਮਾਲ ਹੈ ਸੀ।
ਠੇਡਾ ਖਾ ਕੇ ਡਿੱਗਦੇ ਕਈ ਵਾਰੀ ਉਹ,
ਪਰ ਮੁਖ ਤੇ ਜਾ ਹੋ ਜਲਾਲ ਹੈ ਸੀ।
ਖੁਸ਼ ਹੋ ਕੇ ਸੇਵਾ ਭਾਵਨਾ ਤੋਂ, ਵ
ਮਿਲਿਆ ਨਾਨਕ ਦੇ ਦਰ ਦਾ ਮਾਣ ਹੈ ਸੀ।
ਗੁਰੂ ਅੰਗਦ ਸਾਹਿਬ ਜੀ ਕੋਲ ਰਹਿ ਕੇ,
ਮਿਲ ਗਿਆ ਪੂਰਨ ਗਿਆਨ ਹੈ ਸੀ।
ਬਣ ਗਏ ਤੀਜੇ ਗੁਰੂ ਅਮਰਦਾਸ ਜੀ ਸੀ,
ਇਹ ਸੋਚ ਸਮਝ ਤੋਂ ਬੜੇ ਬਲਵਾਨ ਹੈ ਸੀ।
ਸਤੀ ਪ੍ਰਥਾ ਨੂੰ ਰੋਕ ਕੇ ਗੁਰੂ ਜੀ ਨੇ,
ਔਰਤ ਜਾਤ ਦਾ ਕੀਤਾ ਕਲਿਆਣ ਹੈ ਸੀ।
ਸਮਾਜ ਵਿਚਲੇ ਕੁਰੀਤੀਆਂ ਮਾੜੀਆਂ ਤੇ,
ਘੁੰਡ ਪ੍ਰਥਾ ਨੂੰ ਕੀਤਾ ਦੂਰ ਹੈ ਸੀ।
ਮਿਲੀ ਜੋਤ ਜਦੋਂ ਗੁਰੂ ਅੰਗਦ ਸਾਹਿਬ ਜੀ ਤੋਂ,
ਚੜਿਆ ਮੁੱਖ ਤੇ ਨਿਰਾਲਾ ਨੂਰ ਹੈ ਸੀ।
ਸੰਗਤ ਪੰਗਤ ਦੀ ਕਿੱਤਾ ਪ੍ਰਚਾਰ ਐਸਾ,
ਜਿਹੜਾ ਹੋਇਆ ਜਗਤ ਮਸ਼ਹੂਰ ਹੈ ਸੀ।
ਛਕਿਆ ਅਕਬਰ ਨੇ ਆਣ ਕੇ ਜਦੋਂ ਲੰਗਰ,
ਵਾਹ ਕਹਿਣ ਲਈ ਹੋਇਆ ਮਜਬੂਰ ਹੈ ਸੀ।
ਗੋਇੰਦਵਾਲ ਦੀ ਧਰਤੀ ਨੂੰ ਭਾਗ ਲੱਗੇ,
ਬਣਾਇਆ ਗੁਰੂ ਦਾ ਇੱਥੇ ਦੁਆਰ ਹੈ ਸੀ।
22 ਮੰਜੀਆਂ ਆਪ ਨੇ ਥਾਪੀਆਂ ਸੀ,
ਕਰਨ ਲਈ ਸਿੱਖੀ ਦਾ ਪ੍ਰਚਾਰ ਹੈ ਸੀ।
ਬੀਬੀ ਭਾਨੀ ਦਾਨੀ ਤੇ ਮੋਹਨ ਮੋਹਰੀ ਜੀ,
ਆਪ ਦਾ ਸੋਹਣਾ ਪਰਿਵਾਰ ਹੈ ਸੀ।
ਪਰਵਿੰਦਰ ਸੁੱਖ ਨਿਮਰਤਾ ਵਿੱਚ ਰਹਿਣਾ,
ਆਪ ਦਾ ਉੱਚਾ ਕਿਰਦਾਰ ਹੈ ਸੀ।

-0-

# ਬੀਬੀ ਭਾਨੀ ਜੀ

–ਰਮੇਸ਼ ਬੱਗਾ ਚੋਹਲਾ
# 94631–32719

ਸੁੱਘੜ, ਸਿਆਣੀ, ਸਮਝਦਾਰ ਤੇ ਅਕਲ ਪੱਖੋਂ ਵੀ ਦਾਨੀ।
ਸਿੱਖ ਜਗਤ ਵਿਚ ਅਹਿਮ ਸਥਾਨ ਹੈ ਰੱਖਦੀ ਬੀਬੀ ਭਾਨੀ।
ਘਰ ਪਰਿਵਾਰ 'ਚੋਂ ਮਿਲੀ ਜਿਸ ਨੂੰ ਸੀ ਗੁਰਮਤਿ ਗੁੜ੍ਹਤੀ,
ਇਸ ਗੁੜ੍ਹਤੀ ਦੇ ਸਦਕਾ ਰੱਖਦੀ ਵਿਚ ਸਿਮਰਨ ਦੇ ਸੁਰਤੀ,
ਸਦਾ ਵਾਸਤੇ ਪਰਮ ਪੁਰਖ ਦੀ ਬਣ ਕੇ ਰਹੀ ਦੀਵਾਨੀ।
ਸਿੱਖ ਜਗਤ ਵਿਚ ਅਹਿਮ ਸਥਾਨ ਹੈ ਰੱਖਦੀ ਬੀਬੀ ਭਾਨੀ।
ਗੁਰ ਪੁੱਤਰੀ, ਗੁਰ ਪਤਨੀ ਤੇ ਸੀ ਗੁਰੂ ਸਾਹਿਬ ਦੀ ਮਾਤਾ,
ਤਿੰਨ ਪੀੜ੍ਹੀਆਂ ਨਾਲ ਰਿਹਾ ਹੈ ਜਿਸਦਾ ਗਹਿਰਾ ਨਾਤਾ,
ਰੱਬ ਦੇ ਰੰਗ ਵਿਚ ਰੰਗੀ ਰੂਹ ਸੀ ਜਾਮਾ ਚਾਹੇ ਇਨਸਾਨੀ।
ਸਿੱਖ ਜਗਤ ਵਿਚ ਅਹਿਮ ਸਥਾਨ ਹੈ ਰੱਖਦੀ ਬੀਬੀ ਭਾਨੀ।
ਨੇਕ ਸੁਭਾਅ ਦੀ ਮਾਲਿਕ ਬਿਰਤੀ ਰੱਖਦੀ ਪਰਉਪਕਾਰੀ,
ਪਰਉਪਕਾਰ ਦੇ ਸਿਰ 'ਤੇ ਸਾਰੀ ਜ਼ਿੰਦਗੀ ਉਸ ਗੁਜ਼ਾਰੀ,
ਰਹੀ ਰਜ਼ਾ ਵਿਚ ਰਾਜ਼ੀ ਕੀਤੀ ਨਹੀਂ ਕਦੇ ਮਨਮਾਨੀ।
ਸਿੱਖ ਜਗਤ ਵਿਚ ਅਹਿਮ ਸਥਾਨ ਹੈ ਰੱਖਦੀ ਬੀਬੀ ਭਾਨੀ।
ਗੁਰੂ ਪਿਤਾ ਨੇ ਲੱਭ ਕੇ ਦਿੱਤਾ ਜਿਹੜਾ ਸਿਰ ਦਾ ਸਾਈਂ,
ਉਸ ਦਾ ਪੱਲਾ ਘੁੱਟ ਬੀਬੀ ਫੜ੍ਹ ਲਿਆ ਚਾਈਂ ਚਾਈਂ,
ਸਤਿ ਬਚਨ ਕਹਿ ਭਾਈ ਜੇਠੇ ਦੇ ਲੇਖੇ ਲਾਈ ਜਵਾਨੀ।
ਸਿੱਖ ਜਗਤ ਵਿਚ ਅਹਿਮ ਸਥਾਨ ਹੈ ਰੱਖਦੀ ਬੀਬੀ ਭਾਨੀ।
ਚੱਕ ਰਾਮਦਾਸ ਨਗਰ ਜਦੋਂ ਸੀ ਚੌਥੇ ਗੁਰੂ ਵਸਾਇਆ,
ਵੱਧ ਚੜ੍ਹਕੇ ਸੀ ਯੋਗਦਾਨ ਵਿਚ ਬੀਬੀ ਭਾਨੀ ਪਾਇਆ,
ਤਨਦੇਹੀ ਨਾਲ ਕੀਤੀ ਗੁਰਮਤਿ ਕਾਰਜਾਂ ਦੀ ਨਿਗਰਾਨੀ।
ਸਿੱਖ ਜਗਤ ਵਿਚ ਅਹਿਮ ਸਥਾਨ ਹੈ ਰੱਖਦੀ ਬੀਬੀ ਭਾਨੀ।
ਸ਼ਹੀਦਾਂ ਦੇ ਸਿਰਤਾਜ ਨੂੰ ਬੀਬੀ ਆਪਣੀ ਗੋਦ ਖਿਡਾਇਆ,
ਮਿੱਠਾ ਕਰਕੇ ਮੰਨਣਾ ਭਾਣਾ ਇਹ ਸੀ ਸਬਕ ਪੜ੍ਹਾਇਆ,
ਇਸ ਸਬਕ ਦੇ ਸਦਕਾ ਦੇ ਗਏ ਪੰਜਵੇਂ ਗੁਰੂ ਕੁਰਬਾਨੀ।
ਸਿੱਖ ਜਗਤ ਵਿਚ ਅਹਿਮ ਸਥਾਨ ਹੈ ਰੱਖਦੀ ਬੀਬੀ ਭਾਨੀ।
ਤਨ ਮਨ ਦੇ ਨਾਲ ਬੀਬੀ ਭਾਨੀ ਸੇਵਾ ਰਹੀ ਕਮਾਉਂਦੀ,
ਸੱਚੇ ਮਾਰਗ ਚੱਲ ਕੇ ਸੱਚੋ ਸੱਚ ਨੂੰ ਰਹੀ ਧਿਆਉਂਦੀ,
'ਚੋਹਲੇ' ਵਾਲੇ 'ਬੱਗੇ' ਤੋਂ ਨਾ ਜਾਵੇ ਸਿਫ਼ਤ ਬਿਆਨੀ।
ਸਿੱਖ ਜਗਤ ਵਿਚ ਅਹਿਮ ਸਥਾਨ ਹੈ ਰੱਖਦੀ ਬੀਬੀ ਭਾਨੀ।

---

# ਅੰਤਲਾ ਦਰਬਾਰ

–ਵਿਧਾਤਾ ਸਿੰਘ ਤੀਰ

ਉਹ ਮਹਾਰਾਜ, ਜਿਸ ਦੀ ਸ਼ਾਹੀ ਚੜ੍ਹਤ ਅੱਗੇ,
ਸੈਆਂ ਰਾਜਿਆਂ ਦਾ ਸੀਸ ਝੁੱਕਦਾ ਸੀ।
ਉਹ ਦਰਿਆ ਦਿਲ ਸਖੀ, ਕਿ ਵੇਖ ਜਿਸ ਨੂੰ,
ਕਰਣ ਜਿਹਾਂ ਦਾ ਵੀ ਸਾਹ ਸੁੱਕਦਾ ਸੀ।
ਉਹ ਪੰਜਾਬ ਦਾ ਸ਼ੇਰ, ਜੋ ਕੁੱਦ ਕੁੱਦ ਕੇ,
ਭੇੜਾਂ ਪਿੜਾਂ ਘਮਸਾਨਾਂ ਵਿਚ ਬੁੱਕਦਾ ਸੀ।
ਚੜ੍ਹਤ ਸਿੰਘ ਦੀ ਕੁਲ ਦਾ ਉਹ ਸੂਰਜ,
ਜਿਸ ਤੋਂ ਲਹਿੰਦੇ ਦਾ ਸੂਰਜ ਵੀ ਲੁੱਕਦਾ ਸੀ।
ਕਰ ਕੇ ਆਪਣੀ ਉਮਰ ਦਾ ਦਿਨ ਪੂਰਾ
ਰੱਬੀ ਹੁਕਮ ਅੰਦਰ ਜਦੋਂ ਲਹਿਣ ਲੱਗਾ,
ਕੋਲ ਸੱਦ ਕੇ ਤਾਜ ਦੇ ਹੀਰਿਆਂ ਨੂੰ,
ਘੜੀ ਅੰਤਲੀ ਤੇ ਏਦਾਂ ਕਹਿਣ ਲੱਗਾ :
ਮੇਰੇ ਮੱਖਣੋ! ਹੀਰਿਓ! ਪੰਨਿਓ! ਉਇ,
ਰਾਜ ਤਾਜ ਦੇ ਥੰਮ੍ਹ ਸਹਾਰਿਓ ਓਇ!
ਮੇਰੇ ਅਣਖੀਓ! ਸਿਦਕੀਓ! ਸਿਰੜੀ! ਓਇ,
ਮੇਰੀ ਸ਼ਾਹੀ ਦੇ ਚਾਨਣ ਮੁਨਾਰਿਓ ਓਇ!
ਮੇਰੀ ਜਿੱਤ ਤੇ ਜਬ੍ਹੇ ਦੇ ਸੂਬਿਓ ਓਇ,
ਚੜ੍ਹੀ ਪੀਂਘ ਮੇਰੀ ਦੇ ਹੁਲਾਰਿਓ ਓਇ!
ਮੇਰੇ ਚਮਕਦੇ ਚੰਨੋ ਤੇ ਸੂਰਜੋ ਓਇ,
ਮੇਰੀ ਜਿੰਦਾਂ ਦੇ ਨੈਣਾਂ ਦੇ ਤਾਰਿਓ ਓਇ!
ਗੁੱਡੀ 'ਮੈਂ' ਉਸ ਹੁਕਮ ਦੀ ਡੋਰ ਖਿੱਚੀ,
ਓਸੇ ਹੁਕਮ ਦਾ ਖਿੱਚਿਆ ਜਾ ਰਿਹਾ ਹਾਂ।
ਜੀਂਦੇ ਜੀ ਨਾ ਭੱਲਣਾ ਕਦੇ ਇਹਨੂੰ,
ਜਾਂਦਾ ਜਾਂਦਾ ਮੈਂ ਜੋ ਸਮਝਾ ਰਿਹਾ ਹਾਂ।
ਤੁਸੀਂ ਤੇਜ਼ ਤਲਵਾਰਾਂ ਹੋ ਅਣਖ ਭਰੀਆਂ,
ਕਦੇ ਵੇਖਣਾ ਆਪੋ ਵਿਚ ਖੜਕਣਾ ਨਾ।
ਤੁਸੀਂ ਤੀਰ ਅਣਿਆਲੇ ਹੋ ਵੈਰੀਆਂ ਲਈ,
ਆਪੋ ਵਿਚ ਹੀ ਵੱਜ ਕੇ ਰੜਕਣਾ ਨਾ।
ਤੁਸੀਂ ਬਿਜਲੀਆਂ ਹੋ ਸੂਰਮ-ਗਤੀ ਦੀਆਂ,
ਕਿਤੇ ਆਪਣੇ ਝੁੱਗੇ ਤੇ ਕੜਕਣਾ ਨਾ।
ਤੁਸੀਂ ਸੁੱਕਾ ਬਰੂਦ ਹੋ ਖ਼ਾਲਸਾ ਜੀ,
ਕਿਤੇ ਘਰ ਵਿਚ ਹੀ ਭੜਕਣਾ ਨਾ।
ਏਥੇ ਪੈਰ ਨਾ ਕਿਸੇ ਨੂੰ ਧਰਨ ਦੇਣਾ,
ਆਪ ਆਪ-ਹੁਦਰਾ ਪੈਰ ਪੁੱਟਣਾ ਨਾ।
ਰਹਿਣਾ ਫੁੱਲਾਂ ਦੇ ਵਾਂਗ ਪੰਜਾਬ ਅੰਦਰ,
ਜਥੇਬੰਦੀ ਦੀ ਟਹਿਣੀਓਂ ਟੁੱਟਣਾ ਨਾ।
ਹੱਕ ਮਾਰਨਾ ਮੂਲ ਨਾ ਹਿੰਦੂਆਂ ਦਾ
ਵਿਰਵਾ ਭੁਲ ਕੇ ਨਾ ਮੁਸਲਮਾਨ ਰੱਖਣਾ।
ਕਿਸੇ ਕੌਮ ਨੂੰ ਘੂਰਨਾ ਨਿੰਦਣਾ ਨਾ,
ਏਸੇ ਗੱਲ ਦਾ ਸਦਾ ਧਿਆਨ ਰੱਖਣਾ।
ਨੰਗੇ ਭੁੱਖੇ ਗ਼ਰੀਬ ਨਾ ਰਹਿਣ ਭੁੱਖੇ,
ਖੁੱਲ੍ਹਾ-ਡੁੱਲ੍ਹਾ ਖ਼ਜ਼ਾਨਿਓਂ ਦਾਨ ਰੱਖਣਾ।
ਜਿੱਤੇ ਕੋਈ 'ਦੁਰਯੋਧਨ' ਪੰਜਾਬ ਨੂੰ ਨਾ,

ਮੇਰੇ ਅਰਜਨਾਂ ਨੂੰ ਸਾਵਧਾਨ ਰੱਖਣਾ।
ਰਹਿਣਾ ਵਾਂਗ ਫੁੱਲਾਂ ਖਿੜੇ ਚੜ੍ਹੇ ਮਹਿਕੇ,
ਕਿਤੇ ਹਾਰ ਤੇ ਰੀਝ ਨਾ ਝੌਂ ਜਾਣਾ।
ਮਸੇਂ ਮਸੇਂ ਜਗਾ ਕੇ ਚੱਲਿਆ ਹਾਂ,
ਫੇਰ ਲੰਮੀਆਂ ਤਾਣ ਨਾ ਸੌਂ ਜਾਣਾ।
ਸੂਰਜ ਸਿਖ਼ਰ ਤੇ ਚਾੜ੍ਹ ਪੰਜਾਬੀਆਂ ਦਾ,
ਸੁੱਤੇ ਸ਼ੇਰ ਜਗਾ ਕੇ ਚੱਲਿਆ ਹਾਂ।
ਜਿਹੜੇ ਈਨ ਮਨਾਂਦੇ ਸੀ ਉਨ੍ਹਾਂ ਨੂੰ ਵੀ,
ਅੱਜ ਈਨ ਮਨਾ ਕੇ ਚੱਲਿਆ ਹਾਂ।
ਮੈਥੋਂ ਵਿੱਤ ਮੂਜਬ ਸਰੀ ਬਣੀ ਜਿਹੜੀ,
ਸੇਵਾ ਟਹਿਲ ਕਮਾ ਕੇ ਚੱਲਿਆ ਹਾਂ।
ਲਵੋ ਸਾਂਭੋ ਭਰਾਓ ਤੇ ਸੁਖੀ ਵੱਸੋ,
ਮੈਂ ਹੁਣ ਫ਼ਤਿਹ ਗਜਾ ਕੇ ਚੱਲਿਆ ਹਾਂ।
ਸਭੋ ਕੁਝ ਹੀ ਆਪ ਨੂੰ ਸੌਂਪਦਾ ਹਾਂ,
ਤੁਸਾਂ ਗੋਚਰੇ ਹੈਨ ਨਿਸ਼ਾਨ ਮੇਰੇ।
'ਤੀਰ' ਹੱਥ ਨਾ ਕਿਸੇ ਨੂੰ ਲਾਣ ਦੇਣਾ,
ਹੈਣ ਪੰਜੇ ਦਰਿਆ ਪ੍ਰਾਨ ਮੇਰੇ।

–0–

# ਵਾਤਾਵਰਨ ਦੀ ਸੰਭਾਲ

## ਕੂੜੇ ਦਾ ਨਿਪਟਾਰਾ

**-ਮਨਪ੍ਰੀਤ ਕੌਰ ਸੱਪਲ # 88725-26500**

ਸਾਡਾ ਵਾਤਾਵਰਨ ਜੀਵਿਤ ਅਤੇ ਨਿਰਜੀਵਿਤ ਦੋਵਾਂ ਵਸਤਾਂ ਦਾ ਸੁਮੇਲ ਹੈ। ਜੀਵਿਤ ਚੀਜ਼ਾਂ ਨਿਰਜੀਵਿਤ ਚੀਜ਼ਾਂ 'ਤੇ ਨਿਰਭਰ ਹਨ। ਪੌਦਿਆਂ ਵਰਗੀਆਂ ਜੀਵਿਤ ਚੀਜ਼ਾਂ ਨੂੰ ਪਾਣੀ, ਹਵਾ ਅਤੇ ਸੂਰਜ ਦੀ ਰੌਸ਼ਨੀ ਵਰਗੀਆਂ ਬੇਜਾਨ ਚੀਜ਼ਾਂ ਦੀ ਜ਼ਰੂਰਤ ਹੁੰਦੀ ਹੈ। ਮਨੁੱਖ ਵੀ ਹਵਾ, ਪਾਣੀ ਅਤੇ ਹੋਰ ਕੁਦਰਤੀ ਤੱਤਾਂ 'ਤੇ ਨਿਰਭਰ ਹੈ। ਇਸ ਲਈ ਦੋਹਾਂ ਵਿਚਕਾਰ ਸੰਤੁਲਨ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ। ਇਕ ਸਾਫ਼-ਸੁਥਰਾ ਵਾਤਾਵਰਨ ਜੀਵਿਤ ਅਤੇ ਨਿਰਜੀਵਿਤ ਦੋਹਾਂ ਲਈ ਸੁਖਾਲਾ ਮਹੌਲ ਪ੍ਰਦਾਨ ਕਰਦਾ ਹੈ, ਜਦ ਕਿ ਗੰਦਾ ਅਤੇ ਪ੍ਰਦੂਸ਼ਿਤ ਵਾਤਾਵਰਨ ਕੀਟਾਣੂਆਂ ਅਤੇ ਬਿਮਾਰੀਆਂ ਦਾ ਕਾਰਨ ਬਣਦਾ ਹੈ। ਇਹ ਵਾਤਾਵਰਨ ਦੇ ਵਿਗਾੜ ਦਾ ਕਾਰਨ ਬਣਦਾ ਹੈ।

ਅਸੀਂ ਰੋਜ਼ਾਨਾ ਕੂੜੇ ਦੀ ਵੱਡੀ ਮਾਤਰਾ ਪੈਦਾ ਕਰਦੇ ਹਾਂ। ਇਹ ਕੂੜਾ ਦੋ ਤਰ੍ਹਾਂ ਦਾ ਹੋ ਸਕਦਾ ਹੈ :

**ਬਾਇਓਡੀਗ੍ਰੇਡੇਬਲ ਕੂੜਾ :** ਜੀਵਿਤ ਜੀਵਾਂ ਦੀ ਰਹਿੰਦ ਖੂੰਹਦ ਤੋਂ ਬਣਿਆ ਹੁੰਦਾ ਹੈ। ਇਸ ਬੈਕਟੀਰੀਆ ਅਤੇ ਹੋਰ ਜੀਵਿਤ ਜੀਵਾਂ ਦੁਆਰਾ ਵਿਗਾੜਿਆ ਜਾ ਸਕਦਾ ਹੈ। ਇਸ ਨੂੰ ਬਾਇਓ ਵੇਸਟ ਵੀ ਕਿਹਾ ਜਾਂਦਾ ਹੈ। ਇਸ ਵਿਚ ਪੌਦਿਆਂ, ਜਾਨਵਰਾਂ, ਮਨੁੱਖਾਂ ਦੀ ਰਹਿੰਦ-ਖੂੰਹਦ ਆਦਿ ਸ਼ਾਮਿਲ ਹਨ।

**ਗ਼ੈਰ ਬਾਇਓਡੀਗ੍ਰੇਡੇਬਲ :** ਇਹ ਕੂੜਾ ਨਿਰਜੀਵ ਵਸਤਾਂ ਦੀ ਟੁੱਟ-ਭੱਜ ਤੋਂ ਪੈਦਾ ਹੁੰਦਾ ਹੈ। ਇਹ ਜੀਵਾਂ ਅਤੇ ਵਾਤਾਵਰਨ ਦੀ ਸੁਰੱਖਿਆ ਵਿਚ ਵਿਘਨ ਪਾਉਂਦਾ ਹੈ। ਜਿਵੇਂ ਕੱਚ, ਪਲਾਸਟਿਕ, ਸਕ੍ਰੈਪ ਮੈਟਲ, ਇਲੈਕਟ੍ਰੋਨਿਕ ਉਪਕਰਨ ਆਦਿ।

**ਕੂੜੇ ਦਾ ਨਿਪਟਾਰਾ :** ਵੱਡੇ ਸ਼ਹਿਰਾਂ ਵਿਚ ਬਹੁਤ ਸਾਰੀਆਂ ਸਥਾਨਕ ਏਜੰਸੀਆਂ ਕੂੜੇ ਨੂੰ ਇਕੱਠਾ ਕਰਨ ਅਤੇ ਨਿਪਟਾਰਾ ਕਰਨ ਦਾ ਕੰਮ ਕਰਦੀਆਂ ਹਨ। ਕੂੜੇ ਦੇ ਨਿਪਟਾਰੇ ਲਈ ਹੇਠ ਲਿਖੇ ਤਰੀਕੇ ਵਰਤੇ ਜਾ ਸਕਦੇ ਹਨ :

**ਜਲਾਉਣਾ :** ਇਸ ਤਰੀਕੇ ਰਾਹੀਂ ਕੂੜਾ ਪਹਿਲਾਂ ਇਕ ਜਗ੍ਹਾ 'ਤੇ ਇਕੱਠਾ ਕੀਤਾ ਜਾਂਦਾ ਹੈ ਅਤੇ ਫਿਰ ਇਸ ਨੂੰ ਸਾੜ ਦਿੱਤਾ ਜਾਂਦਾ ਹੈ। ਪਰ ਕਈ ਪ੍ਰਕਾਰ ਦੇ ਕੂੜੇ ਜਲਾਉਂਦੇ ਸਮੇਂ ਹਾਨੀਕਾਰਕ ਗੈਸਾਂ ਅਤੇ ਧੂੰਆਂ ਪੈਦਾ ਹੁੰਦਾ ਹੈ। ਇਹ ਤਰੀਕਾ ਬਹੁਤਾ ਕਾਰਗਰ ਨਹੀਂ ਹੈ ਅਤੇ ਇਸ 'ਤੇ ਪਾਬੰਦੀ ਲਗਾਉਣੀ ਚਾਹੀਦੀ ਹੈ।

**ਖੁੱਲ੍ਹਾ ਡੰਪਿੰਗ :** ਇਸ ਤਰੀਕੇ ਰਾਹੀਂ ਕੂੜੇ ਨੂੰ ਟਰੱਕਾਂ ਰਾਹੀਂ ਸ਼ਹਿਰ ਤੋਂ ਦੂਰ ਲਿਜਾਇਆ ਜਾਂਦਾ ਹੈ ਅਤੇ ਖੁੱਲ੍ਹੇ ਵਿਚ ਕੂੜੇ ਦਾ ਵੱਡਾ ਢੇਰ ਲਗਾ ਦਿੱਤਾ ਜਾਂਦਾ ਹੈ। ਪਰ ਨਿਪਟਾਰੇ ਦਾ ਇਹ ਤਰੀਕਾ ਵਾਤਾਵਰਨ ਨੂੰ ਪ੍ਰਦੂਸ਼ਿਤ ਕਰਦਾ ਹੈ।

**ਲੈਂਡਫਿਲ :** ਅਕਸਰ ਜ਼ਮੀਨ ਵਿਚ ਡੂੰਘੇ ਟੋਏ ਪੁੱਟੇ ਜਾਂਦੇ ਹਨ ਅਤੇ ਉਨ੍ਹਾਂ ਵਿਚ ਕੂੜਾ ਸੁੱਟਿਆ ਜਾਂਦਾ ਹੈ, ਜਦੋਂ ਇਹ ਭਰ ਜਾਂਦੇ ਹਨ ਤਾਂ ਇਹ ਟੋਏ ਮਿੱਟੀ ਨਾਲ ਢਕ ਦਿੱਤੇ ਜਾਂਦੇ ਹਨ। ਬਾਅਦ ਵਿਚ ਇਸ ਖੇਤਰ ਨੂੰ ਪਾਰਕ ਜਾਂ ਖੇਡ ਮੈਦਾਨ ਵਿਚ ਬਦਲ ਦਿੱਤਾ ਜਾਂਦਾ ਹੈ।

**ਖਾਦ :** ਇਹ ਵਿਧੀ ਆਮ ਤੌਰ 'ਤੇ ਪੇਂਡੂ ਖੇਤਰਾਂ ਵਿਚ ਵਰਤੀ ਜਾਂਦੀ ਹੈ। ਘਰ ਦੇ ਨੇੜੇ ਜ਼ਮੀਨ ਵਿਚ ਇਕ ਟੋਆ ਪੁੱਟਿਆ ਜਾਂਦਾ ਹੈ ਅਤੇ ਪਸ਼ੂਆਂ ਦਾ ਗੋਬਰ, ਕੂੜਾ-ਕਰਕਟ ਅਤੇ ਘਰੇਲੂ ਕੂੜਾ-ਕਚਰਾ ਇਸ ਟੋਏ ਵਿਚ ਸੁੱਟਿਆ



ਜਾਂਦਾ ਹੈ। ਕੁਝ ਸਮੇਂ ਬਾਅਦ ਇਹ ਕੂੜਾ ਰੂੜੀ ਵਿਚ ਬਦਲ ਜਾਂਦਾ ਹੈ। ਕਿਸਾਨ ਇਸ ਰੂੜੀ ਖਾਦ ਨੂੰ ਆਪਣੇ ਖੇਤਾਂ ਵਿਚ ਵਰਤ ਲੈਂਦੇ ਹਨ। ਇਹ ਕੂੜੇ ਦੇ ਨਿਪਟਾਰੇ ਦਾ ਇਕ ਵਧੀਆ ਤਰੀਕਾ ਹੈ।

**ਰੀਸਾਈਕਲਿੰਗ :** ਕਈ ਤਰ੍ਹਾਂ ਦੇ ਕੂੜੇ ਨੂੰ ਦੁਬਾਰਾ ਵਰਤੋਂ ਵਿਚ ਵੀ ਲਿਆਂਦਾ ਜਾ ਸਕਦਾ ਹੈ। ਕੂੜੇ ਨੂੰ ਦੁਬਾਰਾ ਵਰਤੋਂ ਵਿਚ ਲਿਆਉਣਾ ਰੀਸਾਈਕਲਿੰਗ ਹੈ। ਕਬਾੜੀਏ ਸਾਡੇ ਘਰਾਂ ਵਿਚ ਪੁਰਾਣਾ ਪਲਾਸਟਿਕ, ਕੱਚ, ਮੈਟਲ, ਕਾਗਜ਼ ਆਦਿ ਖ਼ਰੀਦ ਕੇ ਇਸ ਨੂੰ ਫੈਕਟਰੀਆਂ ਵਿਚ ਵੇਚਦੇ ਹਨ। ਫੈਕਟਰੀਆਂ ਵਿਚ ਇਸ ਸਕ੍ਰੈਪ ਨੂੰ ਸ਼ੁੱਧ ਕਰਕੇ ਜਾਂ ਢਾਲ ਕੇ ਨਵਾਂ ਸਾਮਾਨ ਤਿਆਰ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਗੰਦੇ ਪਾਣੀ ਨੂੰ ਵੀ ਰੀਸਾਈਕਲ ਕਰਕੇ ਇਹ ਪਾਣੀ ਪੌਦਿਆਂ ਨੂੰ ਦਿੱਤਾ ਜਾ ਸਕਦਾ ਹੈ।

**ਵਾਤਾਵਰਨ ਦੀ ਰੱਖਿਆ ਸਾਡਾ ਸਭ ਦਾ ਫ਼ਰਜ਼ :** ਸਾਨੂੰ ਸਭ ਨੂੰ ਵਾਤਾਵਰਨ ਦੀ ਸੰਭਾਲ ਲਈ ਯਤਨ ਜਾਰੀ ਰੱਖਣੇ ਚਾਹੀਦੇ ਹਨ। ਕਿਤੇ ਬਾਹਰ ਜਾਣ ਸਮੇਂ ਵੀ ਆਪਣੇ ਫ਼ਰਜ਼ ਸਮਝਦੇ ਹੋਏ ਫਲ ਸਬਜ਼ੀਆਂ ਦੇ ਛਿਲਕੇ ਅਤੇ ਖਾਲੀ ਪੈਕਟਾਂ ਨੂੰ ਰਸਤੇ ਵਿਚ ਨਾ ਸੁੱਟੀਏ। ਜਨਤਕ ਥਾਵਾਂ ਸੜਕਾਂ, ਪਾਰਕਾਂ ਆਦਿ ਵਿਚ ਵੀ ਕੂੜਾ ਨਾ ਸੁੱਟੀਏ ਅਤੇ ਪਿਸ਼ਾਬ ਕਰਨ ਅਤੇ ਥੁੱਕਣ ਤੋਂ ਪ੍ਰਹੇਜ਼ ਕਰੀਏ। ਹਮੇਸ਼ਾ ਕੋਸ਼ਿਸ਼ ਕਰੀਏ ਕਿ ਪਾਣੀ, ਹਵਾ ਅਤੇ ਕੁਦਰਤੀ ਸਰੋਤਾਂ ਦੇ ਨਾਲ-ਨਾਲ ਸਭ ਤਰ੍ਹਾਂ ਦੇ ਊਰਜਾ ਦੇਣ ਵਾਲੇ ਸਰੋਤਾਂ ਦੀ ਸੰਜਮ ਨਾਲ ਵਰਤੋਂ ਕਰੀਏ। ਟੂਟੀਆਂ ਨੂੰ ਚਲਦਾ ਨਾ ਛੱਡੀਏ। ਬਾਇਓਡੀਗ੍ਰੇਡੇਬਲ ਅਤੇ ਗ਼ੈਰ-ਬਾਇਓਡੀਗ੍ਰੇਡੇਬਲ ਕੂੜੇ ਨੂੰ ਵੱਖੋ-ਵੱਖਰਾ ਇਕੱਠਾ ਕਰਕੇ ਨਿਪਟਾਰਾ ਕਰੀਏ। ਕੂੜੇ ਨੂੰ ਖੁੱਲ੍ਹੇ ਵਿਚ ਨਾ ਸੁੱਟੀਏ। ਕੂੜੇਦਾਨ ਅਤੇ ਕੂੜਾ-ਟੋਕਰੀਆਂ ਦਾ ਇਸਤੇਮਾਲ ਕਰੀਏ। ਕੂੜੇ ਦਾ ਪ੍ਰਭਾਵਸ਼ਾਲੀ ਢੰਗ ਨਾਲ ਨਿਪਟਾਰਾ ਕਰੀਏ ਕਿ ਇਹ ਕਿਸੇ ਵੀ ਪ੍ਰਾਣੀ ਦੇ ਨੁਕਸਾਨ ਦਾ ਕਾਰਨ ਨਾ ਬਣੇ। ਫਲ ਸਬਜ਼ੀ ਦੇ ਛਿਲਕੇ ਨਾਲ ਤਿੱਖੀਆਂ ਚੀਜ਼ਾਂ ਨੂੰ ਮਿਲਾ ਕੇ ਨਾ ਸੁੱਟੀਏ।

**ਈਵੇਸਟ :** ਇਲੈਕਟ੍ਰਾਨਿਕ ਕੂੜਾ ਵਿਸ਼ਵ ਦੀ ਵੱਡੀ ਸਮੱਸਿਆ ਬਣਦਾ ਰਿਹਾ ਹੈ ਅਤੇ ਇਹ ਬਹੁਤ ਤੇਜ਼ੀ ਨਾਲ ਵਧ ਰਿਹਾ ਹੈ। ਸਾਡੇ ਸੈੱਲ ਫੋਨਾਂ ਤੋਂ ਲੈ ਕੇ ਆਈਪੌਡ, ਲੈਪਟੌਪ, ਟੈਲੀਵਿਜ਼ਨ, ਕੰਪਿਊਟਰ, ਪ੍ਰਿੰਟਰ ਆਦਿ ਹਰ ਤਰ੍ਹਾਂ ਦੇ ਇਲੈਕਟ੍ਰੋਨਿਕ ਉਪਕਰਨ ਈਵੇਸਟ ਪੈਦਾ ਕਰਦੇ ਹਨ, ਜਿਸ ਨੂੰ ਰੀਸਾਈਕਲ ਜਾਂ ਨਿਪਟਾਉਣਾ ਬਹੁਤ ਹੀ ਔਖਾ ਹੈ।

-0-

## ਗੁਰਮਤਿ ਪ੍ਰਚਾਰ ਕੇਂਦਰ ਵਿੰਗ (ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਲੁਧਿਆਣਾ) ਵਲੋਂ

# ਸਾਲ 2025 ਦੌਰਾਨ ਲਗਾਏ ਗਏ ਗੁਰਮਤਿ ਪ੍ਰਸਾਰ/ ਨੈਤਿਕ ਵਿਦਿਆ ਦੇ ਕੈਂਪਾਂ ਦੀ ਸੰਖੇਪ ਰਿਪੋਰਟ

| ਨੰ. | ਮਿਤੀ | ਸਥਾਨ/ਸਕੂਲ | ਕੁੱਲ ਬੱਚੇ | ਸਹਿਯੋਗੀ |
|---|---|---|---|---|
| 1. | 1 ਮਈ | ਚੀਚਾ (4 ਸਕੂਲਾਂ 'ਚ), ਅੰਮ੍ਰਿਤਸਰ | 500 | ਨਛੱਤਰ ਸਿੰਘ |
| 2. | 1 ਮਈ ਤੋਂ 3 ਮਈ | ਸਾਹਿਬ ਪਬਲਿਕ ਸਕੂਲ, ਲੁਧਿਆਣਾ | 200 | ਕੈਪਟਨ ਅਵਤਾਰ ਸਿੰਘ |
| 3. | 5 ਮਈ ਤੋਂ 25 ਜੂਨ | ਸ਼ਾਹਪੁਰਾ, ਬੜਵਾਨੀ | 25 | ਰੋਹਿਤ ਸਿੰਘ |
| 4. | 5 ਮਈ ਤੋਂ 26 ਜੂਨ | ਉਮਰਟੀ, ਬੜਵਾਨੀ | 150 | ਰੋਹਿਤ ਸਿੰਘ |
| 5. | 7 ਮਈ ਤੋਂ 8 ਮਈ | ਸਾਈਂ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਲੁਧਿਆਣਾ | 980 | ਕੈਪਟਨ ਅਵਤਾਰ ਸਿੰਘ |
| 6. | 9 ਮਈ ਤੋਂ 24 ਜੂਨ | ਸਿਗਨੂਰ, ਖਰਗੋਨ | 80 | ਰੋਹਿਤ ਸਿੰਘ |
| 7. | 10 ਮਈ ਤੋਂ 24 ਜੂਨ | ਖਕਨਾਰ, ਬੁਰਹਾਨਪੁਰ | 30 | ਰੋਹਿਤ ਸਿੰਘ |
| 8. | 10 ਮਈ ਤੋਂ 24 ਜੂਨ | ਪਾਂਗਰੀ, ਬੁਰਹਾਨਪੁਰ | 30 | ਰੋਹਿਤ ਸਿੰਘ |
| 9. | 10 ਮਈ ਤੋਂ 24 ਜੂਨ | ਪਾਚੌਰੀ, ਬੁਰਹਾਨਪੁਰ | 150 | ਰੋਹਿਤ ਸਿੰਘ |
| 10. | 11 ਮਈ ਤੋਂ 15 ਜੂਨ | ਬਠਿੰਡਾ (ਖਾਸ) | 170 | ਨਛੱਤਰ ਸਿੰਘ, ਰਜਿੰਦਰ ਸਿੰਘ ਤੇ ਕੁਲਵਿੰਦਰ ਸਿੰਘ |
| 11. | 14 ਮਈ | ਮੈਰੀ ਮੈਂਟ ਪਬਲਿਕ ਸਕੂਲ, ਲੁਧਿਆਣਾ | 700 | ਕੈਪਟਨ ਅਵਤਾਰ ਸਿੰਘ |
| 12. | 20 ਮਈ ਤੋਂ 25 ਜੂਨ | ਖੁਰਮਾਬਾਦ, ਬੜਵਾਨੀ | 25 | ਰੋਹਿਤ ਸਿੰਘ |
| 13. | 24 ਮਈ ਤੋਂ 30 ਮਈ | ਗੁਰਦੁਆਰਾ ਕਲਗੀਧਰ ਸਾਹਿਬ ਸ਼ਿਮਲਾਪੁਰੀ, ਲੁਧਿਆਣਾ | 70 | ਕੈਪਟਨ ਅਵਤਾਰ ਸਿੰਘ |
| 14. | 26 ਮਈ ਤੋਂ 30 ਮਈ | ਬੱਲੋਕੇ, ਬਠਿੰਡਾ | 45 | ਨਛੱਤਰ ਸਿੰਘ, ਰਜਿੰਦਰ ਸਿੰਘ ਤੇ ਕੁਲਵਿੰਦਰ ਸਿੰਘ |
| 15. | 26 ਮਈ ਤੋਂ 30 ਮਈ | ਧਿੰਗੜ, ਬਠਿੰਡਾ | 200 | ਨਛੱਤਰ ਸਿੰਘ ਤੇ ਕੁਲਵਿੰਦਰ ਸਿੰਘ |
| 16. | 26 ਮਈ ਤੋਂ 30 ਮਈ | ਬੱਲ੍ਹੋ (ਕਾਲਜ) | 60 | ਨਛੱਤਰ ਸਿੰਘ |
| 17. | 27 ਮਈ | ਰਾਈਆ, ਬਠਿੰਡਾ | 50 | ਨਛੱਤਰ ਸਿੰਘ |
| 18. | 28 ਮਈ | ਢਪਾਲੀ, ਬਠਿੰਡਾ | 150 | ਨਛੱਤਰ ਸਿੰਘ |
| 19. | 30 ਮਈ ਤੋਂ 1 ਜੂਨ | ਅੱਜੋਵਾਲ, ਹੁਸ਼ਿਆਰਪੁਰ | 200 | ਨਛੱਤਰ ਸਿੰਘ |
| 20. | 2 ਜੂਨ ਤੋਂ 6 ਜੂਨ | ਜੰਗਪੁਰਾ, ਮੋਹਾਲੀ | 150 | ਨਛੱਤਰ ਸਿੰਘ ਤੇ ਕੁਲਵਿੰਦਰ ਸਿੰਘ |
| 21. | 3 ਜੂਨ ਤੋਂ 9 ਜੂਨ | ਪਿਲਖਣੀ, ਰਾਜਪੁਰਾ | 250 | ਨਛੱਤਰ ਸਿੰਘ ਤੇ ਕੁਲਵਿੰਦਰ ਸਿੰਘ |
| 22. | 9 ਜੂਨ ਤੋਂ 14 ਜੂਨ | ਬੀਬੀ ਵਾਲਾ, ਬਠਿੰਡਾ | 35 | ਨਛੱਤਰ ਸਿੰਘ ਤੇ ਰਜਿੰਦਰ ਸਿੰਘ ਤੇ ਕੁਲਵਿੰਦਰ ਸਿੰਘ |
| 23. | 9 ਜੂਨ ਤੋਂ 14 ਜੂਨ | ਭੋਖੜਾ, ਬਠਿੰਡਾ | 40 | ਨਛੱਤਰ ਸਿੰਘ ਤੇ ਰਜਿੰਦਰ ਸਿੰਘ ਤੇ ਕੁਲਵਿੰਦਰ ਸਿੰਘ |
| 24. | 9 ਜੂਨ ਤੋਂ 14 ਜੂਨ | ਕੋਠੇ ਅਰੁਪਰਾ ,ਬਠਿੰਡਾ | 50 | ਨਛੱਤਰ ਸਿੰਘ ਤੇ ਰਜਿੰਦਰ ਸਿੰਘ ਤੇ ਕੁਲਵਿੰਦਰ ਸਿੰਘ |
| 25. | 9 ਜੂਨ ਤੋਂ 14 ਜੂਨ | ਦਿਲਵਾਂ, ਬਠਿੰਡਾ | 30 | ਨਛੱਤਰ ਸਿੰਘ ਤੇ ਰਜਿੰਦਰ ਸਿੰਘ ਤੇ ਕੁਲਵਿੰਦਰ ਸਿੰਘ |
| 26. | 9 ਜੂਨ ਤੋਂ 14 ਜੂਨ | ਸਿਵਿਆ, ਬਠਿੰਡਾ | 50 | ਨਛੱਤਰ ਸਿੰਘ ਤੇ ਰਜਿੰਦਰ ਸਿੰਘ ਤੇ ਕੁਲਵਿੰਦਰ ਸਿੰਘ |
| 27. | 9 ਜੂਨ ਤੋਂ 14 ਜੂਨ | ਗੋਬਿੰਦਪੁਰਾ, ਬਠਿੰਡਾ | 25 | ਨਛੱਤਰ ਸਿੰਘ ਤੇ ਰਜਿੰਦਰ ਸਿੰਘ ਤੇ ਕੁਲਵਿੰਦਰ ਸਿੰਘ |
| 28. | 9 ਜੂਨ ਤੋਂ 14 ਜੂਨ | ਤੁੰਗਵਾਲੀ, ਬਠਿੰਡਾ | 100 | ਨਛੱਤਰ ਸਿੰਘ ਤੇ ਰਜਿੰਦਰ ਸਿੰਘ ਤੇ ਕੁਲਵਿੰਦਰ ਸਿੰਘ |
| 29. | 9 ਜੂਨ ਤੋਂ 14 ਜੂਨ | ਗਿੱਲ ਪੱਤੀ, ਬਠਿੰਡਾ | 35 | ਨਛੱਤਰ ਸਿੰਘ ਤੇ ਰਜਿੰਦਰ ਸਿੰਘ ਤੇ ਕੁਲਵਿੰਦਰ ਸਿੰਘ |
| 30. | 9 ਜੂਨ ਤੋਂ 14 ਜੂਨ | ਜੋਗਾਨੰਦ, ਬਠਿੰਡਾ | 85 | ਨਛੱਤਰ ਸਿੰਘ ਤੇ ਰਜਿੰਦਰ ਸਿੰਘ ਤੇ ਕੁਲਵਿੰਦਰ ਸਿੰਘ |
| 31. | 16 ਜੂਨ ਤੋਂ 21 ਜੂਨ | ਹੁਸੈਨਪੁਰ, ਨਕੋਦਰ | 60 | ਨਛੱਤਰ ਸਿੰਘ ਤੇ ਕੁਲਵਿੰਦਰ ਸਿੰਘ |
| 32. | 16 ਜੂਨ ਤੋਂ 21 ਜੂਨ | ਗੁ: ਸ੍ਰੀ ਗੁਰੂ ਸਿੰਘ ਸਭਾ 1984, ਦੁੱਗਰੀ ਫੇਸ-1, ਲੁਧਿਆਣਾ | 20 | ਮਨਜੀਤ ਸਿੰਘ |

# अरदास की शक्ति

**अमृत पाल बंसल, लुधियाणा**

श्री गुरू ग्रंथ साहिब जी के पावन अंग – 714 पर गुरबाणी का फ़ुरमान है:

**तीने ताप निवारणहारा दुख हंता सुख रास।।**
**ता कऊ बिघन न कोऊ लागै जा की प्रभु आगै अरदासि।।**

भाव: हे भाई! परमात्मा का नाम मनुष्य के भीतर से आधि, विआधि तथा उपाधि तीनों ही ताप दूर करने वाला है, सभी दुखों का नाश करने वाला है और सुखों का भंडार (सरमाया) है। जिस मनुष्य की अरदास प्रभु के द्वार पर जाती है और जो परमात्मा के आगे अरदास करता है, उस को जीवन के मार्ग में कोई रूकावट नहीं आती।



बड़े बड़े ऋृषि मुनियों तथा संत महापुरूषों का मानना है कि प्रभु के आगे अरदास करने से मनुष्य को पाजिटिव इनर्जी (positive Energy) मिलती है। अगर परमात्मा से मिलाप करना हो तो परमात्मा की अरदास आराधना करना अति आवश्यक है। अरदास ही एक सहज तथा सुगम साधन है, जिस से मनुष्य संघर्षमई जीवन में विजयी होकर, अपने परम उदेश्य परमात्मा की प्राप्ती कर सकता है। अरदास करने से मनुष्य को शान्ति मिलती है और वह अपने जीवन को निरंतर सफलता की तरफ बढाता है। अरदास एक ऐसी प्रक्रिया है, जिस को कोई भी व्यक्ति, किसी भी समय और किसी भी स्थान पर कर सकता है। विश्व के प्रत्येक धर्म में प्रभु की अरदास, प्रार्थना, गुणगान, सहायता के लिए पुकार, मार्ग दर्शन की इच्छा और दूसरों की भलाई के लिए प्रार्थना इत्यादि करना, सब से पहली तथा आवश्यक शिक्षा है। इन्सान की फितरत (स्वभाव) ही ऐसी है कि जीवन के बुरे वक्त में ही, उसको प्रभु की याद आती है, तो फिर वह प्रभु की शरण में जाकर, उसके आगे कामना पूर्ति के लिए अरदास करता है।

समझने के लिए एक उदाहरण लेते हैं, जैसे एक हिरणी (मृगी) अपने बच्चों के साथ, जंगल के रास्ते, जल की तलाश के लिए जा रही थी। एक शिकारी की नज़र हिरणी तथा उसके बच्चों पर पड़ी। उसने बड़ी तेजी से हिरणी तथा उसके बच्चों को पकड़ने के लिए, जंगल के एक तरफ जाल लगा दिया। दूसरी तरफ अपना कुत्ता खड़ा कर दिया तथा तीसरी तरफ झाड़िओं को आग लगा दी तथा चौथी तरफ बंदूक पकड़ कर खड़ा हो गया। जब हिरणी ने चारों तरफ देखा, तो सोचा कि अब मेरा तथा मेरे बच्चों का बचकर निकलना मुश्किल है। अब यह शिकारी मेरे बच्चों को तथा मुझे मार देगा। एक दम परमात्मा को याद किया तथा परमात्मा के चरनों में अरदास की, हे सब की रक्षा करने वाले परमेश्वर! अब मेरा तथा मेरे बच्चों का इस घेरे में से निकलना असंभव (नामुमकिन) है। हे परमात्मा! अब मैं तेरी शरण में आई हूँ, मेरा नहीं तो इन मासूम बच्चों का वास्ता, अब आप ही हमारी रक्षा कर सकते है। शेष तो अन्य कोई चारा या सहारा नहीं रहा, बचकर निकलने का। श्री गुरू ग्रंथ साहिब जी में, श्री गुरू अरजन साहिब जी ने सिरीरागु में अपना इलाही शब्द दर्ज किया है:

**जा कऊ मुसकल अति बणै ढोई कोइ ना देइ।।**
**लागू होए दुसमना साक भि भजि खलै।।**
**सभो भजै आसरा चुकै सभु असराऊ।।**
**चिति आवै उसु पारब्रहमु लगै न तती वाऊ।।1।।**

(अंग 70)

शेष पृष्ठ 35 पर

| | | | | |
|---|---|---|---|---|
| ➡33. | 17 ਜੂਨ ਤੋਂ 20 ਜੂਨ | ਹੇਰਾਂ, ਨਕੋਦਰ | 20 | ਨਛੱਤਰ ਸਿੰਘ |
| 34. | 17 ਜੂਨ ਤੋਂ 21 ਜੂਨ | ਚੱਕ ਕਲਾਂ, ਨਕੋਦਰ | 300 | ਨਛੱਤਰ ਸਿੰਘ ਤੇ ਕੁਲਵਿੰਦਰ ਸਿੰਘ |
| 35. | 17 ਜੂਨ ਤੋਂ 20 ਜੂਨ | ਚੱਕ ਖੁਰਦ, ਨਕੋਦਰ | 35 | ਨਛੱਤਰ ਸਿੰਘ ਤੇ ਕੁਲਵਿੰਦਰ ਸਿੰਘ |
| 36. | 21 ਜੂਨ ਤੋਂ 25 ਜੂਨ | ਬੀਘੜ, ਹਰਿਆਣਾ | 60 | ਨਛੱਤਰ ਸਿੰਘ ਤੇ ਰਜਿੰਦਰ ਸਿੰਘ |
| 37. | 26 ਜੂਨ ਤੋਂ 30 ਜੂਨ | ਰੂੜੇ ਆਸਲ, ਤਰਨ ਤਾਰਨ | 60 | ਨਛੱਤਰ ਸਿੰਘ |
| 38. | 26 ਜੂਨ ਤੋਂ 30 ਜੂਨ | ਪਲਾਸੌਰ ਕਲਾਂ, ਤਰਨ ਤਾਰਨ | 190 | ਨਛੱਤਰ ਸਿੰਘ |
| 39. | 26 ਜੂਨ ਤੋਂ 30 ਜੂਨ | ਫਾਇਲ ਗੁਰਦੁਆਰਾ ਕਲਗੀਧਰ ਸਾਹਿਬ, ਲੁਧਿਆਣਾ | 50 | ਮਨਜੀਤ ਸਿੰਘ |

# Bhagat Surdas Ji

-Amrit Paul Bansal, Ludhiana

**Thus fifth patshah Sri Guru arjun Sahib ji has given the Greatest honour to Bhagat Surdas ji, by incorporating merely above one line of Bhagat Surdas ji in Sri Guru Granth sahib ji and Bhagat ji has been included among the 36 composers (Holymen) of bani of Sri Guru Granth sahib ji-the everlasting Guru of human race. In this way, this one Divine line of Bhagat Surdas ji, has the status of "Guru" to be worshiped for a sikh.**

Bhagat Surdas Ji was a poet, saint, musician and Gurmukh known for his devotional songs in the glory of the Divine. He Is said to have been blind from birth. He is traditionally believed to have lived from 1483 to 1573 in Vrindavan near Mathura. A devotee of God, Bhagat Surdas Ji was a follower of Gurmat Philosophy. His utmost devotion for the concentration on the recitation of the Divine Name, led him to realise the Divine within and everywhere. He was another influential Bhagat in the Bhagti Movement in South Asia. According to some scholars, Bhagat ji was follower of Guru Vallabha Charya who was prominent among Ashatshap poets of Radha Vallabh Sect. He is considered to be the composer of great Granth "Sur Sagar". He was Krishan devotee and came into the hermitage of Guru Vallabha Charya merely in the age of ten years. He remained engaged in composing the stanzas in the meditation of Lord Krishana and delighted the devotees through devotional singing in the praise of God. Only one line, composed by Bhagat Surdas Ji has been incorporated in Sri Guru Granth Sahib Ji on holy page 1253 without any title. He provides the following revelation.

ਛਾਡਿ ਮਨ ਹਰਿ ਬਿਮੁਖਨ ਕੋ ਸੰਗੁ ॥ (1253)

O mind, do not even associate with those who have turned their backs on the Lord.

**This single line is the Philosphy of Gurmat**

Bhagat Surdas is speaking to his mind, According to the Scholars of Gurbani, the above one line is composed by Bhagat Surdas Ji in Braj language and a hymn written after that is also in Braj language, is composed by the Fifth Patshah, Sri Guru Arjan Sahib Ji in the name of Bhagat Surdas Ji in Raga Saarang, which is as under:

ਸਾਰੰਗ ਮਹਲਾ 5 ਸੂਰਦਾਸ ॥

Saarang, Fifth mehla, Surdas

ੴ ਸਤਿਗੁਰ ਪ੍ਰਸਾਦਿ ॥

One universal creator God. By the Grace of The True Guru

ਹਰਿ ਕੇ ਸੰਗ ਬਸੇ ਹਰਿ ਲੋਕ ॥

The people of the Lord dwell with the Lord.

ਤਨੁ ਮਨੁ ਅਰਪਿ ਸਰਬਸੁ ਸਭੁ ਅਰਪਿਓ ਅਨਦ ਸਹਜ ਧੁਨਿ ਝੋਕ ॥ 1 ॥ ਰਹਾਉ ॥

They dedicate their mind and bodies to him; they dedicate everything to Him. They are intoxicated with the celestial melody of intuitive ecstasy. ॥ 1 ॥ Pause ॥

ਦਰਸਨੁ ਪੇਖਿ ਭਏ ਨਿਰਬਿਖਈ ਪਾਏ ਹੈ ਸਗਲੇ ਥੋਕ ॥

Gazing upon the blessed Vision of the lord's Darshan,they are cleansed of corruption. They obtain absolutely everything.

ਆਨ ਬਸਤੁ ਸਿਉ ਕਾਜੁ ਨ ਕਛੂਐ ਸੁੰਦਰ ਬਦਨ ਅਲੋਕ ॥ 1 ॥

They have nothing to do with anything else; they gaze on the beauteous face of the God. ॥ 1 ॥

ਸਿਆਮ ਸੁੰਦਰ ਤਜਿ ਆਨ ਜੁ ਚਾਹਤਜਿਉ ਕੁਸਟੀ ਤਨਿ ਜੋਕ ॥

But one who forsakes the elegantly beautiful Lord (Shyam Sundar), and harbour desire for anything else, is like a leech on the body of a leper.

ਸੂਰਦਾਸ ਮਨੁ ਪ੍ਰਭਿ ਹਥਿ ਲੀਨੋ ਦੀਨੋ ਇਹੁ ਪਰਲੋਕ ॥ 2 ॥ 1 ॥ 8 ॥ (1253)

Says Surdas, God has taken my mind in His Hands. He has blessed me with the world beyond. ॥ 2 ॥ 1 ॥ 8 ॥

Bhagat Surdas is saying, O! My Mind (Attention), do not follow the people, do not follow such religions, donot follow the such ways, which have turned their back to Lord, who do not know, what their inner soul is, who do not know why they are born to earth. If you are in their company, then leave company of those people, because such company will spoil your life and you will have to come again and again on earth. Gurbani hymns appearing on holy page-66 and page-755 of Sri Guru Granth Sahib Ji, endorse view point of Bhagat Surdas ji as under.

ਮਨਮੁਖ ਊਭੇ ਸੁਕਿ ਗਏ ਨਾ ਫਲੁ ਤਿੰਨਾ ਛਾਉ ॥ ਤਿੰਨਾ ਪਾਸਿ ਨ ਬੈਸੀਐ ਓਨਾ ਘਰੁ ਨ ਗਿਰਾਉ ॥ (66)

The self-willed manmukhs stand there and dry up, they do not bear any fruit and they do not provide any shade. Do not even bother to sit near them- they have no home or village.

ਮਨਮੁਖ ਮਨੁ ਨ ਭੀਜਈ ਅਤਿ ਮੈਲੇ ਚਿਤਿ

**ਕਠੋਰ॥ ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ॥ (755)**

The mind of the self-willed manmukh is not softened; his consciousness is totally polluted and stone hearted. Even if the venomous snake is fed on milk, it still be filled with poison.

Therefore, leave the company of darkness and have company with the light, the people who can teach you Gurmat; people who are Gurmukhs. Even find and listen to inner soul, if you can not listen to your inner soul then you are bemukhan. Bemukhan people are those who have turned their backs from God and Gurmat. From the meaning of above hymn, it becomes clear that this hymn is present in the form of text answer of the above one line of Bhagat Surdas ji.

Thus fifth patshah Sri Guru arjun Sahib ji has given the Greatest honour to Bhagat Surdas ji, by incorporating merely above one line of Bhagat Surdas ji in Sri Guru Granth sahib ji and Bhagat ji has been included among the 36 composers (Holymen) of bani of Sri Guru Granth sahib ji-**the everlasting Guru of human race. In this way, this one Divine line of Bhagat Surdas ji, has the status of "Guru" to be worshiped for a sikh.**

**-0-**

### ਸਫਾ 28 ਦਾ ਬਾਕੀ

ਵਾਲਿਆਂ ਦੇ ਤਾਹਨੇ ਮਿਹਣਿਆਂ ਕਾਰਨ ਉਹ ਉਨ੍ਹਾਂ ਨੂੰ ਕੁਟਦਾ ਮਾਰਦਾ ਰਹਿੰਦਾ ਸੀ ਤੇ ਇੱਕ ਦਿਨ ਉਹ ਅਚਾਨਕ ਗਾਇਬ ਹੋ ਗਿਆ। ਨਾਮੋ ਤੇ ਸ਼ਾਮੋ ਨੇ ਖੇਖਣ ਜਿਹੇ ਕਰ ਕੇ ਰੋਣਾ ਧੋਣਾ ਕੀਤਾ ਤੇ ਥਾਣੇ ਰਿਪੋਰਟ ਦਰਜ਼ ਕਰ ਦਿੱਤੀ। ਪਿੰਡ ਵਾਲਿਆਂ ਨੂੰ ਉਦੋਂ ਹੀ ਸ਼ੱਕ ਸੀ ਕਿ ਅੰਬੇ ਨੂੰ ਇਨ੍ਹਾਂ ਦੋਵਾਂ ਭੈਣਾਂ ਨੇ ਹੀ ਗਾਇਬ ਕੀਤਾ ਹੈ ਪਰ ਉਨ੍ਹਾਂ ਬਦਮਾਸ਼ ਜਨਾਨੀਆਂ ਤੋਂ ਡਰਦੇ ਮਾਰੇ ਨਾ ਤਾਂ ਪਿੰਡ ਵਾਲੇ ਬੋਲੇ ਤੇ ਨਾ ਹੀ ਉਨ੍ਹਾਂ ਦੀ ਮਾਂ। ਪੁਲਿਸ ਨੇ ਗੁੰਮਸ਼ੁਦਗੀ ਦੀ ਰਿਪੋਰਟ ਦਰਜ਼ ਕਰ ਦਿੱਤੀ ਤੇ ਸਾਰੇ ਇਸ ਕੇਸ ਬਾਰੇ ਭੁੱਲ ਭੁਲਾ ਗਏ।

ਦੋ ਚਾਰ ਮਹੀਨਿਆਂ ਵਿੱਚ ਹੀ ਨਾਮੋ ਤੇ ਸ਼ਾਮੋ ਨੇ ਆਪਣੇ ਪ੍ਰੇਮੀਆਂ ਨਾਲ ਵਿਆਹ ਕਰਾ ਲਏ ਤੇ ਜ਼ਮੀਨ ਸਮੇਤ ਘਰ ਵੇਚ ਵੱਟ ਕੇ ਆਪਣੀ ਮਾਂ ਨੂੰ ਨਾਲ ਹੀ ਲੈ ਗਈਆਂ। ਆਪਣੇ ਪੁੱਤ ਦੇ ਵਿਯੋਗ ਵਿੱਚ ਲਾਚਾਰ ਮਾਂ ਵੀ ਸਾਲ ਕੁ ਬਾਅਦ ਹੀ ਮਰ ਗਈ ਜਾਂ ਉਨ੍ਹਾਂ ਨੇ ਮਾਰ ਦਿੱਤੀ। ਸਰਪੰਚ ਨੇ ਕਿਹਾ ਕਿ ਉਸ ਨੂੰ ਪੱਕਾ ਸ਼ੱਕ ਹੈ ਕਿ ਇਹ ਲਾਸ਼ ਅੰਬੇ ਦੀ ਹੈ ਕਿਉਂਕਿ ਜਿੱਥੇ ਨੀਹਾਂ ਪੁੱਟੀਆਂ ਜਾ ਰਹੀਆਂ ਸਨ, ਉਥੇ ਪਹਿਲਾਂ ਕੱਚਾ ਵਿਹੜਾ ਹੁੰਦਾ ਸੀ। ਜਦੋਂ ਨਾਮੋ ਤੇ ਸ਼ਾਮੋ ਨੂੰ ਪਕੜ ਕੇ ਥਾਣੇ ਲਿਆਂਦਾ ਗਿਆ ਤਾਂ ਉਨ੍ਹਾਂ ਨੂੰ ਯਕੀਨ ਨਾ ਆਵੇ ਕਿ ਨੌਂ ਦਸ ਸਾਲ ਪਹਿਲਾਂ ਦੱਬੀ ਭਰਾ ਦੀ ਲਾਸ਼ ਨੇ ਉਨ੍ਹਾਂ ਨੂੰ ਫਸਾ ਦਿੱਤਾ ਹੈ। ਉਹ ਥੋੜ੍ਹੀ ਜਿਹੀ ਸਖਤੀ ਨਾਲ ਹੀ ਮੰਨ ਗਈਆਂ ਕਿ ਉਨ੍ਹਾਂ ਨੇ ਪਹਿਲਾਂ ਨੀਂਦ ਦੀਆਂ ਗੋਲੀਆਂ ਚਾਹ ਵਿੱਚ ਪਾ ਕੇ ਅੰਬੇ ਨੂੰ ਦਿੱਤੀਆਂ ਸਨ ਫਿਰ ਗਲ ਘੁੱਟ ਕੇ ਉਸ ਦੀ ਹੱਤਿਆ ਕਰ ਦਿੱਤੀ। ਲਾਸ਼ ਨੂੰ ਦਬਾਉਣ ਦਾ ਕੰਮ ਜ਼ਮੀਨ ਦੇ ਲਾਲਚ ਵਿੱਚ ਉਨ੍ਹਾਂ ਦੇ ਪ੍ਰੇਮੀਆਂ ਨੇ ਕੀਤਾ ਸੀ ਜੋ ਉਨ੍ਹਾਂ ਦੇ ਮੌਜੂਦਾ ਪਤੀ ਸਨ। ਪਿੰਡ ਦਾ ਕੋਈ ਬੰਦਾ ਗਵਾਹੀ ਦੇਣ ਲਈ ਤਿਆਰ ਨਾ ਹੋਇਆ ਜਿਸ ਕਾਰਨ ਮੈਂ ਡੀ.ਐਨ.ਏ. ਟੈਸਟ ਕਰਾ ਕੇ ਕੇਸ ਤਿਆਰ ਕੀਤਾ ਜਿਸ ਦੀ ਬਿਨਾਂ 'ਤੇ ਚਾਰਾਂ ਨੂੰ ਸ਼ੈਸ਼ਨ ਕੋਰਟ ਤੋਂ ਉਮਰ ਕੈਦ ਦੀ ਸਜ਼ਾ ਸੁਣਾਈ ਗਈ। -0-

### पृष्ठ 33 का शेष

भाव: जिस मनुष्य पर कोई बड़ा भारी संकट (विपता) आ जाए तथा जिस से बचने के लिए कोई भी उसको सहारा ना दे, शत्रु उसके मारू बन जाएं, उसके साक-संबंधी (रिशतेदार), उसको छोड़ कर भाग जाएं, उसका प्रत्येक तरह का आसरा समाप्त हो जाए तथा हर तरह का सहारा नष्ट हो जाए, अगर उस विपता के मारे मनुष्य के हृदय में परमात्मा याद आ जाए और वह परमात्मा के आगे अदरास करे, तो कोई भी उसका बाल भी बांका (टेढ़ा) नहीं कर सकता।

हिरणी की अरदास करने की देर थी, वाहिगुरू के द्वार पर सच्चे मन से निकली अरदास कबूल हुई। एक हवा का झोंका आया, आग उड़कर जाल पर जा गिरी, जाल जल गया। साथ ही वर्ष शुरू हो गई, आग भी बुझ गई। जब शिकारी ने देखा कि दो रास्ते खुल गए हैं, हिरणी और उसके बच्चों ने निकल जाना है, वह निशाना लगा कर हिरणी को मारने लगा। इतनी देर में, पास ही एक खुड (बिल) में से एक सांप निकला तथा शिकारी की टांग पर डंक मारा, शिकारी का निशाना हिल गया तथा उसकी बंदूक से निकली हुई गोली से शिकारी का कुत्ता मर गया। इधर सांप के डंक मारने से शिकारी भी मारा गया। हिरणी और उसके बच्चे सही सलामत निकल गए। यह केवल समझने के लिए एक कहानी (साखी) है।

इस साखी से हमें, बहुत बड़ी शिक्षा मिलती है कि अगर आप के ऊपर बहुत भारी संकट आ जाए, कोई रास्ता ना दिखाई दे, सभी साथी सहारे साथ छोड़ जाएं, उस वाहिगुरू अकाल पुरख के आगे निमाणे होकर अरदास करनी चाहिए। आप एक रास्ते की बात करते हैं, वाहिगुरू जी सारे ही रास्ते खोल देंगे, जिस तरह हिरणी के लिए सभी तरफ से रास्ते खोलकर, उसकी तथा उसके बच्चों की रक्षा की। गुरबाणी का फुरमान है:

**बिरथी कदे न होवई जन की अरदास।।**

**नानक जोरू गोबिंद का पूरन गुणतासि।। (अंग 819)**

भाव: हे भाई! प्रभु के द्वार के ही सेवक बन कर रहो। सेवक की अरदास कभी भी खाली नहीं जाती। प्रभु अवश्य सहायता करते हैं। वह परमात्मा सभी गुणों का भंडार है, सभी गुणों से भरपूर है। मुझे तो उस परमात्मा का ही सहारा है। जिस तरह परमात्मा बेअंत है, उसके आगे सच्चे मन से की गई अरदास की शक्ति भी बेअंत है। देर तो हमारी ही है, उसको याद करने की, परमात्मा तो हमारी सच्ची अरदास सुन कर पल छिन की भी देर नही करता।

-0-

ਸਾਡੀ ਖੇਤੀ

# ਸਿੰਚਾਈ ਵਾਲੇ ਪਾਣੀ ਦੀ ਸੁਚੱਜੀ ਵਰਤੋਂ

**ਐੱਮ.ਐੱਸ. ਕਾਹਲੋਂ/ਮਧੂ ਢਿੰਗਰਾ/ ਜੀਵਨਜੋਤ ਧਾਲੀਵਾਲ***

ਪਿਛਲੇ ਕੁਝ ਦਹਾਕਿਆਂ ਤੋਂ ਪੰਜਾਬ ਦੇ ਫ਼ਸਲੀ ਚੱਕਰ ਅਤੇ ਪਾਣੀ ਦੇ ਸਾਧਨਾਂ ਦੀ ਵਰਤੋਂ ਵਿੱਚ ਬਹੁਤ ਵੱਡੀ ਤਬਦੀਲੀ ਆਈ ਹੈ। ਝੋਨੇ ਹੇਠ ਰਕਬਾ 1970 ਦੇ ਮੁਕਾਬਲੇ 10 ਗੁਣਾ ਵਧ ਗਿਆ ਹੈ ਅਤੇ ਨਹਿਰੀ ਪਾਣੀ ਦੀ ਵਰਤੋਂ 43.5% ਤੋਂ ਘਟ ਕੇ 28.0% ਜਦੋਂਕਿ ਧਰਤੀ ਹੇਠਲੇ ਪਾਣੀ ਦੀ ਟਿਊਬਵੈੱਲਾਂ ਰਾਹੀਂ ਸਿੰਚਾਈ 58.5 % ਤੋਂ ਵਧ ਕੇ 72.0% ਹੋ ਗਈ ਹੈ। ਇਸ ਕਰਕੇ ਪਾਣੀ ਦੀ ਜ਼ਰੂਰਤ ਵਧਣ ਦੇ ਨਾਲ ਹੀ ਬਿਜਲੀ ਦੀ ਮੰਗ ਵੀ ਵਧ ਗਈ।

ਪਾਣੀ ਕੁਦਰਤ ਵੱਲੋਂ ਬਖ਼ਸ਼ੀ ਅਨਮੁੱਲੀ ਦਾਤ ਹੈ ਅਤੇ ਇਸ ਦੀ ਸੰਜਮ ਨਾਲ ਵਰਤੋਂ ਸਾਡਾ ਸਾਰਿਆਂ ਦਾ ਫਰਜ਼ ਹੈ। ਮੌਜੂਦਾ ਸਮੇਂ ਵਿੱਚ ਪਾਣੀ ਦੇ ਸਰੋਤ ਜ਼ਰੂਰਤ ਤੋਂ ਕਿਤੇ ਘੱਟ ਹੋ ਗਏ ਹਨ। ਪੰਜਾਬ ਵਿੱਚ ਸਿੰਚਾਈ ਵਾਲੇ ਪਾਣੀਆਂ ਦੀ ਕੁੱਲ ਉਪਲੱਬਧਤਾ 3.51 ਮਿਲੀਅਨ ਹੈਕਟੇਅਰ ਮੀਟਰ ਹੈ, ਜਦੋਂਕਿ ਮੰਗ 4.41 ਮਿਲੀਅਨ ਹੈਕਟੇਅਰ ਮੀਟਰ ਦੀ ਹੈ। ਇਸ ਤਰ੍ਹਾਂ ਉਪਲੱਬਧ ਮੰਗ ਨਾਲੋਂ ਇਹ 0.90 ਮਿਲੀਅਨ ਹੈਕਟੇਅਰ ਮੀਟਰ ਘੱਟ ਹੈ। ਇਸ ਘਾਟੇ ਨੂੰ ਪੂਰਾ ਕਰਨ ਲਈ ਧਰਤੀ ਹੇਠਲੇ ਪਾਣੀ ਦੀ ਵਧੇਰੇ ਵਰਤੋਂ ਕੀਤੀ ਜਾਂਦੀ ਹੈ, ਜਿਸ ਨਾਲ ਪਾਣੀ ਦਾ ਪੱਧਰ ਖ਼ਾਸ ਕਰਕੇ ਕੇਂਦਰੀ ਇਲਾਕਿਆਂ ਵਿੱਚ ਬਹੁਤ ਡੂੰਘਾ ਜਾ ਰਿਹਾ ਹੈ। ਇਸ ਕੁਦਰਤੀ ਸੋਮੇ ਦੀ ਬੇਸਮਝੀ ਅਤੇ ਬੇਕਦਰੀ ਨਾਲ ਕੀਤੀ ਗਈ ਵਰਤੋਂ ਆਉਣ ਵਾਲੀਆਂ ਪੁਸ਼ਤਾਂ ਲਈ ਬਹੁਤ ਵੱਡੀ ਸਮੱਸਿਆ ਪੈਦਾ ਕਰੇਗੀ। ਪੰਜਾਬ ਵਿੱਚ ਧਰਤੀ ਹੇਠਲਾ ਪਾਣੀ ਪਿਛਲੇ ਕੁਝ ਦਹਾਕਿਆਂ ਤੋਂ ਬਹੁਤ ਹੇਠਾਂ ਚਲਾ ਗਿਆ ਹੈ। ਇਸ ਤੋਂ ਇਲਾਵਾ ਮੀਹਾਂ ਦੇ ਘਟਣ ਅਤੇ ਇਕਸਾਰ ਨਾ ਪੈਣ ਕਰਕੇ ਪਾਣੀ ਦੀ ਕਮੀ ਹੋਰ ਵੀ ਵਧ ਗਈ ਹੈ ਜਿਸ ਕਰਕੇ ਧਰਤੀ ਹੇਠਲੇ ਪਾਣੀ 'ਤੇ ਸਿੰਚਾਈ ਵਾਸਤੇ ਨਿਰਭਰਤਾ ਵਧ ਗਈ ਹੈ। ਇਸ ਦੇ ਨਾਲ ਨਾਲ ਜ਼ਮੀਨੀ ਪਾਣੀ ਦਾ ਰੀਚਾਰਜ ਵੀ ਘਟਣ ਕਰਕੇ ਜ਼ਮੀਨੀ ਪਾਣੀ ਦੀ ਸਤ੍ਹਾ ਤੇਜ਼ੀ ਨਾਲ ਹੇਠਾਂ ਜਾ ਰਹੀ ਹੈ। ਇੱਕ ਅਨੁਮਾਨ ਅਨੁਸਾਰ ਜੇ ਜ਼ਮੀਨੀ ਪਾਣੀ ਦੇ ਡਿੱਗਦੇ ਪੱਧਰ ਨੂੰ ਠੱਲ੍ਹ ਨਾ ਪਾਈ ਗਈ ਤਾਂ ਪੰਜਾਬ ਦੀ ਖੇਤੀ ਨੂੰ ਇਸ ਪੱਧਰ 'ਤੇ ਕਾਇਮ ਰੱਖਣਾ ਮੁਸ਼ਕਲ ਹੋ ਜਾਵੇਗਾ। ਇਸ ਤੋਂ ਇਲਾਵਾ ਪਾਣੀ ਦੀ ਸਤ੍ਹਾ ਵਿੱਚ ਗਿਰਾਵਟ ਕਰਕੇ ਪਾਣੀ ਦਾ ਖਾਰਾਪਣ ਵਧ ਜਾਂਦਾ ਹੈ। ਸਾਉਣੀ ਦੀਆਂ ਫ਼ਸਲਾਂ ਵਿੱਚ ਪਾਣੀ ਸੰਜਮ ਨਾਲ ਲਾਉਣ ਦੀਆਂ ਸੌਖੀਆਂ ਪਰ ਅਸਰਦਾਰ ਤਕਨੀਕਾਂ ਨੂੰ ਅਪਣਾ ਕੇ ਇਨ੍ਹਾਂ ਫ਼ਸਲਾਂ ਵਿੱਚ ਪਾਣੀ ਦੀ ਲਾਗਤ ਨੂੰ ਵੱਡੀ ਮਾਤਰਾ ਵਿੱਚ ਘਟਾਇਆ ਜਾ ਸਕਦਾ ਹੈ।

ਝੋਨੇ ਵਿੱਚ ਪਾਣੀ ਦੀ ਬੱਚਤ ਲਈ ਨੁਕਤੇ: ਝੋਨੇ ਵਾਲੇ ਖੇਤ ਖ਼ਾਸ ਕਰਕੇ ਲੇਜ਼ਰ ਲੈਵਲਰ ਨਾਲ ਪੱਧਰੇ ਹੋਣੇ ਚਾਹੀਦੇ ਹਨ। ਲੇਜ਼ਰ ਕਰਾਹਾ ਟਰੈਕਟਰ ਨਾਲ ਚੱਲਣ ਵਾਲੀ ਮਸ਼ੀਨ ਹੈ, ਜਿਸ ਨਾਲ ਲੋੜੀਂਦੀ-ਢਲਾਣ ਮੁਤਾਬਿਕ ਖੇਤ ਨੂੰ ਬਹੁਤ ਵਧੀਆ ਤਰੀਕੇ ਨਾਲ ਪੱਧਰ ਕੀਤਾ ਜਾਂਦਾ ਹੈ। ਇਸ ਨੂੰ 50 ਹਾਰਸ ਪਾਵਰ ਦੇ ਟਰੈਕਟਰ ਨਾਲ ਚਲਾਇਆ ਜਾਂਦਾ ਹੈ। ਲੇਜ਼ਰ ਕਰਾਹੇ ਨਾਲ ਜ਼ਮੀਨ ਨੂੰ ਪੱਧਰ ਕਰਨ ਨਾਲ ਪਾਣੀ ਦੀ 25-30 ਪ੍ਰਤੀਸ਼ਤ ਬੱਚਤ ਹੁੰਦੀ ਹੈ। ਝਾੜ ਵਿੱਚ 5-10 ਪ੍ਰਤੀਸ਼ਤ ਵਾਧਾ ਹੁੰਦਾ ਹੈ ਅਤੇ ਖਾਦਾਂ ਤੇ ਨਦੀਨ ਨਾਸ਼ਕਾਂ ਦੀ ਸੁਚੱਜੀ ਵਰਤੋਂ ਹੁੰਦੀ ਹੈ।



ਝੋਨੇ ਦੀ ਸਿੱਧੀ ਬਿਜਾਈ ਕਰਨ ਨਾਲ ਵੀ ਪਾਣੀ ਦੀ ਬੱਚਤ ਤੋਂ ਇਲਾਵਾ ਪਨੀਰੀ ਉਗਾਉਣ, ਢੋਆ-ਢੁਆਈ ਅਤੇ ਖੇਤ ਵਿੱਚ ਪਨੀਰੀ ਲਾਉਣ ਦਾ ਖ਼ਰਚਾ ਬਚਦਾ ਹੈ। ਬਿਨਾਂ ਕੱਦੂ ਕੀਤੇ ਝੋਨੇ ਦੀ ਸਿੱਧੀ ਬਿਜਾਈ ਕਰਨ ਨਾਲ ਖੇਤ ਵਿੱਚ ਪਾਣੀ ਖੜ੍ਹਾਉਣ ਦੀ ਲੋੜ ਨਹੀਂ ਪੈਂਦੀ। ਝੋਨੇ ਦੀ ਸਿੱਧੀ ਬਿਜਾਈ ਸਿਰਫ਼ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿੱਚ ਹੀ ਕਰੋ। ਹਲਕੀਆਂ ਜ਼ਮੀਨਾਂ ਵਿੱਚ ਝੋਨੇ ਦੀ ਸਿੱਧੀ ਬਿਜਾਈ ਕਰਨ 'ਤੇ ਲੋਹੇ ਦੀ ਘਾਟ ਆ ਜਾਂਦੀ ਹੈ ਅਤੇ ਝਾੜ ਬਹੁਤ ਘਟ ਜਾਂਦਾ ਹੈ। ਸਿੱਧੀ ਬਿਜਾਈ ਵਿੱਚ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਜਿਵੇਂ ਪੀ ਆਰ 115, ਪੀ ਆਰ 126, ਪੀ ਆਰ 131 ਅਤੇ ਪੀ ਆਰ 132 ਦੀ ਵਰਤੋਂ ਕਰੋ। ਬਿਜਾਈ ਜੂਨ ਦੇ ਪਹਿਲੇ ਪੰਦਰਵਾੜੇ ਵਿੱਚ ਕਰੋ ਅਤੇ 8-10 ਕਿੱਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋਂ। ਬਿਜਾਈ ਡਰਿੱਲ ਨਾਲ ਕਰੋ ਅਤੇ ਕਤਾਰਾਂ ਵਿਚਕਾਰ ਫ਼ਾਸਲਾ 20 ਸੈਂਟੀਮੀਟਰ ਰੱਖੋ। ਸੁੱਕੇ ਖੇਤ ਵਿੱਚ ਕੀਤੀ ਸਿੱਧੀ ਬਿਜਾਈ ਤੋਂ ਤੁਰੰਤ ਬਾਅਦ ਸਿੰਚਾਈ ਕਰੋ ਅਤੇ ਦੂਜੀ ਸਿੰਚਾਈ 4-5 ਦਿਨਾਂ ਬਾਅਦ ਕਰੋ। ਜੇਕਰ ਬਿਜਾਈ ਰੌਣੀ ਕੀਤੇ ਖੇਤ ਵਿੱਚ ਕੀਤੀ ਗਈ ਹੈ ਤਾਂ ਪਹਿਲੀ ਸਿੰਚਾਈ ਬਿਜਾਈ ਤੋਂ 5-7 ਦਿਨਾਂ ਬਾਅਦ ਕਰਨੀ ਚਾਹੀਦੀ ਹੈ ਅਤੇ ਇਸ ਤੋਂ ਬਾਅਦ ਜ਼ਮੀਨ ਦੀ ਕਿਸਮ ਦੇ ਆਧਾਰ 'ਤੇ 5-10 ਦਿਨਾਂ ਦੇ ਵਕਫ਼ੇ 'ਤੇ ਪਾਣੀ ਦੇਣਾ ਚਾਹੀਦਾ ਹੈ। ਆਖਰੀ ਪਾਣੀ ਝੋਨਾ ਕੱਟਣ ਤੋਂ ਦਸ ਦਿਨ ਪਹਿਲਾਂ ਦਿਓ। ਇਸ ਤਰੀਕੇ ਨਾਲ ਕੱਦੂ ਕੀਤੇ ਝੋਨੇ ਦੇ ਮੁਕਾਬਲੇ 10-15 ਫੀਸਦੀ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ।

**ਝੋਨੇ ਦੀ ਲੁਆਈ ਦਾ ਸਮਾਂ:** ਝੋਨੇ ਵਿੱਚ ਪਾਣੀ ਦੀ ਲਾਗਤ ਵਾਸ਼ਪੀਕਰਨ, ਤਾਪਮਾਨ ਅਤੇ ਹਵਾ ਵਿਚਲੀ ਨਮੀ 'ਤੇ ਨਿਰਭਰ ਕਰਦੀ ਹੈ। ਜੇਕਰ ਝੋਨਾ ਮਈ ਜਾਂ ਜੂਨ ਦੇ ਸ਼ੁਰੂ ਵਿੱਚ ਲਗਾਇਆ ਜਾਵੇ ਤਾਂ ਪਾਣੀ ਦਾ ਵਾਸ਼ਪੀਕਰਨ ਬਹੁਤ ਜ਼ਿਆਦਾ ਹੁੰਦਾ ਹੈ। ਇਸ ਕਰਕੇ ਪਾਣੀ ਦੀ ਖਪਤ ਜ਼ਿਆਦਾ ਹੁੰਦੀ ਹੈ। ਜੇਕਰ ਝੋਨੇ ਦੀ ਲੁਆਈ ਮੌਨਸੂਨ ਦੇ ਨੇੜੇ (ਜਿਵੇਂ ਕਿ ਪੁਰਾਣੇ ਸਮੇਂ ਵਿੱਚ ਹੁੰਦਾ ਸੀ) ਯਾਨੀ ਅੱਧ ਜੂਨ ਤੋਂ ਬਾਅਦ ਸ਼ੁਰੂ ਕੀਤੀ ਜਾਵੇ ਤਾਂ ਪਾਣੀ ਦੀ ਖਪਤ ਘੱਟ ਹੋਵੇਗੀ। ਇੱਕ ਅਨੁਮਾਨ ਅਨੁਸਾਰ ਇੱਕ ਜੂਨ ਨੂੰ ਲਗਾਏ ਝੋਨੇ ਵਿੱਚ ਵਾਸ਼ਪੀਕਰਨ 620 ਮਿਲੀ ਮੀਟਰ ਅਤੇ 21 ਜੂਨ ਨੂੰ ਲਗਾਏ ਝੋਨੇ ਵਿੱਚ 520 ਮਿਲੀ ਮੀਟਰ

ਹੁੰਦੀ ਹੈ। ਇਸੇ ਤਰ੍ਹਾਂ ਲੇਟ ਲਗਾਏ ਝੋਨੇ ਵਿੱਚ ਪਾਣੀ ਦੀ ਖਪਤ ਵੀ ਘੱਟ ਹੋਵੇਗੀ ਅਤੇ ਇਸ ਦੇ ਨਤੀਜੇ ਵਜੋਂ ਜ਼ਮੀਨ ਹੇਠਲੇ ਪਾਣੀ ਦੀ ਘੱਟ ਵਰਤੋਂ ਕਰਕੇ ਪਾਣੀ ਦੇ ਪੱਧਰ ਨੂੰ ਥੱਲੇ ਜਾਣ ਤੋਂ ਰੋਕਿਆ ਜਾ ਸਕੇਗਾ। ਇਸ ਗੱਲ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਨੇ 'ਪੰਜਾਬ ਪ੍ਰੀਜ਼ਰਵੇਸ਼ਨ ਆਫ ਸਬ ਸੌਇਲ ਵਾਟਰ ਐਕਟ 2009' ਪਾਸ ਕੀਤਾ ਜਿਸ ਤਹਿਤ ਹੁਣ ਝੋਨਾ ਲਾਉਣਾ ਸ਼ੁਰੂ ਕਰਨ ਦੀ ਮਿਤੀ 20 ਜੂਨ ਤੋਂ ਬਾਅਦ ਮਿੱਥੀ ਗਈ ਹੈ।

**ਪਾਣੀ ਸੁਕਾ ਕੇ ਲਾਓ:** ਕਿਸਾਨਾਂ ਵਿੱਚ ਇੱਕ ਆਮ ਧਾਰਨਾ ਵੇਖਣ ਨੂੰ ਮਿਲਦੀ ਹੈ ਕਿ ਝੋਨੇ ਵਿੱਚ ਲਗਾਤਾਰ ਪਾਣੀ ਖੜ੍ਹਾ ਰੱਖਣ ਦੀ ਲੋੜ ਹੁੰਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸਿਫਾਰਸ਼ ਅਨੁਸਾਰ ਝੋਨੇ ਵਿੱਚ ਸਿਰਫ਼ ਪਹਿਲੇ ਦੋ ਹਫ਼ਤੇ ਪਾਣੀ ਖੜ੍ਹਾ ਰੱਖਣ ਦੀ ਲੋੜ ਹੈ ਤਾਂ ਕਿ ਝੋਨੇ ਦੀ ਪਨੀਰੀ ਦੇ ਬੂਟੇ ਜੰਮ ਪੈਣ ਅਤੇ ਨਦੀਨਾਂ ਦੀ ਰੋਕਥਾਮ ਹੋ ਜਾਵੇ। ਇਸ ਲਈ ਕਿਸਾਨਾਂ ਨੂੰ ਨਦੀਨ ਨਾਸ਼ਕਾਂ ਦੀ ਵਰਤੋਂ ਵੀ ਸਮੇਂ ਸਿਰ ਕਰ ਲੈਣੀ ਚਾਹੀਦੀ ਹੈ। ਉਸ ਤੋਂ ਬਾਅਦ ਪਾਣੀ ਜ਼ੀਰਣ ਤੋਂ ਦੋ ਦਿਨ ਬਾਅਦ ਝੋਨੇ ਨੂੰ ਪਾਣੀ ਲਗਾਉਣਾ ਚਾਹੀਦਾ ਹੈ, ਪਰ ਇਸ ਗੱਲ ਦਾ ਧਿਆਨ ਵੀ ਰੱਖਣਾ ਹੈ ਕਿ ਖੇਤ ਵਿੱਚ ਤਰੇੜਾਂ ਨਾ ਪੈਣ। ਇੱਕ ਕਿਲੋ ਝੋਨੇ ਦੇ ਦਾਣੇ ਲੈਣ ਲਈ ਜਿੱਥੇ ਲਗਾਤਾਰ ਪਾਣੀ ਖੜ੍ਹਾ ਕਰਨ ਨਾਲ 3460 ਲੀਟਰ ਪਾਣੀ ਲੱਗਿਆ, ਉੱਥੇ ਸੁਕਾਅ ਕੇ ਪਾਣੀ ਲਾਉਣ ਨਾਲ 1200 ਲੀਟਰ ਪਾਣੀ ਘੱਟ ਲੱਗਿਆ ਅਤੇ 34 ਪ੍ਰਤੀਸ਼ਤ ਪਾਣੀ ਦੀ ਬੱਚਤ ਹੋਈ। ਕਿਸਾਨਾਂ ਦੇ ਖੇਤਾਂ ਵਿੱਚ ਇਹ ਆਮ ਦੇਖਣ ਵਿੱਚ ਆਇਆ ਹੈ ਕਿ ਜਿਸ ਸਾਲ ਮੀਂਹ ਜ਼ਿਆਦਾ ਪੈਣ ਉਸ ਸਾਲ ਝੋਨੇ ਦਾ ਝਾੜ ਘਟ ਜਾਂਦਾ ਹੈ। ਇਸ ਦਾ ਮੁੱਖ ਕਾਰਨ ਨਮੀ ਦੇ ਜ਼ਿਆਦਾ ਵਧਣ ਕਰਕੇ ਕੀੜੇ ਮਕੌੜੇ ਅਤੇ ਬਿਮਾਰੀਆਂ ਦਾ ਵਧਣਾ ਹੈ। ਪੰਜਾਬ ਖਤੀਬਾੜੀ ਯੂਨੀਵਰਸਿਟੀ ਦੇ ਵਿਗਿਆਨੀਆਂ ਵੱਲੋਂ ਇਹ ਦਰਸਾਇਆ ਗਿਆ ਹੈ ਕਿ ਵਧੇਰੇ ਨਮੀ ਕਾਰਨ ਝੋਨੇ ਦੀ ਭੂਰੀ ਟਿੱਡੀ ਅਤੇ ਪੱਤਾ ਲਪੇਟ ਸੁੰਢੀ ਦਾ ਹਮਲਾ ਵਧ ਜਾਂਦਾ ਹੈ। ਇਸੇ ਤਰ੍ਹਾਂ ਝੋਨੇ ਦੀਆਂ ਬਿਮਾਰੀਆਂ ਜਿਵੇਂ ਕਿ ਤਣੇ ਦਾ ਝੁਲਸ ਰੋਗ ਅਤੇ ਝੂਠੀ ਕਾਂਗਿਆਰੀ ਖੜ੍ਹੇ ਪਾਣੀ ਨਾਲ ਵੱਧ ਵੇਖਣ ਵਿੱਚ ਮਿਲੀਆਂ। ਆਮ ਤੌਰ 'ਤੇ ਕਿਸਾਨ ਜਦੋਂ ਵੀ ਝੋਨੇ ਦੇ ਖੇਤ ਨੂੰ ਪਾਣੀ ਲਾਉਂਦੇ ਹਨ ਤਾਂ ਖੇਤ ਵਿੱਚ 4 ਇੰਚ ਜਾਂ ਇਸ ਤੋਂ ਵੀ ਵੱਧ ਪਾਣੀ ਖੜ੍ਹਾ ਰੱਖਣ ਦੀ ਕੋਸ਼ਿਸ਼ ਕਰਦੇ ਹਨ, ਜਿਸ ਨਾਲ ਪਾਣੀ ਜ਼ਮੀਨ ਵਿੱਚ ਤੇਜ਼ੀ ਨਾਲ ਜ਼ੀਰਦਾ ਹੈ ਅਤੇ ਝੋਨੇ ਦੀਆਂ ਜੜ੍ਹਾਂ ਦੇ ਖੇਤਰ ਤੋਂ ਹੇਠਾਂ ਚਲਾ ਜਾਂਦਾ ਹੈ। ਇਸ ਤਰ੍ਹਾਂ ਵਾਧੂ ਪਾਣੀ ਖੜ੍ਹਾ ਰੱਖਣ ਨਾਲ ਝੋਨੇ ਦੀ ਫ਼ਸਲ ਨੂੰ ਕੋਈ ਫਾਇਦਾ ਨਹੀਂ ਹੁੰਦਾ। ਇਸ ਲਈ ਕਿਸਾਨਾਂ ਨੂੰ ਬੇਨਤੀ ਹੈ ਕਿ ਉਹ ਜਦੋਂ ਵੀ ਝੋਨੇ ਨੂੰ ਪਾਣੀ ਲਾਉਣ ਤਾਂ ਖੇਤ ਵਿੱਚ 2 ਇੰਚ ਤੋਂ ਵੱਧ ਪਾਣੀ ਖੜ੍ਹਾ ਨਾ ਰੱਖਣ। ਪਾਣੀ ਦੀ ਵਧੇਰੇ ਬੱਚਤ ਲਈ 15-20 ਸੈਂਟੀਮੀਟਰ ਡੂੰਘਾਈ 'ਤੇ ਲੱਗੇ ਟੈਂਸ਼ੀਓਮੀਟਰ ਵਿੱਚ ਪਾਣੀ ਦਾ ਪੱਧਰ ਹਰੀ ਪੱਟੀ ਤੋਂ ਪੀਲੀ ਪੱਟੀ ਵਿੱਚ ਦਾਖਲ ਹੋਣ 'ਤੇ (150 ± 20 ਸੈਂਟੀਮੀਟਰ ਟੈਨਸ਼ਨ) ਹੀ ਪਾਣੀ ਲਗਾਓ। ਇਸ ਤਰ੍ਹਾਂ ਸਿੰਚਾਈ ਵਾਲੇ ਪਾਣੀ ਦੀ ਕਾਫ਼ੀ ਬੱਚਤ ਹੋ ਜਾਂਦੀ ਹੈ ਅਤੇ ਫ਼ਸਲ ਦੇ ਝਾੜ 'ਤੇ ਵੀ ਕੋਈ ਮਾੜਾ ਅਸਰ ਨਹੀਂ ਪੈਂਦਾ।

**ਝੋਨਾ ਵੱਢਣ ਤੋਂ 15 ਦਿਨ ਪਹਿਲਾਂ ਪਾਣੀ ਬੰਦ ਕਰਨਾ:** ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸਿਫਾਰਸ਼ ਅਨੁਸਾਰ ਝੋਨਾ ਵੱਢਣ ਤੋਂ 15 ਦਿਨ ਪਹਿਲਾਂ ਖੇਤਾਂ ਨੂੰ ਪਾਣੀ ਦੇਣਾ ਬੰਦ ਕਰ ਦੇਣਾ ਚਾਹੀਦਾ ਹੈ। ਇਸ ਨਾਲ ਇੱਕ ਤਾਂ ਫ਼ਸਲ ਦੀ ਕਟਾਈ ਸੌਖੀ ਹੋਵੇਗੀ ਅਤੇ ਦਾਣਿਆਂ ਵਿਚਲੀ ਨਮੀ ਘੱਟ ਹੋਣ ਕਰਕੇ ਚੰਗਾ ਮੰਡੀਕਰਨ ਹੋਵੇਗਾ ਅਤੇ ਨਾਲ ਹੀ ਝੋਨੇ ਪਿੱਛੋਂ ਬੀਜਣ ਵਾਲੀ ਹਾੜ੍ਹੀ ਦੀ ਫ਼ਸਲ ਵੀ ਸਮੇਂ ਸਿਰ ਬੀਜੀ ਜਾ ਸਕੇਗੀ।

### ਸਾਉਣੀ ਦੀਆਂ ਹੋਰ ਫ਼ਸਲਾਂ ਵਿੱਚ ਪਾਣੀ ਦੀ ਸੁਚੱਜੀ ਵਰਤੋਂ

**ਨਰਮਾ:** ਵਰਖਾ ਦੇ ਆਧਾਰ 'ਤੇ ਨਰਮੇ ਦੀ ਫ਼ਸਲ ਨੂੰ ਕੁੱਲ 4 ਤੋਂ 6 ਪਾਣੀ ਚਾਹੀਦੇ ਹਨ। ਪਹਿਲਾ ਪਾਣੀ ਬਿਜਾਈ ਦੇ 4 ਤੋਂ 6 ਹਫ਼ਤੇ ਬਾਅਦ ਅਤੇ ਇਸ ਪਿੱਛੋਂ ਪਾਣੀ ਦੋ ਜਾਂ ਤਿੰਨ ਹਫ਼ਤਿਆਂ ਦੇ ਵਕਫ਼ੇ ਨਾਲ ਦਿਓ। ਹਲਕੀਆਂ ਜ਼ਮੀਨਾਂ ਜਾਂ ਵੱਟਾਂ ਉੱਪਰ ਬੀਜੀ ਫ਼ਸਲ ਨੂੰ ਲੋੜ ਪੈਣ 'ਤੇ ਪਾਣੀ ਪਹਿਲਾਂ ਵੀ ਦਿੱਤਾ ਜਾ ਸਕਦਾ ਹੈ। ਨਰਮੇ ਦੀਆਂ ਵੱਟਾਂ 'ਤੇ ਬਿਜਾਈ ਅਤੇ ਸਿੰਚਾਈ ਖੇਲਾਂ ਵਿੱਚ ਕਰਨ ਨਾਲ ਪਾਣੀ ਦੀ ਕਾਫ਼ੀ ਬੱਚਤ ਕੀਤੀ ਜਾ ਸਕਦੀ ਹੈ। ਜਿੱਥੇ ਧਰਤੀ ਹੇਠਲਾ ਪਾਣੀ ਮਾੜਾ ਹੈ, ਉੱਥੇ ਨਹਿਰੀ ਪਾਣੀ ਨਾਲ ਭਰਵੀਂ ਰੌਣੀ ਕਰੋ ਅਤੇ ਬਾਅਦ ਵਿੱਚ ਟਿਊਬਵੈੱਲ ਦਾ ਪਾਣੀ ਇੱਕ ਖੇਲ ਛੱਡ ਕੇ ਲਗਾਇਆ ਜਾ ਸਕਦਾ ਹੈ। ਫ਼ਸਲ ਨੂੰ ਫੁੱਲ ਨਿਕਲਣ ਅਤੇ ਫ਼ਲ ਪੈਣ ਸਮੇਂ ਪਾਣੀ ਦੀ ਘਾਟ ਨਹੀਂ ਆਉਣ ਦੇਣੀ ਚਾਹੀਦੀ, ਨਹੀਂ ਤਾਂ ਬਹੁਤ ਸਾਰੇ ਫੁੱਲ ਅਤੇ ਟੀਂਡੇ ਝੜ ਜਾਣਗੇ ਅਤੇ ਉਪਜ ਬਹੁਤ ਘੱਟ ਮਿਲੇਗੀ। ਛੋਟੀ ਫ਼ਸਲ ਖੜ੍ਹਾ ਪਾਣੀ ਜ਼ਿਆਦਾ ਚਿਰ ਨਹੀਂ ਸਹਾਰ ਸਕਦੀ, ਇਸ ਲਈ ਅਜਿਹੀ ਹਾਲਤ ਵਿੱਚ ਭਾਰੀ ਮੀਂਹ ਪੈਣ ਤੋਂ ਬਾਅਦ ਪਾਣੀ ਦਾ ਨਿਕਾਸ ਛੇਤੀ ਕਰ ਦੇਣਾ ਚਾਹੀਦਾ ਹੈ। ਟੀਂਡਿਆਂ ਨੂੰ ਛੇਤੀ ਖਿੜਾਉਣ ਲਈ ਅਮਰੀਕਨ ਕਪਾਹ ਨੂੰ ਆਖਰੀ ਪਾਣੀ ਸਤੰਬਰ ਦੇ ਅਖੀਰ ਵਿੱਚ ਦਿਓ।

**ਸਾਉਣੀ ਦੀ ਮੱਕੀ:** ਇਸ ਫ਼ਸਲ ਨੂੰ ਆਮ ਤੌਰ 'ਤੇ 4-6 ਪਾਣੀਆਂ ਦੀ ਲੋੜ ਹੁੰਦੀ ਹੈ, ਪਰ ਪਾਣੀਆਂ ਦੀ ਗਿਣਤੀ ਵਰਖਾ 'ਤੇ ਨਿਰਭਰ ਕਰਦੀ ਹੈ। ਫ਼ਸਲ ਨੂੰ ਕਿਸੇ ਸਮੇਂ ਵੀ ਪਾਣੀ ਦੀ ਘਾਟ ਨਹੀਂ ਆਉਣ ਦੇਣੀ ਚਾਹੀਦੀ ਖ਼ਾਸ ਕਰਕੇ ਮੱਕੀ ਦੇ ਨਿੱਸਰਨ ਅਤੇ ਸੂਤ ਕੱਤਣ ਸਮੇਂ। ਬਹਾਰ ਰੁੱਤ ਦੀ ਬੀਜੀ ਮੱਕੀ ਨੂੰ ਮੀਂਹ ਦੇਖਦੇ ਹੋਏ ਪਹਿਲਾ ਪਾਣੀ ਬਿਜਾਈ ਦੇ 25-30 ਦਿਨਾਂ ਬਾਅਦ ਲਾਓ। ਇਸ ਤੋਂ ਬਾਅਦ 10 ਅਪਰੈਲ ਤੱਕ ਦੋ ਹਫ਼ਤੇ ਦੇ ਵਕਫ਼ੇ 'ਤੇ ਅਤੇ ਫ਼ਸਲ ਪੱਕਣ ਤੱਕ ਇੱਕ ਹਫ਼ਤੇ ਦੇ ਵਕਫ਼ੇ 'ਤੇ ਪਾਣੀ ਲਾਉਂਦੇ ਰਹੋ। ਦਾਣੇ ਪੈਣ ਵੇਲੇ ਜ਼ਿਆਦਾ ਤਾਪਮਾਨ ਦੇ ਨੁਕਸਾਨ ਤੋਂ ਬਚਣ ਲਈ ਫ਼ਸਲ ਨੂੰ ਪਾਣੀ ਦਿੰਦੇ ਰਹਿਣਾ ਚਾਹੀਦਾ ਹੈ। ਸਾਉਣੀ ਦੀ ਮੱਕੀ ਵਿੱਚ ਤੁਪਕਾ ਸਿੰਚਾਈ ਦੇ ਨਾਲ ਜੇਕਰ 6 ਟਨ ਪ੍ਰਤੀ ਹੈਕਟੇਅਰ ਫ਼ਸਲੀ ਰਹਿੰਦ ਖੂੰਹਦ ਦੀ ਮਲਚ ਵਜੋਂ ਵਰਤੋਂ ਕੀਤੀ ਜਾਵੇ ਤਾਂ ਵੱਧ ਝਾੜ ਦੇ ਨਾਲ ਨਾਲ ਪਾਣੀ ਦੀ ਬੱਚਤ ਵੀ ਕੀਤੀ ਜਾ ਸਕਦੀ ਹੈ।

**ਕਮਾਦ:** ਗਰਮ ਅਤੇ ਖੁਸ਼ਕ ਮੌਸਮ ਹੋਣ ਕਰਕੇ ਅਪਰੈਲ ਤੋਂ ਜੂਨ ਵਾਲਾ ਸਮਾਂ ਕਮਾਦ ਦੇ ਵਾਧੇ ਲਈ ਬਹੁਤ ਨਾਜ਼ੁਕ ਸਮਾਂ ਹੈ। ਇਸ ਸਮੇਂ ਫ਼ਸਲ ਨੂੰ 7-12 ਦਿਨਾਂ ਦੇ ਵਕਫ਼ੇ ਅੰਦਰ ਲੋੜ ਮੁਤਾਬਕ ਪਾਣੀ ਦਿੰਦੇ ਰਹੋ। ਬਾਰਸ਼ਾਂ ਦੇ ਦਿਨਾਂ ਵਿੱਚ ਜੇਕਰ ਖੇਤ ਵਿੱਚ ਬਾਰਸ਼ਾਂ ਨਾਲ ਬਹੁਤਾ ਪਾਣੀ ਖੜ੍ਹਾ ਹੋ ਜਾਵੇ ਤਾਂ ਉਸ ਨੂੰ ਬਾਹਰ ਕੱਢ ਦਿਓ। ਸਰਦੀਆਂ ਵਿੱਚ (ਨਵੰਬਰ-ਜਨਵਰੀ) ਕਮਾਦ ਨੂੰ ਪਾਣੀ ਇੱਕ ਮਹੀਨੇ ਦੇ ਵਕਫ਼ੇ 'ਤੇ ਲਾਓ। ਫ਼ਸਲ ਨੂੰ ਕੋਰੇ ਤੋਂ ਬਚਾਉਣ ਲਈ ਇੱਕ ਪਾਣੀ ਦਸੰਬਰ ਦੇ ਅੱਧ ਵਿੱਚ ਅਤੇ ਇੱਕ ਹੋਰ ਪਾਣੀ ਜਨਵਰੀ ਦੇ ਪਹਿਲੇ ਹਫ਼ਤੇ ਲਾਓ।

**ਮੂੰਗਫਲੀ:** ਮੂੰਗਫਲੀ ਨੂੰ ਮੌਸਮੀ ਵਰਖਾ ਅਨੁਸਾਰ 2 ਜਾਂ 3 ਪਾਣੀ ਜ਼ਰੂਰੀ ਹਨ। ਜੇਕਰ ਵਰਖਾ ਲੋੜ ਮੁਤਾਬਿਕ ਨਾ ਹੋਵੇ ਤਾਂ ਪਹਿਲਾ ਪਾਣੀ ਫੁੱਲ ਪੈਣ ਸਮੇਂ ਲਾਓ। ਗੱਠੀਆਂ ਦੇ ਠੀਕ ਵਾਧੇ ਲਈ ਗੱਠੀਆਂ ਪੈਣ ਸਮੇਂ ਮੌਨਸੂਨ ਅਨੁਸਾਰ ਇੱਕ ਜਾਂ ਦੋ ਪਾਣੀ ਹੋਰ ਲਾਓ। ਆਸਾਨ ਪੁਟਾਈ ਲਈ ਪੁਟਾਈ ਤੋਂ ਕੁਝ ਦਿਨ ਪਹਿਲਾਂ ਇੱਕ ਪਾਣੀ ਲਾਓ।

**ਮੂੰਗੀ:** ਮੌਸਮ ਤੇ ਜ਼ਮੀਨ ਦੀ ਪਾਣੀ ਸੰਭਾਲਣ ਦੀ ਸਮਰੱਥਾ ਅਨੁਸਾਰ ਗਰਮ ਰੁੱਤ ਦੀ ਮੂੰਗੀ (ਮਾਰਚ ਵਿੱਚ ਬੀਜੀ) ਦੀ ਫ਼ਸਲ ਨੂੰ 3 ਤੋਂ 5 ਪਾਣੀ ਲਾਓ। ਪਹਿਲਾ ਪਾਣੀ ਬਿਜਾਈ ਤੋਂ 25 ਦਿਨਾਂ ਬਾਅਦ ਲਾਓ। ਆਖਰੀ ਸਿੰਚਾਈ ਬਿਜਾਈ ਤੋਂ ਤਕਰੀਬਨ 55 ਦਿਨਾਂ ਬਾਅਦ ਕਰੋ। ਇਸ ਨਾਲ ਝਾੜ ਵਧੇਗਾ ਅਤੇ ਫ਼ਲੀਆਂ ਇਕਸਾਰ ਪੱਕਣਗੀਆਂ।

ਉੱਪਰ ਦੱਸੀਆਂ ਤਕਨੀਕਾਂ ਨੂੰ ਅਪਣਾ ਕੇ ਸਾਉਣੀ ਦੀਆਂ ਫ਼ਸਲਾਂ ਵਿੱਚ ਪਾਣੀ ਦੀ ਖਪਤ ਨੂੰ ਘਟਾਇਆ ਜਾਵੇ ਤਾਂ ਜੋ ਇਸ ਅਨਮੁੱਲੀ ਦਾਤ ਨੂੰ ਆਉਣ ਵਾਲੀਆਂ ਪੁਸ਼ਤਾਂ ਵਾਸਤੇ ਬਚਾ ਕੇ ਰੱਖਿਆ ਜਾ ਸਕੇ।

ਭੂਮੀ ਵਿਗਿਆਨ ਵਿਭਾਗ, ਪੀ.ਏ.ਯੂ

**ਸਿਹਤ ਸੰਭਾਲ**

# ਜੋੜ ਤੰਦਰੁਸਤ ਰੱਖਣ ਲਈ ਕੀ ਕਰੀਏ?

**ਡਾ. ਹਰਸ਼ਿੰਦਰ ਕੌਰ, ਐਮ. ਡੀ., 0175-2216783**

ਅੱਜ ਕੱਲ੍ਹ ਗੋਡੇ ਬਦਲਣ ਦਾ ਰਿਵਾਜ਼ ਓਨਾ ਹੀ ਆਮ ਹੈ, ਜਿੰਨਾ ਕਾਰ ਜਾਂ ਸਕੂਟਰ ਬਦਲਣ ਦਾ। ਬਹੁਤਿਆਂ ਦੇ ਗੋਡੇ ਇਕ ਵਾਰ ਬਦਲਣ ਤੋਂ ਬਾਅਦ ਕਦੇ ਵੀ ਦੁਬਾਰਾ ਨਾਰਮਲ ਨਹੀਂ ਹੋ ਸਕੇ। ਕਈਆਂ ਦੇ ਦੂਜੀ ਜਾਂ ਤੀਜੀ ਵਾਰ ਵੀ ਬਦਲਣੇ ਪੈ ਜਾਂਦੇ ਹਨ। ਇਸੇ ਲਈ ਜੇ ਸ਼ੁਰੂ ਤੋਂ ਹੀ ਗੋਡਿਆਂ ਦਾ ਧਿਆਨ ਰੱਖ ਲਈਏ ਤਾਂ ਦੇਰ ਤੱਕ ਤੰਦਰੁਸਤ ਰਿਹਾ ਜਾ ਸਕਦਾ ਹੈ।

ਸਭ ਤੋਂ ਅਹਿਮ ਹੈ ਗੋਡਿਆਂ ਉੱਤੇ ਪੈਂਦਾ ਭਾਰ ! ਜੇ ਸਰੀਰ ਦਾ ਭਾਰ ਇੱਕ ਪੌਂਡ ਵੀ ਵਧ ਜਾਵੇ ਤਾਂ ਗੋਡਿਆਂ ਉੱਤੇ ਚਾਰ ਗੁਣਾਂ ਜ਼ੋਰ ਪੈ ਜਾਂਦਾ ਹੈ, ਜੋ ਨਾ ਸਿਰਫ਼ ਗੋਡੇ ਬਲਕਿ ਪਿੱਠ, ਕਮਰ, ਲੱਤਾਂ ਅਤੇ ਪੈਰਾਂ ਉੱਤੇ ਵੀ ਤਗੜਾ ਅਸਰ ਪਾ ਕੇ ਉਨ੍ਹਾਂ ਦਾ ਘਸਣਾ ਵਧਾ ਦਿੰਦਾ ਹੈ। ਇਸੇ ਨਾਲ ਹੌਲੀ-ਹੌਲੀ ਲਗਾਤਾਰ ਪੀੜ ਰਹਿਣੀ ਸ਼ੁਰੂ ਹੋ ਜਾਂਦੀ ਹੈ। ਜੇ ਭਾਰ ਵਧਣਾ ਲਗਾਤਾਰ ਜਾਰੀ ਰਹੇ ਤਾਂ ਬਾਕੀ ਦੇ ਜੋੜ; ਜਿਵੇਂ ਹੱਥ ਜਾਂ ਮੋਢੇ ਵਿਚ ਵੀ ਖਿੱਚ ਅਤੇ ਪੀੜ ਮਹਿਸੂਸ ਹੋਣ ਲੱਗ ਪੈਂਦੀ ਹੈ ਕਿਉਂਕਿ ਦਿਮਾਗ਼ ਇੱਕੋ ਸੁਨੇਹਾ ਸਾਰੇ ਪਾਸੇ ਭੇਜ ਦਿੰਦਾ ਹੈ। ਇਸੇ ਲਈ ਲੰਮੇ ਸਮੇਂ ਤੱਕ ਗੋਡੇ ਸਹੀ ਰੱਖਣ ਲਈ ਹਰ ਹਾਲ ਭਾਰ ਉੱਤੇ ਕਾਬੂ ਰੱਖਣਾ ਪੈਂਦਾ ਹੈ।

**ਉਂਗਲਾਂ ਅਤੇ ਅੰਗੂਠਾ** :- ਮੋਬਾਈਲ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਚੁੱਕਿਆ ਹੈ। ਇੰਜ ਹੀ ਦੇਰ ਤੱਕ ਲੈਪਟਾਪ ਉੱਤੇ ਅੰਗੂਠੇ ਤੇ ਉਂਗਲਾਂ ਵੱਲੋਂ ਹਰਕਤ ਕਰਨ ਨਾਲ ਜੋੜਾਂ ਉੱਤੇ ਲਗਾਤਾਰ ਜ਼ੋਰ ਪੈਂਦਾ ਹੈ, ਜਿਸ ਨਾਲ ਹੱਥਾਂ ਦੇ ਜੋੜ ਪੀੜ ਕਰਨ ਲੱਗ ਪੈਂਦੇ ਹਨ। ਗਰਦਨ ਨੂੰ ਹੇਠਾਂ ਝੁਕਾ ਕੇ ਮੋਬਾਈਲ ਵੇਖਦੇ ਰਹਿਣ ਨਾਲ ਗਰਦਨ ਦੇ ਜੋੜਾਂ ਉੱਤੇ ਬਹੁਤ ਮਾੜਾ ਅਸਰ ਪੈਂਦਾ ਹੈ। ਖੋਜਾਂ ਦੱਸਦੀਆਂ ਹਨ ਕਿ ਨਾ ਸਿਰਫ਼ ਗਰਦਨ ਬਲਕਿ ਮੋਢਿਆਂ ਉੱਤੇ ਵੀ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ। ਹਰ ਇਕ ਇੰਚ ਅੱਗੇ ਝੁਕੇ ਸਿਰ ਨਾਲ ਮੋਢਿਆਂ ਉੱਤੇ ਦੁਗਣਾ ਭਾਰ ਪੈ ਜਾਂਦਾ ਹੈ। ਜੇ ਕਿਤੇ ਠੋਡੀ; ਛਾਤੀ ਦੇ ਨੇੜੇ ਹੋ ਜਾਵੇ ਤਾਂ ਗਰਦਨ ਦੀਆਂ ਮਲੂਕ ਹੱਡੀਆਂ ਨੂੰ ਪੰਜ ਸਿਰਾਂ ਜਿੰਨਾ ਭਾਰ ਚੁੱਕਣ ਵਰਗਾ ਅਸਰ ਪੈਂਦਾ ਹੈ। ਇਸੇ ਲਈ ਗਰਦਨ ਤੇ ਮੋਢਿਆਂ ਨੂੰ ਤੰਦਰੁਸਤ ਰੱਖਣ ਲਈ ਮੇਜ਼ ਕੁਰਸੀ ਉੱਤੇ ਸਿੱਧਾ ਬਹਿ ਕੇ ਹੀ ਕੰਮ ਕਰਨਾ ਚਾਹੀਦਾ ਹੈ।

**ਉੱਚੀ ਅੱਡੀ ਵਾਲੀ ਜੁੱਤੀ :-** ਜਿੰਨੀ ਜ਼ਿਆਦਾ ਉੱਚੀ ਅੱਡੀ ਹੋਵੇ, ਓਨਾ ਹੀ ਪੈਰਾਂ ਦੀਆਂ ਉਂਗਲਾਂ ਅਤੇ ਪੰਜੇ ਉੱਤੇ ਵੱਧ ਜ਼ੋਰ ਪੈਂਦਾ ਹੈ। ਪੱਟਾਂ ਦੇ ਪੱਠਿਆਂ ਨੂੰ ਹੱਦੋਂ ਵੱਧ ਜ਼ੋਰ ਲਾ ਕੇ ਗੋਡੇ ਸਿੱਧੇ ਰੱਖਣੇ ਪੈਂਦੇ ਹਨ। ਇਹੀ ਕਾਰਨ ਹੈ ਕਿ ਰੋਜ਼ ਉੱਚੀ ਅੱਡੀ ਪਾਉਣ ਵਾਲਿਆਂ ਦੇ ਜੋੜਾਂ ਵਿਚਲਾ ਨਰਮ ਗੁੱਦਾ ਛੇਤੀ ਘਸ ਜਾਂਦਾ ਹੈ ਤੇ ਉਨ੍ਹਾਂ ਨੂੰ ਓਸਟੀਓ ਆਰਥਰਾਈਟਿਸ ਦਾ ਰੋਗ ਛੇਤੀ ਹੋ ਜਾਂਦਾ ਹੈ।

**ਘਸੇ ਹੋਏ ਜੁੱਤੇ ਪਾਉਣੇ :-** ਅੱਡੀਆਂ ਅਤੇ ਪੰਜਿਆਂ ਤੋਂ ਘਸੇ ਜੁੱਤੇ ਨਾ ਸਿਰਫ਼ ਪੈਰਾਂ, ਗੋਡੇ, ਕੂਹਲੇ ਬਲਕਿ ਪਿੱਠ ਦੇ ਜੋੜਾਂ ਉੱਤੇ ਵੀ ਮਾੜਾ ਅਸਰ ਪਾ ਦਿੰਦੇ ਹਨ। ਇਸੇ ਲਈ ਜੁੱਤਿਆਂ ਦਾ ਸਹੀ ਹੋਣਾ ਬਹੁਤ ਜ਼ਰੂਰੀ ਹੈ। ਵੱਖੋ-ਵੱਖ ਖੇਡਾਂ ਲਈ ਵੀ ਵੱਖ ਤਰ੍ਹਾਂ ਦੇ ਜੁੱਤੇ ਬਣਾਏ ਗਏ ਹਨ; ਜਿਵੇਂ ਬਾਸਕਟਬੌਲ ਲਈ ਰਤਾ ਮੋਟਾ ਥੱਲਾ ਤਾਂ ਜੋ ਗੋਡਿਆਂ ਉੱਤੇ ਜ਼ੋਰ ਨਾ ਪਵੇ। ਬਹੁਤ ਜ਼ਿਆਦਾ



ਕੁਸ਼ਨ ਥੱਲਾ, ਜਿਸ ਵਿਚ ਪੈਰ ਦੇ ਅੰਦਰਲੇ ਪਾਸੇ ਵਾਲਾ ਹਿੱਸਾ ਸਖ਼ਤ ਕਰ ਕੇ ਉੱਚਾ ਕੀਤਾ ਹੋਵੇ, ਵੀ ਲੱਤ ਦੇ ਪੱਠਿਆਂ ਉੱਤੇ ਖਿੱਚ ਪਾ ਦਿੰਦਾ ਹੈ।

**ਜੋੜਾਂ ਦੇ ਪਟਾਕੇ ਮਾਰਨੇ :-** ਕੋਈ ਵਿਰਲਾ ਹੀ ਹੋਵੇਗਾ, ਜਿਸ ਨੇ ਕਦੇ ਉਂਗਲਾਂ 'ਚ ਪਟਾਕੇ ਨਾ ਮਾਰੇ ਹੋਣ ! ਉਂਗਲਾਂ ਦੇ ਜੋੜਾਂ ਨੂੰ ਖਿੱਚ ਕੇ ਜਾਂ ਪੁੱਠਾ ਮੋੜ ਕੇ ਪਟਾਕੇ ਕੱਢਣੇ ਬਹੁਤ ਆਮ ਜਿਹੀ ਆਦਤ ਹੋ ਚੁੱਕੀ ਹੈ। ਇੰਜ ਕਰਨ ਨਾਲ ਆਰਥਰਾਈਟਿਸ ਭਾਵੇਂ ਨਾ ਹੋਵੇ ਪਰ ਹੌਲੀ-ਹੌਲੀ ਵਧਦੀ ਉਮਰ ਨਾਲ ਹੱਥਾਂ ਵਿਚ ਸੋਜਸ਼ ਜਾਂ ਪਕੜ ਵਿਚ ਕਮਜ਼ੋਰੀ ਆਉਣੀ ਸ਼ੁਰੂ ਹੋ ਜਾਂਦੀ ਹੈ।

**ਭਾਰਾ ਪਰਸ ਜਾਂ ਪਿੱਠੂ ਚੁੱਕਣਾ :-** ਰੋਜ਼ ਦੀ ਡਿਊਟੀ ਜਾਂ ਪੜ੍ਹਾਈ ਵੇਲੇ ਚੁੱਕੇ ਭਾਰੇ ਬਸਤੇ, ਪਿੱਠੂ ਜਾਂ ਭਾਰਾ ਪਰਸ ਟੰਗ ਕੇ ਤੁਰਨ ਨਾਲ ਗਲੇ ਜਾਂ ਮੋਢੇ ਦੀ ਪੀੜ ਹੋਣੀ ਸ਼ੁਰੂ ਹੋ ਜਾਂਦੀ ਹੈ। ਇਸੇ ਲਈ ਭਾਰੀ ਪਿੱਠੂ ਜਾਂ ਪਰਸ ਦਾ ਪਾਸਾ ਛੇਤੀ-ਛੇਤੀ ਬਦਲਦੇ ਰਹਿਣਾ ਚਾਹੀਦਾ ਹੈ ਤਾਂ ਜੋ ਪੱਠਿਆਂ ਅਤੇ ਜੋੜਾਂ ਵਿਚ ਖਿੱਚ ਨਾ ਪਵੇ।

**ਭਾਰ ਚੁੱਕਣਾ ਜਾਂ ਧੱਕਣਾ :-** ਜੇ ਭਾਰੀ ਚੀਜ਼ ਧੱਕਣੀ ਹੋਵੇ ਤਾਂ ਹੱਥ ਨਾਲ ਧੱਕਣ ਦੀ ਥਾਂ ਮੋਢੇ ਨਾਲ ਧੱਕਣੀ ਠੀਕ ਰਹਿੰਦੀ ਹੈ। ਇਸੇ ਹੀ ਤਰ੍ਹਾਂ ਭਾਰਾ ਮੰਜਾ ਪਰਾਂ ਧੱਕਣਾ ਜਾਂ ਉੱਤੇ ਚੁੱਕਣਾ ਹੋਵੇ ਤਾਂ ਗੋਡਿਆਂ ਨੂੰ ਮੋੜ ਕੇ ਲੱਤਾਂ ਦੇ ਪੱਠਿਆਂ ਉੱਤੇ ਭਾਰ ਪਾਉਣਾ ਚਾਹੀਦਾ ਹੈ, ਨਾ ਕਿ ਸਿੱਧੇ ਕੀਤੇ ਗੋਡੇ ਉੱਤੇ। ਜੇ ਹੱਥ ਨਾਲ ਭਾਰਾ ਥੈਲਾ ਚੁੱਕਣਾ ਪਵੇ ਤਾਂ ਉਂਗਲਾਂ ਨਾਲੋਂ ਪੂਰੀ ਮੁੱਠੀ ਵਿਚ ਘੁੱਟ ਕੇ ਚੁੱਕਣਾ ਚਾਹੀਦਾ ਹੈ ਤਾਂ ਜੋ ਇਕੱਲੀਆਂ ਉਂਗਲਾਂ ਦੇ ਜੋੜ ਨਾ ਖਿੱਚੇ ਜਾਣ।

**ਸੌਣ ਦਾ ਢੰਗ :-** ਸਿੱਧੇ ਲੇਟਣ ਨਾਲ ਜ਼ਿਆਦਾ ਭਾਰ ਚੁਫ਼ੇਰੇ ਵੰਡਿਆ ਜਾਂਦਾ ਹੈ, ਪਰ ਪੁੱਠੇ ਢਿੱਡ ਭਾਰ ਲੇਟਣ ਨਾਲ ਸਿਰ ਇੱਕ ਪਾਸੇ ਰੱਖ ਕੇ ਰੀੜ੍ਹ ਦੀ ਹੱਡੀ ਟੇਢੀ ਕਰ ਕੇ ਹਮੇਸ਼ਾ ਲੇਟਣ ਨਾਲ ਹੌਲੀ-ਹੌਲੀ ਰੀੜ੍ਹ ਦੀ ਹੱਡੀ ਤਕਲੀਫ਼ ਦੇਣ ਲੱਗ ਪੈਂਦੀ ਹੈ। ਇੰਜ ਹੀ ਬਹੁਤ ਉੱਚਾ ਸਿਰਹਾਣਾ ਲੈ ਕੇ ਨਹੀਂ ਲੇਟਣਾ ਚਾਹੀਦਾ।

**ਸਰੀਰ ਨੂੰ ਖਿੱਚ ਪਾਉਣੀ :-** ਬਾਹਵਾਂ ਅਤੇ ਲੱਤਾਂ ਨੂੰ ਖਿੱਚ ਕੇ ਆਕੜ ਲੈਣੀ ਜਾਂ ਰੈਗੂਲਰ ਪੱਠਿਆਂ ਨੂੰ ਪੂਰੀ ਤਰ੍ਹਾਂ ਖਿੱਚ ਕੇ ਸਿੱਧੇ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੋ ਪੱਠਿਆਂ ਅਤੇ ਜੋੜਾਂ ਦੀ ਲਚਕ ਬਰਕਰਾਰ ਰਹੇ।

**ਹੱਡੀਆਂ ਤਗੜੀਆਂ ਕਰਨੀਆਂ :-** 40 ਸਾਲਾਂ ਦੀ ਉਮਰ ਪੂਰੀ ਹੋ ਜਾਣ ਉੱਤੇ ਹੱਡੀਆਂ ਕਮਜ਼ੋਰ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਸੇ ਲਈ ਹਲਕਾ ਭਾਰ ਚੁੱਕ ਕੇ ਕਸਰਤ ਕਰਨੀ ਅਤੇ ਰੈਗੂਲਰ ਭੱਜਣਾ ਜਾਂ ਤੇਜ਼ ਤੁਰਨਾ ਜਿੱਥੇ ਪੱਠੇ ਮਜ਼ਬੂਤ ਕਰਦਾ ਹੈ, ਉੱਥੇ ਹੱਡੀਆਂ ਨੂੰ ਵੀ ਛੇਤੀ ਖੁਰਨ ਨਹੀਂ ਦਿੰਦਾ। ਇੰਜ ਜੋੜ ਵੀ ਲਚਕੀਲੇ ਹੋ ਜਾਂਦੇ ਹਨ।

**ਸਿਗਰਟਨੋਸ਼ੀ :-** ਸਿਗਰਟ ਵਿਚਲੀ ਨਿਕੋਟੀਨ ਹੱਡੀਆਂ ਵੱਲ ਜਾਂਦੇ ਲਹੂ ਨੂੰ ਘਟਾ ਦਿੰਦੀ ਹੈ ਤੇ ਜੋੜਾਂ ਨੂੰ ਸਖ਼ਤ ਕਰ ਦਿੰਦੀ ਹੈ। ਹੱਡੀਆਂ ਵਿਚ ਕੈਲਸ਼ੀਅਮ ਦਾ ਜੰਮਣਾ ਵੀ ਘਟਾ ਦਿੰਦੀ ਹੈ ਅਤੇ ਈਸਟਰੋਜਨ ਹਾਰਮੋਨ ਦੀ ਟੁੱਟ ਫੁੱਟ ਵਧਾ ਦਿੰਦੀ ਹੈ, ਜਿਸ ਨਾਲ ਹੱਡੀਆਂ ਬਹੁਤ ਕਮਜ਼ੋਰ ਹੋ ਜਾਂਦੀਆਂ ਹਨ ਤੇ ਛੇਤੀ ਤਿੜਕ ਜਾਂਦੀਆਂ ਹਨ। ਜੋੜ ਵੀ ਚੀਕਣ ਲੱਗ ਪੈਂਦੇ ਹਨ।

**ਉਨੀਂਦਰਾ :-** ਜਿਨ੍ਹਾਂ ਨੂੰ ਆਰਥਰਾਈਟਿਸ ਹੋਵੇ, ਉਨ੍ਹਾਂ ਨੂੰ ਉਨੀਂਦਰੇ ਨਾਲ ਵੱਧ ਪੀੜ ਮਹਿਸੂਸ

ਹੁੰਦੀ ਹੈ। ਇਸੇ ਲਈ ਪੂਰੇ 8 ਘੰਟੇ ਦੀ ਨੀਂਦਰ ਜ਼ਰੂਰ ਲੈਣੀ ਚਾਹੀਦੀ ਹੈ।

**ਕਾਊਚ ਪੋਟੈਟੋ :-** ਆਰਾਮ ਕੁਰਸੀ ਉੱਤੇ ਪਸਰ ਕੇ ਲੇਟਣ ਵਾਲੇ ਜ਼ਿਆਦਾਤਰ ਜੋੜਾਂ ਦੀ ਦਰਦ ਸਹੇੜ ਲੈਂਦੇ ਹਨ ਕਿਉਂਕਿ ਵੱਖੋ-ਵੱਖ ਜੋੜ ਹੌਲੀ-ਹੌਲੀ ਟੇਡੇ ਹੋ ਕੇ ਜਾਮ ਹੋਣ ਲੱਗ ਪੈਂਦੇ ਹਨ। ਪਿੱਠ ਦਾ ਵੀ ਨਾਸ ਵੱਜ ਜਾਂਦਾ ਹੈ। ਇਸੇ ਲਈ ਸਿੱਧੇ ਕੁਰਸੀ ਉੱਤੇ ਬੈਠਣ ਵਿਚ ਹੀ ਭਲਾਈ ਹੈ।

**ਪੀੜ ਨੂੰ ਜਰਨਾ :-** ਕਸਰਤ ਦੌਰਾਨ ਹਲਕੀ ਪੀੜ ਨੂੰ ਜ਼ਰੂਰ ਜਰਨਾ ਚਾਹੀਦਾ ਹੈ ਤੇ ਕਸਰਤ ਜਾਰੀ ਰੱਖਣੀ ਚਾਹੀਦੀ ਹੈ। ਤਿੱਖੀ ਪੀੜ ਹੋਣ ਲੱਗ ਪਵੇ ਤਾਂ ਡਾਕਟਰੀ ਚੈੱਕਅਪ ਜ਼ਰੂਰੀ ਹੈ।

**ਟੈਨਿਸ ਐਲਬੋ :-**ਜੇ ਇੱਕੋ ਹੀ ਗੇਮ ਖੇਡੀ ਜਾ ਰਹੀ ਹੋਵੇ ਤਾਂ ਇਕ ਜੋੜ ਉੱਤੇ ਪੂਰਾ ਜ਼ੋਰ ਪੈ ਜਾਂਦਾ ਹੈ ਤੇ ਜੋੜ ਖ਼ਰਾਬ ਹੋ ਸਕਦਾ ਹੈ; ਜਿਵੇਂ ਕਿ ਟੈਨਿਸ ਗੇਮ ਖੇਡਦਿਆਂ ਅਰਕ ਦਾ ਆਕੜ ਜਾਣਾ ਜਾਂ ਪੀੜ ਹੋਣ ਲੱਗ ਪੈਣਾ। ਇਸੇ ਲਈ ਬਾਕੀ ਜੋੜਾਂ ਦੀ ਕਸਰਤ ਜ਼ਰੂਰ ਕਰਦੇ ਰਹਿਣਾ ਚਾਹੀਦਾ ਹੈ। ਵਿਚ-ਵਿਚ ਕਿਸੇ ਦਿਨ ਉਹ ਗੇਮ ਛੱਡ ਕੇ ਹੋਰ ਕਸਰਤਾਂ ਕਰਨ ਦੀ ਲੋੜ ਹੁੰਦੀ ਹੈ।

**ਸਿਹਤਮੰਦ ਜੋੜਾਂ ਲਈ ਖ਼ੁਰਾਕ ਕੀ ਹੋਵੇ ?**

ਓਮੇਗਾ ਤਿੰਨ ਫੈਟੀ ਏਸਿਡ ਜੋੜਾਂ ਨੂੰ ਤੰਦਰੁਸਤ ਰੱਖਣ ਵਿਚ ਮਦਦ ਕਰਦੇ ਹਨ। ਇਸੇ ਲਈ ਸੁੱਕੇ ਮੇਵੇ; ਜਿਵੇਂ ਬਦਾਮ, ਅਖਰੋਟ ਅਤੇ ਚੀਆ ਬੀਜ, ਅਲਸੀ ਜ਼ਰੂਰ ਲੈਂਦੇ ਰਹਿਣਾ ਚਾਹੀਦਾ ਹੈ।

ਮੱਛੀ

ਫਲ ਜਿਵੇਂ ਬਲੂਬੈਰੀਆਂ, ਅਨਾਨਾਸ

ਸਬਜ਼ੀਆਂ; ਜਿਵੇਂ ਟਮਾਟਰ, ਫੁੱਲ ਗੋਭੀ, ਬਰੋਕਲੀ, ਹਰੀਆਂ ਫਲੀਆਂ ਆਦਿ।

ਦਾਲਾਂ, ਸੋਇਆਬੀਨ

ਓਲਿਵ ਤੇਲ

ਛਾਣਬੂਰੇ ਵਾਲਾ ਆਟਾ, ਖ਼ਾਸ ਕਰ ਰਾਗੀ ਦਾ ਆਟਾ ਅਤੇ ਕੋਧਰਾ

ਗੰਢੇ, ਅਦਰਕ, ਥੋਮ, ਹਲਦੀ

ਡਾਰਕ ਚਾਕਲੇਟ

**ਕਿਹੜੇ ਖਾਣੇ ਨਹੀਂ ਖਾਣੇ ਚਾਹੀਦੇ :-**

* ਪ੍ਰੋਸੈੱਸਡ ਖਾਣੇ
* ਤਲੇ ਖਾਣੇ
* ਓਮੇਗਾ 6 ਫੈਟੀ ਏਸਿਡ, ਸੈਚੂਰੇਟਿਡ ਥਿੰਦਾ
* ਖੰਡ

**ਸਾਰ :-** ਗੱਡੀ ਵੀ ਜੇ ਬਹੁਤੀ ਦੇਰ ਖੜ੍ਹੀ ਰਹੇ ਤਾਂ ਜਾਮ ਹੋ ਜਾਂਦੀ ਹੈ। ਇੰਜ ਹੀ ਸਰੀਰ ਨੂੰ ਜੇ ਨਾ ਤੋਰਿਆ ਜਾਵੇ ਤਾਂ ਸਰੀਰ ਅੰਦਰਲਾ ਸਾਰਾ ਕਾਰਖ਼ਾਨਾ ਹੀ ਜਾਮ ਹੋ ਜਾਂਦਾ ਹੈ। ਇਸੇ ਲਈ ਰੋਜ਼ਾਨਾ ਦੀ ਕਸਰਤ, ਸੰਤੁਲਿਤ ਖ਼ੁਰਾਕ, ਬੈਠਣ ਦਾ ਸਹੀ ਢੰਗ ਅਪਣਾਉਣ ਤੇ ਬੇਲੋੜੀ ਮੋਬਾਈਲ ਦੀ ਵਰਤੋਂ ਨਾ ਕਰਨਾ ਸਾਨੂੰ ਤੰਦਰੁਸਤ ਰੱਖਣ ਲਈ ਬੇਹੱਦ ਜ਼ਰੂਰੀ ਹਨ।

-0-

# ਗਰਮੀਆਂ ਵਿਚ ਕਮਾਦ ਦੀ ਸਾਂਭ-ਸੰਭਾਲ

ਕਮਾਦ ਪੰਜਾਬ ਦੀ ਬਹੁਤ ਹੀ ਮਹੱਤਵਪੂਰਨ ਫ਼ਸਲ ਹੈ। ਕਿਸਾਨ ਦੀ ਆਰਥਿਕਤਾ ਵਿੱਚ ਸੁਧਾਰ ਕਰਨ ਵਿੱਚ ਕਮਾਦ ਦੀ ਫ਼ਸਲ ਵੱਡਾ ਯੋਗਦਾਨ ਪਾਉਂਦੀ ਹੈ। ਕਮਾਦ ਨੂੰ ਮੁਨਾਫ਼ੇਯੋਗ ਬਣਾਉਣ ਲਈ ਇਸ ਦੀ ਵਿਗਿਆਨਕ ਖੇਤੀ ਦੀ ਬਹੁਤ ਮਹੱਤਤਾ ਹੈ। ਬਿਜਾਈ ਤੋਂ ਬਾਅਦ ਖਾਦ, ਨਦੀਨ ਅਤੇ ਪਾਣੀ ਪ੍ਰਬੰਧ ਵਧੀਆ ਤਰੀਕਿਆਂ ਨਾਲ ਕੀਤਾ ਜਾਵੇ ਤਾਂ ਇਸ ਦੇ ਝਾੜ ਵਿੱਚ ਚੋਖਾ ਵਾਧਾ ਕੀਤਾ ਜਾ ਸਕਦਾ ਹੈ।

**ਖਾਦ ਪ੍ਰਬੰਧ:** ਫਰਵਰੀ-ਮਾਰਚ ਵਿੱਚ ਬੀਜੇ ਕਮਾਦ ਨੂੰ ਅੱਧੀ ਯੂਰੀਆ ਖਾਦ ਪਹਿਲੇ ਪਾਣੀ ਨਾਲ ਪਾ ਦਿੱਤੀ ਜਾਵੇ ਅਤੇ ਬਾਕੀ ਰਹਿੰਦੀ ਅੱਧੀ 65 ਕਿਲੋ ਯੂਰੀਆ ਪ੍ਰਤੀ ਏਕੜ ਨੂੰ ਮਈ ਅਖੀਰ ਜਾਂ ਜੂਨ ਮਹੀਨੇ ਵਿੱਚ ਕਮਾਦ ਦੀਆਂ ਕਤਾਰਾਂ ਦੇ ਨਾਲ ਪਾਓ। ਮੂਢੀ ਫ਼ਸਲ ਨੂੰ ਤੀਜੀ ਅਤੇ ਆਖਰੀ ਕਿਸ਼ਤ 65 ਕਿਲੋ ਯੂਰੀਆ ਪ੍ਰਤੀ ਏਕੜ ਪਾਓ।

**ਲੋਹੇ ਦੀ ਘਾਟ:** ਰੇਤਲੀਆਂ ਜ਼ਮੀਨਾਂ ਵਿੱਚ ਲੋਹੇ ਦੀ ਘਾਟ ਆ ਜਾਂਦੀ ਹੈ ਜੋ ਕਿ ਪਹਿਲਾਂ ਨਵੇਂ ਪੱਤਿਆਂ ਵਿੱਚ ਹਰੀਆਂ ਨਾੜਾਂ ਵਿਚਕਾਰ ਪੀਲੀਆਂ ਧਾਰੀਆਂ ਦੇ ਰੂਪ ਵਿੱਚ ਆਉਂਦੀ ਹੈ। ਘਾਟ ਦੇ ਲੱਛਣ ਆਉਣ 'ਤੇ 2-3 ਛਿੜਕਾਅ 1 ਪ੍ਰਤੀਸ਼ਤ ਫੈਰੇਸ ਸਲਫੇਟ (1 ਕਿਲੋ ਫੈਰਸ ਸਲਫੇਟ 100 ਲਿਟਰ ਪਾਣੀ ਵਿੱਚ) ਦੇ ਹਫ਼ਤੇ-ਹਫ਼ਤੇ ਦੇ ਫ਼ਰਕ 'ਤੇ ਕਰੋ।

**ਫ਼ਸਲਾਂ ਦੀ ਰਹਿੰਦ ਖੂੰਹਦ ਨਾਲ ਮਲਚਿੰਗ:** ਕਮਾਦ ਵਿਚਲੀਆਂ ਕਤਾਰਾਂ ਨੂੰ ਝੋਨੇ ਦੀ ਪਰਾਲੀ ਜਾਂ ਧਾਨ ਦੇ ਛਿਲਕੇ ਜਾਂ ਕਮਾਦ ਦੀ ਖੋਰੀ ਨਾਲ ਢੱਕ ਦਿਓ। ਇਸ ਨਾਲ ਜਿੱਥੇ ਨਦੀਨ ਘੱਟ ਉੱਗਣਗੇ ਉੱਥੇ ਜ਼ਮੀਨ ਦੀ ਨਮੀ ਵੀ ਸਾਂਭੀ ਰਹਿੰਦੀ ਹੈ ਅਤੇ ਆਗ ਦਾ ਗੜੂੰਆ ਵੀ ਘੱਟ ਨੁਕਸਾਨ ਕਰਦਾ ਹੈ।

**ਨਦੀਨਾਂ ਦਾ ਪ੍ਰਬੰਧ:** ਜੇਕਰ ਖੇਤ ਵਿੱਚ ਘਾਹ ਫੂਸ ਜਾਂ ਪਰਾਲੀ ਦੀ ਮਲਚਿੰਗ ਨਹੀਂ ਕੀਤੀ ਹੈ ਤਾਂ 2-3 ਗੋਡੀਆਂ ਤ੍ਰਿਫਾਲੀ ਜਾਂ ਟਰੈਕਟਰ ਨਾਲ ਚੱਲਣ ਵਾਲੇ ਟਿੱਲਰ ਜਾਂ ਰੋਟਰੀ ਵੀਡਰ ਨਾਲ ਕਰੋ। ਕਾਸ਼ਤਕਾਰੀ ਢੰਗਾਂ ਤੋਂ ਇਲਾਵਾ ਰਸਾਇਣਾਂ ਨਾਲ ਵੀ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਕਮਾਦ ਵਿੱਚ ਮੌਸਮੀ ਘਾਹ, ਮੋਥੇ ਅਤੇ ਚੌੜੇ ਪੱਤਿਆਂ ਵਾਲੇ ਨਦੀਨਾਂ ਦੀ ਰੋਕਥਾਮ ਲਈ ਪ੍ਰਤੀ ਏਕੜ 1200 ਗ੍ਰਾਮ ਟ੍ਰਿਸਕੇਲ-ਤ੍ਰਿਸ਼ੂਕ (2,4 ਡੀ ਸੋਡੀਅਮ ਸਾਲਟ 44% + ਮੈਟ੍ਰੀਬਿਊਜ਼ਿਨ 35% + ਪਾਈਰਾਜ਼ੋਸਲਫਿਉਰਾਨ ਈਥਾਈਲ 1%) ਡਬਲਯੂ ਡੀ ਜੀ ਜਾਂ 1000 ਗ੍ਰਾਮ ਸਿੰਡਿਕਾ (2.4 ਡੀ ਸੋਡੀਅਮ ਸਾਲਟ 48% + ਮੈਟ੍ਰੀਬਿਊਜ਼ਿਨ 32% + ਕਲੋਰੀਮਿਊਰੋਨ ਈਥਾਈਲ 0 %) ਡਬਲਯੂ ਡੀ ਜੀ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ, ਜਦੋਂ ਨਦੀਨ 3-5 ਪੱਤਿਆਂ ਦੀ ਅਵਸਥਾ ਵਿੱਚ ਹੋਣ ਤਾਂ ਛਿੜਕਾਅ ਕਰੋ। ਡੀਲੇ ਦੀ ਰੋਕਥਾਮ ਲਈ ਖੜ੍ਹੀ ਫ਼ਸਲ ਵਿੱਚ 800 ਗ੍ਰਾਮ ਪ੍ਰਤੀ ਏਕੜ 2,4 ਡੀ ਸੋਡੀਅਮ ਸਾਲਟ 80 ਡਬਲਯੂ ਪੀ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। ਲਪੇਟਾ ਵੇਲ ਅਤੇ ਹੋਰ ਚੌੜੇ ਪੱਤੇ ਵਾਲੇ ਨਦੀਨਾਂ ਦੀ ਰੋਕਥਾਮ ਲਈ 800 ਗ੍ਰਾਮ 2,4 ਡੀ ਸੋਡੀਅਮ ਸਾਲਟ 80 ਡਬਲਯੂ ਪੀ ਜਾਂ 400 ਮਿਲੀਲੀਟਰ 2,4 ਡੀ ਅਮਾਈਨ ਸਾਲਟ 58 ਈ ਐੱਸ ਐੱਲ ਦਾ ਛਿੜਕਾਅ ਕਰੋ। ਜੇਕਰ ਕਮਾਦ ਵਿੱਚ ਕਿਸੇ ਵੀ ਅੰਤਰ ਫ਼ਸਲ ਦੀ ਕਾਸ਼ਤ ਕੀਤੀ ਗਈ ਹੈ ਤਾਂ ਉਪਰੋਕਤ ਨਦੀਨ ਨਾਸ਼ਕਾਂ ਦੀ ਵਰਤੋਂ ਨਾ ਕੀਤੀ ਜਾਵੇ। ਨਰਮੇਂ ਦੀ ਕਾਸ਼ਤ ਵਾਲੇ ਇਲਾਕਿਆਂ ਵਿੱਚ 2.4 ਡੀ ਦੀ ਵਰਤੋਂ ਤੋਂ ਗੁਰੇਜ਼ ਕੀਤਾ ਜਾਵੇ।

**ਪਾਣੀ ਪ੍ਰਬੰਧ:** ਜੂਨ ਵਿੱਚ ਮੌਸਮ ਗਰਮ ਅਤੇ ਖੁਸ਼ਕ ਹੋਣ ਕਾਰਨ 7-10 ਦਿਨਾਂ ਦੇ ਵਕਫ਼ੇ 'ਤੇ ਲੋੜ ਮੁਤਾਬਿਕ ਪਾਣੀ ਲਾਉਂਦੇ ਰਹੋ। ਬਾਰਸ਼ਾਂ ਦੇ ਦਿਨਾਂ ਵਿੱਚ ਲੋੜ ਅਨੁਸਾਰ ਹੀ ਸਿੰਚਾਈ ਕਰੋ। ਜੇ ਹੋ ਸਕੇ ਤਾਂ ਬਾਰਸ਼ਾਂ ਦੌਰਾਨ ਵਾਧੂ ਪਾਣੀ ਖੇਤ ਵਿੱਚੋਂ ਕੱਢ ਦਿੱਤਾ ਜਾਵੇ।

**ਕਮਾਦ ਨੂੰ ਡਿੱਗਣ ਤੋਂ ਬਚਾਉਣ ਲਈ:** ਕਮਾਦ ਨੂੰ ਮੌਨਸੂਨ ਸ਼ੁਰੂ ਹੋਣ ਤੋਂ ਪਹਿਲਾਂ ਮਿੱਟੀ ਚੜ੍ਹਾਓ। ਕਮਾਦ ਡਿੱਗਣ ਨਾਲ ਜਿੱਥੇ ਚੂਹੇ ਦਾ ਹਮਲਾ ਵਧ ਜਾਂਦਾ ਹੈ, ਉੱਥੇ ਝਾੜ ਅਤੇ ਖੰਡ ਦੀ ਰਿਕਵਰੀ ਵਿੱਚ ਵੀ ਕਾਫ਼ੀ ਗਿਰਾਵਟ ਆਉਂਦੀ ਹੈ। ਅਗਸਤ ਦੇ ਅਖੀਰ ਜਾਂ ਸਤੰਬਰ ਦੇ ਸ਼ੁਰੂ ਵਿੱਚ ਫ਼ਸਲ ਦੇ ਮੂਏ ਬੰਨ੍ਹ ਦਿਓ।

*ਖੇਤਰੀ ਖੋਜ ਕੇਂਦਰ, ਫਰੀਦਕੋਟ ਅਤੇ ਕਪੂਰਥਲਾ

ਸੰਪਰਕ: 95011-16278

# ਗੁਰਮਤਿ ਸੰਜੋਗ

ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿੱਖ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।



## ਲਾੜੀ ਦੀ ਲੋੜ

**ਫਾਰਮ ਨੰ. 303**

ਲੁਧਿਆਣਾ ਵਾਸੀ ਗੁਰਸਿੱਖ, ਜਨਮ ਮਿਤੀ 11-12-82, ਕੱਦ 5'-8", Qualification BHMS, MD, ਹੋਮਿਊਪੈਥੀ ਡਾਕਟਰ ਆਪਣਾ ਕਲੀਨਿਕ ਲਈ ਯੋਗ ਕੰਨਿਆ ਦੀ ਲੋੜ ਹੈ। ਸੰਪਰਕ: 94639-11443, 94640-39043

**ਫਾਰਮ ਨੰ. 371:** ਲੁਧਿਆਣਾ ਵਾਸੀ, ਜਨਮ ਮਿਤੀ 06-12-91, ਕੱਦ 5'-10" M.Com, MBA, Bed., ਆਮਦਨ 50000/- ਮਹੀਨਾ, Teaching & Self Coaching Centre ਲਈ ਲੜਕੀ ਦੀ ਲੋੜ ਹੈ। ਸੰਪਰਕ: 98143-84999

**ਫਾਰਮ ਨੰ. 372:** ਲੁਧਿਆਣਾ ਵਾਸੀ, ਜਨਮ ਮਿਤੀ 13-7-94, ਕੱਦ 5'-8" B-Tech Elec. Engineering, Settled in Canada ਲਈ ਲੜਕੀ ਦੀ ਲੋੜ ਹੈ। ਸੰਪਰਕ: 94647-63356

**ਫਾਰਮ ਨੰ. 373:** ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 6 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

**ਫਾਰਮ ਨੰ. 375:** Ludhiana Area, DOB 23-03-94, Hight 6'-2" Doing MD (Medicine) 2nd Year Want a Doctor Girl Should Be Gursikh either MD (Clinical) or Doing MD. Contact: 98550-10569, 87288-00569

**ਫਾਰਮ ਨੰ. 376:** ਲੁਧਿਆਣਾ ਵਾਸੀ, ਜਨਮ ਮਿਤੀ 27-4-83, ਕੱਦ 5'-9", Diploma in Software/Hardware, Occupation Auditor ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ : 75890-64853

**ਫਾਰਮ ਨੰ. 377:** ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

**ਫਾਰਮ ਨੰ. 378:** Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

**ਫਾਰਮ ਨੰ. 379:** ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDH ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

**ਫਾਰਮ ਨੰ. 380:** ਭਿੱਖੀਵਿੰਡ ਵਾਸੀ, ਜਨਮ ਮਿਤੀ 8-12-1995, ਕੱਦ 5'-11", MA-History, Job in ICICI Bank, ਸੈਲਰੀ 28,000/- 5 ਏਕੜ ਜ਼ਮੀਨ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 85679-70737

**ਫਾਰਮ ਨੰ. 381:** ਲੁਧਿਆਣਾ ਵਾਸੀ, ਜਨਮ ਮਿਤੀ 12-12-1993, ਕੱਦ 5'-6", +2, ਆਪਣੀ ਗੋਲਡ ਜਵੈਲਰੀ ਦੀ ਦੁਕਾਨ, ਸੰਪਰਕ: 81465-40125, 82890-80662

**ਫਾਰਮ ਨੰ. 383:** ਲੁਧਿਆਣਾ ਵਾਸੀ, ਜਨਮ ਮਿਤੀ 10-02-1991, ਕੱਦ 5'-8", B.Tech (Mech.) ਆਪਣਾ ਕਾਰੋਬਾਰ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 98146-47179

**ਫਾਰਮ ਨੰ. 384:** ਜਨਮ ਮਿਤੀ 27-10-1991, ਕੱਦ 5'-9", BBA, ਆਪਣਾ ਕਾਰੋਬਾਰ Running Hotel on Lease ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 70096-42659

**ਫਾਰਮ ਨੰ. 385:** ਅਮਰੀਕਾ ਨਾਗਰਿਕ, ਜਨਮ ਮਿਤੀ 01-05-1996, ਕੱਦ 5'-9", Qualification B-Pharmacy, ਲਈ ਯੋਗ ਲੜਕੀ ਦੀ ਲੋੜ ਹੈ ਨਰਸਿੰਗ ਕੀਤੀ ਲੜਕੀ ਨੂੰ ਪਹਿਲ। ਸੰਪਰਕ: 99887-78082, +1-848-235-8564

**ਫਾਰਮ ਨੰ. 386:** ਲੁਧਿਆਣਾ ਵਾਸੀ, ਜਨਮ ਮਿਤੀ 31-7-1993, ਕੱਦ 5'-7", Qualification 10+2, Private Job Electrical Material Marketing Salary 45,000/- ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 95017-44821

**ਫਾਰਮ ਨੰ. 387:** ਲੁਧਿਆਣਾ ਵਾਸੀ, ਜਨਮ ਮਿਤੀ 25-12-1990, ਕੱਦ 6'-0", Qualification B.Sc., own Medical Shop & many other properties, Good Income ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 99885-18270, 85286-59090

**ਫਾਰਮ ਨੰ. 388:** ਲੁਧਿਆਣਾ ਵਾਸੀ, ਜਨਮ ਮਿਤੀ 04-08-1995, ਕੱਦ 5'-10", Qualification +2, Private Job, Salary 18000/- ਅੰਮ੍ਰਿਤਧਾਰੀ ਲਈ ਅੰਮ੍ਰਿਤਧਾਰੀ, ਦੁਮਾਲਾ ਵਾਲੀ ਯੋਗ ਲੜਕੀ ਦੀ ਲੋੜ ਹੈ। ਸੰਪਰਕ: 93592-20005, 75084-21123

**ਫਾਰਮ ਨੰ. 389:** ਲੁਧਿਆਣਾ ਵਾਸੀ, ਜਨਮ ਮਿਤੀ 01-07-1991, ਕੱਦ 5'-6", Qualification B.A, Occupation Accountant ਲਈ ਗੁਰਸਿੱਖ, ਅੰਮ੍ਰਿਤਧਾਰੀ, ਲੜਕੀ ਦੀ ਲੋੜ ਹੈ। ਸੰਪਰਕ 99880-41300, 99154-41932

**ਫਾਰਮ ਨੰ. 390:** ਲੁਧਿਆਣਾ ਵਾਸੀ, ਜਨਮ ਮਿਤੀ 26-5-1993, ਕੱਦ 5'-7", Qualification Master in Big Analytics (Hons.) Occupation Data Analytics at Canada Post ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 95018-79056

**ਫਾਰਮ ਨੰ. 391:** ਲੁਧਿਆਣਾ ਵਾਸੀ, ਜਨਮ ਮਿਤੀ 4-7-1995, ਕੱਦ 5'-6", Qualification BA, Business Own Pipe Shop at Ludhiana ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 94643-54516, 98729-36952

**ਫਾਰਮ ਨੰ. 391:** ਸਰਹਿੰਦ ਵਾਸੀ, ਜਨਮ ਮਿਤੀ 14-11-1993, ਕੱਦ 5'-10", Qualification B.Com, Private Job Assistant Agriculture Department ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ 95404-89803

**ਫਾਰਮ ਨੰ. 392:** ਲੁਧਿਆਣਾ ਵਾਸੀ, ਜਨਮ ਮਿਤੀ 12-11-94, ਕੱਦ 5'-4", Qualification B.com, MBA, Business, ਲਈ ਯੋਗ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98885-17812

**ਫਾਰਮ ਨੰ. 393:** ਹਰੀਕੇ (ਤਰਨਤਾਰਨ) ਵਾਸੀ, ਜਨਮ ਮਿਤੀ 28-4-1993, ਕੱਦ 5'-7" ਪੜ੍ਹਾਈ B.A., Art & Craft Diploma 2 years, Self Employee ਗੁਰਸਿੱਖ ਅੰਮ੍ਰਿਤਧਾਰੀ ਲੜਕੇ ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ: 9876738466

-0-

## ਲਾੜੇ ਦੀ ਲੋੜ

**ਫਾਰਮ ਨੰ. 361:** ਜਲੰਧਰ ਵਾਸੀ, ਗੁਰਸਿੱਖ ਅੰਮ੍ਰਿਤਧਾਰੀ ਵਿਡੋ (Widow) ਲੜਕੀ, ਜਨਮ ਮਿਤੀ 5-11-1981, MCA ਲਈ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ: 98728-10427

**ਫਾਰਮ ਨੰ. 364:** ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Govt. Teacher ਲਈ ਲੜਕੇ ਦੀ ਲੋੜ ਹੈ। ਕੇਵਲ ਲੁਧਿਆਣਾ ਜ਼ਿਲ੍ਹੇ ਵਾਲੇ ਹੀ ਸੰਪਰਕ ਕਰਨ: 95018-94943, 98765-55925

**ਫਾਰਮ ਨੰ. 394:** ਲੁਧਿਆਣਾ ਵਾਸੀ, ਜਨਮ 1982, B.A., Fashion Designer ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 99153-12064

-0-

# ਜੂਨ ਮਹੀਨੇ ਦੀਆਂ ਸਰਗਰਮੀਆਂ

**ਮਾਝਾ:-**

**1. ਮਾਲੂਵਾਲ (98885-20250)-** ਕੇਂਦਰ ਦੇ ਪ੍ਰਚਾਰਕ ਭਾਈ ਨਿਰਮਲ ਸਿੰਘ ਵਲੋਂ 8 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਵੱਖ-ਵੱਖ ਪਿੰਡਾਂ ਵਿੱਚ ਹੋਏ ਸਮਾਗਮਾਂ ਵਿੱਚ ਭਾਈ ਨਿਰਮਲ ਸਿੰਘ ਵਲੋਂ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ।

**2. ਤਰਨਤਾਰਨ (94654-93275)-** ਕੇਂਦਰ ਦੇ ਪ੍ਰਚਾਰਕ ਭਾਈ ਦਵਿੰਦਰ ਸਿੰਘ ਕੈਰੋਂ ਵੱਲੋਂ 2 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਪਿੰਡ ਪਲਾਸੌਰ ਵਿਖੇ ਪੰਜ ਰੋਜਾ ਗੁਰਮਤਿ ਕੈਂਪ ਲਗਾਇਆ ਗਿਆ, ਜਿਸ ਵਿੱਚ ਲਗਭਗ 150 ਬੱਚਿਆਂ ਨੇ ਹਿੱਸਾ ਲਿਆ। ਇਹ ਕੈਂਪ ਸੁਖਮਨੀ ਸਾਹਿਬ ਸੁਸਾਇਟੀ ਪਿੰਡ ਪਲਾਸੌਰ ਦੇ ਸਹਿਯੋਗ ਨਾਲ ਲਗਾਇਆ ਗਿਆ। ਦੂਸਰਾ ਗੁਰਮਤਿ ਕੈਂਪ ਰੂੜੇ ਆਸਲ ਵਿਖੇ ਲਗਾਇਆ ਗਿਆ। ਇਹ ਕੈਂਪ ਹੁਸ਼ਿਆਰ ਸਿੰਘ ਤੇ ਪਿੰਡ ਦੇ ਸਹਿਯੋਗ ਨਾਲ ਲਗਾਇਆ ਗਿਆ।

**3.ਪਰਿੰਗੜੀ (95923-67125, 98718-09216)-** ਕੇਂਦਰ ਦੇ ਪ੍ਰਚਾਰਕ ਭਾਈ ਗੁਰਪ੍ਰੀਤ ਸਿੰਘ ਵਲੋਂ ਹਰ ਐਤਵਾਰ ਨੂੰ ਬੱਚਿਆਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਜਾਂਦੀ ਹੈ। ਹਰ ਸਨਿਚਰਵਾਰ ਨੂੰ ਗ੍ਰੰਥੀ ਸਿੰਘ ਭਾਈ ਜਸਵਿੰਦਰ ਸਿੰਘ ਗੁਰਬਾਣੀ ਸੰਥਿਆ ਦੀ ਕਲਾਸ ਲਗਾਉਂਦੇ ਹਨ। ਦੋਵੇਂ ਦਿਨਾਂ ਵਿੱਚ ਤਕਰੀਬਨ 30-40 ਵਿਦਿਆਰਥੀ ਹਾਜ਼ਰੀ ਭਰਦੇ ਹਨ। ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਬੱਚਿਆਂ ਦੇ ਧਾਰਮਿਕ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਕੈਪਟਨ ਅਵਤਾਰ ਸਿੰਘ ਜੀ ਸਮੁੱਚੀ ਟੀਮ ਨਾਲ ਪਹੁੰਚੇ।

**ਮਾਲਵਾ:-**

**4. ਬੁਗਰਾ (70097-82466)-** ਪ੍ਰਚਾਰਕ ਭਾਈ ਅੰਮ੍ਰਿਤਪਾਲ ਸਿੰਘ ਵਲੋਂ 1 ਜੂਨ ਤੋਂ ਲੈ ਕੇ 6 ਜੂਨ ਤੱਕ 1984 ਦੇ ਘੱਲੂਘਾਰੇ ਦੀ ਲੜੀਵਾਰ ਇਤਿਹਾਸ ਦੀ ਵਿਚਾਰ ਕੀਤੀ ਗਈ। 16 ਜੂਨ ਨੂੰ ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਤੇ ਇਤਿਹਾਸਕ ਵਿਚਾਰਾਂ ਦੀ ਸਾਂਝ ਪਾਈ ਗਈ। 25 ਜੂਨ ਨੂੰ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹੀਦੀ ਤੇ ਸੰਗਤ ਨਾਲ ਵਿਚਾਰਾਂ ਦੀ ਸਾਂਝ ਪਾਈ ਗਈ। ਗੁਰਦੁਆਰਾ ਸਾਹਿਬ ਵਿਖੇ ਹਰ ਰੋਜ ਗੁਰਮਤਿ ਤੇ ਕੰਪਿਊਟਰ ਦੀ ਕਲਾਸ ਲਗਾਈ ਜਾਂਦੀ ਹੈ। ਸਵੇਰ ਸਮੇਂ ਕਥਾ-ਵਿਚਾਰ ਵੀ ਕੀਤੀ ਜਾਂਦੀ ਹੈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤਾ ਹੈ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**5. ਲਤਾਲਾ (98556-27927)-** ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵੱਲੋਂ 22 ਜੂਨ ਨੂੰ ਪਿੰਡ ਲਤਾਲਾ ਵਿਖੇ ਦਸਤਾਰ, ਕਵਿਤਾ ਅਤੇ ਲੰਮੇ ਕੇਸ ਮੁਕਾਬਲੇ ਕਰਵਾਏ ਗਏ, ਜਿਸ ਵਿੱਚ 100 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ, ਜੇਤੂ ਵਿਦਿਆਰਥੀਆਂ ਨੂੰ ਨਗਦ ਇਨਾਮ ਤੇ ਟਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ। ਕਾਲਜ ਵਲੋਂ ਵੀਰ ਅਮਰਪ੍ਰੀਤ ਸਿੰਘ ਗੁੱਜਰਵਾਲ ਵਲੋਂ ਜੱਜਮੈਂਟ ਦੀ ਸੇਵਾ ਨਿਭਾਈ ਗਈ ਅਤੇ ਇਤਿਹਾਸਕ ਵਿਚਾਰਾਂ ਸਾਂਝੀਆਂ ਕੀਤੀਆਂ ਗਈਆਂ। 25 ਜੂਨ ਨੂੰ ਗੁਰੂ ਅਰਜਨ ਸਾਹਿਬ ਜੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ 'ਤੇ ਜੂਨ 84 ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਦਸਤਾਰ ਮੁਕਾਬਲੇ ਅਤੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ ਗਏ। ਜੇਤੂ ਬੱਚਿਆਂ ਨੂੰ ਨਗਦ ਇਨਾਮ, ਟਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ, ਲਾਇਬ੍ਰੇਰੀ ਕਾਲਖ ਵਲੋਂ ਲਿਟਰੇਚਰ ਵੰਡਿਆ ਗਿਆ। 2 ਬੱਚਿਆਂ ਨੇ ਐਲੀਮੈਂਟਰੀ ਕੋਰਸ ਸ਼ੁਰੂ ਕੀਤਾ ਹੈ।

**6. ਪਟਿਆਲਾ (87289-34413)-** ਪ੍ਰਚਾਰਕ ਬੀਬੀ ਬਲਜੀਤ ਕੌਰ ਵਲੋਂ ਪਿੰਡ ਅਨੈਤਪੁਰ ਵਿਖੇ ਹਰ ਰੋਜ ਬੱਚਿਆਂ ਨੂੰ ਗੁਰ ਇਤਿਹਾਸ ਪੜਾਇਆ ਜਾਂਦਾ ਹੈ। ਗੁਰਬਾਣੀ ਸੰਥਿਆ ਕਲਾਸ ਹਫਤੇ ਵਿੱਚ 3 ਦਿਨ ਲਗਾਈ ਜਾਂਦੀ ਹੈ। ਆਨਲਾਈਨ ਗੁਰਮਤਿ ਕੈਂਪ ਕਲਾਸ ਲਗਾਈ ਗਈ। ਬੱਚਿਆਂ ਵਲੋਂ ਸ਼ਾਮ ਦੇ ਦੀਵਾਨਾਂ ਦੀ ਸੇਵਾ ਨਿਭਾਈ ਜਾਂਦੀ ਹੈ। ਉਜੈਨ ਵਿੱਚ 1 ਜੂਨ ਤੋਂ 9 ਜੂਨ ਤੱਕ ਗੁਰਮਤਿ ਕੈਂਪ ਵਿੱਚ ਡਿਊਟੀ ਕੀਤੀ ਗਈ। 2 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ।

**7. ਪਟਿਆਲਾ (88378-04927)-** ਪ੍ਰਚਾਰਕ ਬੀਬੀ ਸੁਖਮਨੀ ਕੌਰ ਵਲੋਂ 1 ਜੂਨ ਤੋਂ 8 ਜੂਨ ਤੱਕ ਉਜੈਨ ਵਿਖੇ ਗੁਰਮਤਿ ਕੈਂਪ ਵਿੱਚ ਡਿਊਟੀ ਕੀਤੀ ਗਈ। ਸਵੇਰ ਅਤੇ ਸ਼ਾਮ ਦੇ ਦੀਵਾਨਾਂ ਦੀ ਡਿਊਟੀ ਕੇਂਦਰ ਦੇ ਬੱਚਿਆਂ ਵਲੋਂ ਕੀਤੀ ਜਾਂਦੀ ਹੈ। ਹਰ ਰੋਜ ਦਸਤਾਰ ਸਿਖਲਾਈ ਤੇ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਜੂਨ ਮਹੀਨੇ ਵਿੱਚ ਆਨਲਾਈਨ ਗੁਰਮਤਿ ਕੈਂਪ ਵੀ ਲਗਾਏ ਗਏ। 23 ਤੋਂ 28 ਜੂਨ ਤੱਕ ਅਨੰਦਪੁਰ ਸਾਹਿਬ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ, ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ ਅਤੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਵੱਖ-ਵੱਖ ਪਿੰਡਾਂ ਦੇ ਸਕੂਲਾਂ ਵਿੱਚ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 2 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ, 2 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ ਅਤੇ 1 ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**8. ਗੁੱਜਰਵਾਲ (94655-66666)-** ਕੇਂਦਰ ਦੇ ਪ੍ਰਚਾਰਕ ਭਾਈ ਅਮਰਪ੍ਰੀਤ ਸਿੰਘ ਗੁੱਜਰਵਾਲ ਵਲੋਂ ਭਗਤ ਰਵਿਦਾਸ ਜੀ ਗੁਰਦੁਆਰਾ ਸਾਹਿਬ ਰਾਏਕੋਟ, ਟਾਹਲੀ ਸਾਹਿਬ ਰਾਏਕੋਟ, ਗੁਰਦੁਆਰਾ ਪਾ: ਛੇਵੀਂ ਮੁਲਾਂਪੁਰ, ਗੁਰਦੁਆਰਾ ਭਗਤ ਰਵਿਦਾਸ ਜੀ ਗਹਿਲਾਂ ਵਿੱਚ ਗੁਰਮਤਿ ਕੈਂਪ ਲਗਾਏ ਗਏ। ਵੱਖ-ਵੱਖ ਪਿੰਡਾਂ ਵਿੱਚ ਹੋਏ ਸਮਾਗਮਾਂ ਵਿੱਚ ਕਥਾ-ਵਿਚਾਰਾਂ ਕੀਤੀਆਂ ਗਈਆਂ। ਮੰਡੀ ਅਹਿਮਦਗੜ੍ਹ, ਕਾਲਖ, ਲਤਾਲਾ ਵਿਖੇ ਬੱਚਿਆਂ ਦੇ ਮੁਕਾਬਲਿਆਂ ਤੇ ਜੱਜਮੈਂਟ ਅਤੇ ਲੈਕਚਰ ਦੀ ਸੇਵਾ ਨਿਭਾਈ ਗਈ। ਖਮਾਣੋ ਅਤੇ ਪਾਇਲ ਗੁਰਮਤਿ ਕੈਂਪ ਵਿੱਚ ਬੱਚਿਆਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ। 20 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ ਇੱਕ ਬੱਚੇ ਨੇ ਐਲੀਮੈਂਟਰੀ ਕੋਰਸ ਸ਼ੁਰੂ ਕੀਤਾ ਹੈ।

**9. ਗਰੇਸ ਪਬਲਿਕ ਸਕੂਲ (98149-25551)-** ਪ੍ਰਚਾਰਕ ਬੀਬੀ ਪਰਮਜੀਤ ਕੌਰ ਵਲੋਂ ਗਰੇਸ ਪਬਲਿਕ ਸਕੂਲ ਵਿਖੇ ਇੱਕ ਹਫਤਾ ਗੁਰਮਤਿ ਕੈਂਪ ਲਗਾਇਆ ਗਿਆ, ਜਿਸ ਵਿੱਚ ਬੱਚਿਆਂ ਨੂੰ ਗੁਰਮਤਿ ਵਿਦਿਆ, ਨੈਤਿਕ ਵਿਦਿਆ ਅਤੇ ਇਤਿਹਾਸ ਤੋਂ ਜਾਣੂ ਕਰਵਾਇਆ ਗਿਆ। ਹਰ ਰੋਜ ਬੱਚਿਆਂ ਨੂੰ ਜਪੁਜੀ ਸਾਹਿਬ ਦਾ ਪਾਠ ਕਰਵਾਇਆ ਜਾਂਦਾ ਸੀ। ਗੁਰਮਤਿ ਨਾਲ ਸੰਬੰਧਿਤ ਛੋਟੀਆਂ ਛੋਟੀਆਂ ਖੇਡਾਂ ਵੀ ਕਰਵਾਈਆਂ ਗਈਆਂ। ਇਸ ਤੋਂ ਇਲਾਵਾ ਗੁਰਦੁਆਰਾ ਫਤਹਿ ਸਿੰਘ ਨਗਰ ਸ਼ਿਮਲਾਪੁਰੀ ਵਿਖੇ 1 ਜੂਨ ਤੋਂ 10 ਜੂਨ ਤੱਕ ਗੁਰਮਤਿ ਕੈਂਪ ਲਗਾਇਆ ਗਿਆ, ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ ਇਤਿਹਾਸ ਤੋਂ ਜਾਣੂ ਕਰਵਾਇਆ ਗਿਆ। 10 ਬੱਚਿਆਂ ਨੇ ਸਹਿਜ ਪਾਠ ਦੀ ਸਮਾਪਤੀ ਕੀਤੀ ਹੈ, 123 ਬੱਚੇ ਸਹਿਜ ਪਾਠ ਕਰ ਰਹੇ ਹਨ, 11 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 4 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**10. ਖਨਾਲ ਖੁਰਦ (62390-80242)-** ਪ੍ਰਚਾਰਕ ਭਾਈ ਕੁਲਦੀਪ ਸਿੰਘ ਵਲੋਂ ਖਨਾਲ ਖੁਰਦ ਦੇ ਗੁਰਦੁਆਰਾ ਸਾਹਿਬ ਵਿਖੇ ਸਵੇਰੇ ਨਿਤਨੇਮ ਅਤੇ ਕਥਾ-ਵੀਚਾਰ ਕੀਤੀ ਜਾਂਦੀ ਹੈ। ਸਵੇਰੇ 11 ਤੋਂ 12.30 ਵਜੇ ਤੱਕ ਮਾਤਾਵਾਂ ਦੀ

ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਸ਼ਾਮ ਨੂੰ 4 ਤੋਂ 5 ਵਜੇ ਤੱਕ ਛੋਟੇ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 5 ਤੋਂ 6 ਵਜੇ ਤੱਕ ਵੱਡੇ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਬੱਚੇ ਸਹਿਜ ਪਾਠ ਕਰ ਰਹੇ ਹਨ, 3 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 3 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**ਦੁਆਬਾ**

**11. ਚੱਕ ਕਲਾਂ (75088-51496)-** ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 4 ਪਿੰਡਾਂ ਵਿੱਚ ਅਤੇ ਸੈਂਟ ਜੋਨਸ ਅਕੈਡਮੀ (ਸਕੂਲ) ਸ਼ੰਕਰ ਵਿਖੇ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਦੀ ਸਿਖਿਆ ਦੇ ਰਹੇ ਹਨ। ਕੇਂਦਰ ਦੇ ਦੋ ਗੁਰਦੁਆਰਿਆਂ ਵਿਖੇ ਗੁਰਮਤਿ ਦੀ ਕਲਾਸ ਤੇ ਗੁਰਦੁਆਰਾ



ਸਿੰਘ ਸਭਾ ਵਿਖੇ ਕੀਰਤਨ ਕਲਾਸ ਦੇ ਨਾਲ ਨਾਲ ਗਤਕੇ ਦੀ ਕਲਾਸ ਵੀ ਲਗਾਈ ਜਾਂਦੀ ਹੈ। 16 ਜੂਨ ਨੂੰ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਦੇ ਸੰਬੰਧ ਵਿੱਚ ਭਾਈ ਸਾਹਿਬ ਵਲੋਂ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ ਅਤੇ ਸੰਗਤ ਵਲੋਂ ਰੱਖੇ ਹੋਏ 6 ਸਹਿਜ ਪਾਠਾਂ ਦੀ ਸਮਾਪਤੀ ਕੀਤੀ ਗਈ ਅਤੇ 8 ਸਹਿਜ ਪਾਠਾਂ ਦੀ ਆਰੰਭਤਾ ਕੀਤੀ ਗਈ। 17 ਜੂਨ ਤੋਂ 21 ਜੂਨ ਤੱਕ ਪੰਜ ਦਿਨਾਂ ਦਾ ਗੁਰਮਤਿ ਸਿਖਲਾਈ ਕੈਂਪ ਕੇਂਦਰ ਵਿਖੇ ਲਗਾਇਆ ਗਿਆ, ਜਿਸ ਵਿੱਚ 8-10 ਪਿੰਡਾਂ ਦੇ ਬੱਚਿਆਂ ਤੇ ਸੰਗਤ ਨੇ ਵੱਡੀ ਗਿਣਤੀ ਵਿੱਚ ਹਾਜਰੀ ਭਰੀ। ਕੈਂਪ ਦੌਰਾਨ ਬੱਚਿਆਂ ਦੇ ਗੁਰਮਤਿ ਮੁਕਾਬਲੇ, ਗੁਰਬਾਣੀ ਕੰਠ ਮੁਕਾਬਲੇ ਅਤੇ ਦਸਤਾਰ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਅਵੱਲ ਦਰਜੇ ਤੇ ਆਉਣ ਵਾਲੇ ਬੱਚਿਆਂ ਨੂੰ ਵਿਸ਼ੇਸ ਤੌਰ ਤੇ ਅਤੇ ਨਾਲ ਹੀ ਸਾਰੇ ਬੱਚਿਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਭਾਈ ਨਛੱਤਰ ਸਿੰਘ ਆਪਣੀ ਟੀਮ ਨਾਲ ਇਸ ਕੈਂਪ ਵਿੱਚ ਹਾਜਰੀ ਭਰੀ ਅਤੇ ਉਨ੍ਹਾਂ ਦੀ ਟੀਮ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਪਿੰਡ ਹੇਰਾਂ ਅਤੇ ਪਿੰਡ ਚੱਕ ਖੁਰਦ ਵਿਖੇ ਵੱਡੀ ਸੰਗਤ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ ਅਤੇ ਬੱਚਿਆਂ ਦੇ ਮਾਪਿਆਂ ਨਾਲ ਮੀਟਿੰਗ ਕੀਤੀ ਗਈ।

**12. ਚੱਕ ਸਿੰਘਾ (98553-99892)-** ਪ੍ਰਚਾਰਕ ਭਾਈ ਪ੍ਰਭਸ਼ਰਨਜੀਤ ਸਿੰਘ ਵਲੋਂ ਗੁਰਦੁਆਰਾ ਸਾਹਿਬ ਵਿਖੇ ਹਰ ਰੋਜ਼ ਸਵੇਰੇ-ਸ਼ਾਮ ਨਿਤਨੇਮ ਅਤੇ ਕਥਾ-ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ। ਹਰ ਰੋਜ ਗੁਰਦੁਆਰਾ ਸਾਹਿਬ ਵਿਖੇ ਬੱਚਿਆਂ ਦੀ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਗੁਰਦੁਆਰਾ ਸਾਹਿਬ ਵਿੱਚ ਹਰ ਵੀਰਵਾਰ ਨੂੰ ਗੁਰਮਤਿ ਸਮਾਗਮ ਕੀਤਾ ਜਾਂਦਾ ਹੈ। ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵੱਖ-ਵੱਖ ਪਿੰਡਾਂ ਵਿੱਚ ਕਥਾ ਵਿਚਾਰਾਂ ਕੀਤੀਆਂ ਗਈਆਂ।

**13. ਸ੍ਰੀ ਗੁਰੂ ਸਿੰਘ ਸਭਾ ਗੁਰਮਤਿ ਪ੍ਰਚਾਰ ਕੇਂਦਰ (ਨਵਾਂ ਸ਼ਹਿਰ) (87290-86035)-** ਪ੍ਰਚਾਰਕ ਭਾਈ ਸਿਮਰਪ੍ਰੀਤ ਸਿੰਘ ਵਲੋਂ ਮਈ ਜੂਨ ਦੇ ਮਹੀਨੇ ਦੌਰਾਨ 12 ਸਕੂਲਾਂ ਵਿੱਚ ਅਤੇ 5 ਪਿੰਡਾਂ ਵਿੱਚ ਗੁਰਮਤਿ ਕੈਂਪ ਲਗਾਏ ਗਏ, ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਗਈ ਹੈ। ਸਕੂਲ ਆਰੰਭ ਹੋਣ 'ਤੇ ਦੁਬਾਰਾ ਸਕੂਲਾਂ ਦੀਆਂ ਕਲਾਸਾਂ ਆਰੰਭ ਕੀਤੀਆਂ ਗਈਆਂ ਹਨ। ਕੇਂਦਰ ਵਿਖੇ ਰੋਜਾਨਾ ਬੱਚਿਆਂ ਦੀ ਗੁਰਮਤਿ ਅਤੇ ਗਤਕਾ ਕਲਾਸ ਲਗਾਈ ਜਾਂਦੀ ਹੈ। 5 ਬੱਚੇ ਸਹਿਜ ਪਾਠ ਕਰ ਰਹੇ ਹਨ, ਇੱਕ ਬੱਚੇ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 3 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**14. ਭੋਗਪੁਰ (99148-38148)-** ਪ੍ਰਚਾਰਕ ਭਾਈ ਸੁਖਦੀਪ ਸਿੰਘ ਵਲੋਂ ਪਿੰਡ ਬੱਸੀ ਅਤੇ ਦਸ਼ਮੇਸ਼ ਨਗਰ ਟਾਂਡਾ ਵਿੱਚ 6-6 ਦਿਨਾਂ ਦੇ ਗੁਰਮਤਿ ਸਿਖਲਾਈ ਕੈਂਪ ਲਗਾਏ ਗਏ, ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਪਿੰਡ ਸਨੌਰਾ, ਲੁਹਾਰਾ ਅਤੇ ਡੱਲੀ ਵਿਖੇ ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਨੂੰ ਸਮਰਪਿਤ ਸਮਾਗਮਾਂ ਵਿੱਚ ਕਥਾ-ਵੀਚਾਰ ਕੀਤੀ ਗਈ। ਸ: ਮੋਹਨ ਸਿੰਘ ਜੀ ਦੇ ਗ੍ਰਹਿ ਵਿਖੇ ਗੁਰੂ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ, ਜਿਸ ਵਿੱਚ ਵੀਰ ਸੁਖਵਿੰਦਰ ਸਿੰਘ ਜੀ ਦਦੇਹਰ ਵਲੋਂ ਕਥਾ ਵੀਚਾਰ ਕੀਤੀ ਗਈ। ਮਾਤਾ ਗੁਰਬਚਨ ਕੌਰ (ਪਿੰਡ ਸਨੌਰਾ) ਦੀ ਅੰਤਿਮ ਅਰਦਾਸ ਮੌਕੇ ਕਥਾ ਵੀਚਾਰ ਕੀਤੀ ਗਈ। 2 ਬੱਚੇ ਸਹਿਜ ਪਾਠ ਕਰ ਰਹੇ ਹਨ।

**15. ਇੰਦਣਾ ਕਲਾਸਕੇ (79731-15345)-** ਪ੍ਰਚਾਰਕ ਭਾਈ ਮੰਗਲਜੀਤ ਸਿੰਘ ਵਲੋਂ ਕੇਂਦਰ ਵਿਖੇ ਸਵੇਰੇ ਸ਼ਾਮ ਨਿਤਨੇਮ ਕੀਤਾ ਜਾਂਦਾ ਹੈ ਅਤੇ ਸਵੇਰੇ ਕਥਾ ਵੀਚਾਰ ਦੀ ਸੇਵਾ ਨਿਭਾਈ ਜਾਂਦੀ ਹੈ। ਐਤਵਾਰ ਅਤੇ ਸੋਮਵਾਰ ਨੂੰ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 6 ਜੂਨ ਨੂੰ ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**ਪੰਜਾਬ ਤੋਂ ਬਾਹਰ ਦੇ ਕੇਂਦਰ-**

**16. ਸਿੰਬਲ ਕੈਂਪ (ਜੰਮੂ) (90865-31984)-** ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਸਵੇਰੇ 9 ਵਜੇ ਤੋਂ 10.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਸਿੰਘਪੁਰਾ ਮੁਰਾਲੀਆਂ ਵਿਖੇ, 12 ਵਜੇ ਤੋਂ 1.30 ਵਜੇ ਤੱਕ ਗੁਰਦੁਆਰਾ ਸਾਹਿਬ ਮਮਕਾ ਵਿਖੇ, 4 ਵਜੇ ਤੋਂ 5.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਫਿੰਦੜ ਆਰ. ਐਸ. ਪੁਰਾ ਵਿਖੇ ਬੱਚਿਆਂ ਦੀ ਗੁਰਮਤਿ ਦੀ ਸਭਾ ਲਗਾਈ ਗਈ ਅਤੇ ਨਾਲ ਹੀ ਗੁਰਬਾਣੀ ਦੀ ਸੰਥਿਆ ਵੀ ਕਰਵਾਈ ਜਾਂਦੀ ਹੈ।

**17. ਜਮਸ਼ੇਦਪੁਰ (ਟਾਟਾ ਨਗਰ)-** ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਜੈਮਕੋ ਅਜਾਦ ਬਸਤੀ ਵਿਖੇ ਭਾਈ ਸਾਹਿਬ ਵਲੋਂ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

**18. ਜਰਮਨ (00491631892161)-** ਪ੍ਰਚਾਰਕ ਭਾਈ ਸੰਦੀਪ ਸਿੰਘ ਖਾਲੜਾ ਜੀ ਵਲੋਂ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸੰਗਤ ਦੀਆਂ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ।

**19. ਦੁਰਗ (ਛੱਤੀਸਗੜ੍ਹ) (98821-42424)-** ਪ੍ਰਚਾਰਕ ਭਾਈ ਕੰਵਲਪ੍ਰੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਾਨਕ ਪਥ, ਦੁਰਗ ਛੱਤੀਸਗੜ੍ਹ ਵਿਖੇ ਰੋਜਾਨਾ ਅੰਮ੍ਰਿਤ ਵੇਲੇ ਹੁਕਮਨਾਮਾ ਸਾਹਿਬ ਦੀ ਵਿਚਾਰ ਕੀਤੀ ਜਾਂਦੀ ਹੈ। ਬੱਚਿਆਂ ਨੂੰ ਦਸਤਾਰ ਦੀ ਸਿਖਲਾਈ ਅਤੇ ਗਤਕੇ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ।

**20. ਇੰਫਾਲ (ਮਨੀਪੁਰ)-** ਪ੍ਰਚਾਰਕ ਭਾਈ ਜਗਦੀਪ ਸਿੰਘ ਸੈਦਪੁਰ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ।

-0-

# ਪੰਜਾਬ ਅਤੇ ਭਾਰਤ ਦੇ ਹੋਰ ਪਿੰਡ/ਸ਼ਹਿਰਾਂ ਵਿਚ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਵੱਡੀ ਗਿਣਤੀ ਵਿਚ ਕੈਂਪ ਲਗਾਏ ਗਏ ਜਿਸ ਵਿਚ ਸੈਂਕੜੇ ਬੱਚਿਆਂ ਨੇ ਭਾਗ ਲਿਆ।


ਕੇਂਦਰ ਚੱਕ ਸਿੰਘਾ ਦੇ ਪਿੰਡ ਪਨਾਮ ਵਿਖੇ ਗੁਰਸੇਵਾ ਸੀ.ਸੈ. ਸਕੂਲ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ।


ਕੇਂਦਰ ਨਵਾਂਸ਼ਹਿਰ ਦੇ ਪਿੰਡ ਉਸਮਾਨਪੁਰ ਵਿਖੇ ਲੱਗੇ ਗੁਰਮਤਿ ਕੈਂਪ ਵਿਚ ਬੱਚੇ ਭਾਗ ਲੈਂਦੇ ਹੋਏ।


ਪਿਲਖਣੀ (ਰਾਜਪੁਰਾ) ਵਿਖੇ ਲੱਗੇ ਗੁਰਮਤਿ ਕੈਂਪ ਦੌਰਾਨ ਵੱਡੇ ਗਿਣਤੀ 'ਚ ਸੰਗਤ ਨੇ ਹਿੱਸਾ ਲਿਆ


ਧਿੰਗੜ (ਬਠਿੰਡਾ) ਵਿਖੇ ਲੱਗੇ ਗੁਰਮਤਿ ਕੈਂਪ ਦੌਰਾਨ ਵੱਡੇ ਗਿਣਤੀ 'ਚ ਬੱਚਿਆਂ ਨੇ ਭਾਗ ਲਿਆ।


ਬਠਿੰਡਾ ਸ਼ਹਿਰ ਦੇ ਗੁਰਦੁਆਰਾ ਭਾਈ ਜਗਤਾ ਜੀ ਵਿਖੇ ਲੱਗੇ ਕੈਂਪ ਉਪਰੰਤ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ।


ਪਿੰਡ ਪਚੌਰੀ, ਬੁਰਹਾਨਪੁਰ (ਮੱਧ ਪ੍ਰਦੇਸ਼) ਵਿਖੇ ਲੱਗੇ ਗੁਰਮਤਿ ਕੈਂਪ ਵਿਚ ਭਾਗ ਲੈ ਰਹੇ ਬੱਚੇ।



ਪਿਛਲੇ ਦਿਨੀਂ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਿਖੇ ਵਿਦਿਆਰਥੀਆਂ ਦੇ ਨਵੇਂ ਬੈਚ (30ਵੇਂ) ਦੀ ਆਰੰਭਤਾ ਕੀਤੀ ਗਈ।

RNI No.: PUNMUL/2019/78309 Postal Regd. No.: L-6/PB/LDC/805/2024-26 (31-12-2026) Postal Date: 5th of every month

**ਇੰਟਰਨੈਸ਼ਨਲ ਸਿੱਖ ਪ੍ਰਚਾਰਕ, ਮਾਝੇ ਦੀ ਸ਼ਾਨ ਭਾਈ ਸਰਬਜੀਤ ਸਿੰਘ ਧੂੰਦਾ ਯੂਰਪ ਫੇਰੀ ਦੌਰਾਨ ਜਰਮਨੀ, ਇਟਲੀ ਅਤੇ ਸਪੇਨ ਦੇ ਗੁਰਦੁਆਰਿਆਂ ਵਿਚ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ। ਭਾਈ ਸਾਹਿਬ ਨੂੰ ਜਰਮਨੀ ਦੀ ਸੰਗਤ ਵਲੋਂ ਗੋਲਡ ਮੈਡਲ ਨਾਲ ਸਨਮਾਨਤ ਕੀਤਾ ਗਿਆ।**













